ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 No. 468 April 28, 2025 E-mail : info@pardestimes.com Ph 510-938-7771

## ਪਾਕਿਸਤਾਨ ਵੱਲੋਂ ਸ਼ਿਮਲਾ ਸਮਝੌਤਾ ਰੱਦ ਕਰਨ 'ਤੇ ਵਿਚਾਰ

ਨਵੀਂ ਦਿੱਲੀ- ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਨੇ ਆਖਰਕਾਰ ਭਾਰਤ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ। ਭਾਰਤ ਸਰਕਾਰ ਵੱਲੋਂ ਚੁੱਕੇ ਗਏ ਸਖ਼ਤ ਕਦਮਾਂ ਤੋਂ ਭੜਕੇ ਪਾਕਿਸਤਾਨ ਨੇ ਵੀਰਵਾਰ ਨੂੰ 1972 ਦੇ ਸ਼ਿਮਲਾ



ਸਮਝੌਤੇ ਨੂੰ ਰੱਦ ਕਰਨ ਦੀ ਧਮਕੀ ਦਿੱਤੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਵੀਰਵਾਰ ਨੂੰ ਸ਼ਿਮਲਾ ਸਮਝੌਤੇ ਤੋਂ ਪਿੱਛੇ ਹਟਣ 'ਤੇ ਵਿਚਾਰ ਕਰਨ ਲਈ ਰਾਸ਼ਟਰੀ ਸੁਰੱਖਿਆ ਕਮੇਟੀ ਦੀ ਐਮਰਜੈਂਸੀ ਮੀਟਿੰਗ ਬੁਲਾਈ। ਇਹ 1971 ਦੇ ਭਾਰਤ-ਪਾਕਿਸਤਾਨ ਯੁੱਧ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਹੋਈ ਇੱਕ ਸ਼ਾਂਤੀ ਸੰਧੀ ਸੀ। ਇਸ ਸਮਝੌਤੇ (ਸਿਮਲਾ ਸਮਝੌਤੇ) ਦੇ ਤਹਿਤ ਹੀ ਜੰਗਬੰਦੀ ਖੇਤਰ ਨੂੰ ਕੰਟਰੋਲ ਰੇਖਾ ਮੰਨਿਆ ਗਿਆ ਸੀ। ਪਰ ਪਾਕਿਸਤਾਨ ਦੇ ਘਬਰਾਏ ਹੋਏ ਕਦਮ ਨੇ ਭਾਰਤ ਲਈ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਤੱਕ ਪਹੁੰਚਣਾ ਆਸਾਨ ਬਣਾ ਦਿੱਤਾ ਹੈ।

ਸ਼ਿਮਲਾ ਸਮਝੌਤੇ ਦੇ ਖਤਮ ਹੋਣ ਤੋਂ ਬਾਅਦ, ਪਾਕਿਸਤਾਨ ਕਸ਼ਮੀਰ ਮੁੱਦਾ ਅੰਤਰਰਾਸ਼ਟਰੀ ਮੰਚਾਂ 'ਤੇ ਉਠਾ ਸਕਦਾ ਹੈ। ਇਸ ਦੇ ਨਾਲ ਹੀ, ਉਹ ਤੀਜੀ ਧਿਰ ਯਾਨੀ ਚੀਨ ਅਤੇ ਇਸਲਾਮਿਕ ਸਹਿਯੋਗ ਸੰਗਠਨ ਨੂੰ ਕਸ਼ਮੀਰ ਮੁੱਦੇ 'ਤੇ ਦਖਲ ਦੇਣ ਦੀ ਬੇਨਤੀ ਕਰਨਗੇ। ਸਮਝੌਤੇ ਦੇ ਖਤਮ ਹੋਣ ਨਾਲ ਕੂਟਨੀਤਕ ਅਤੇ ਫੌਜੀ ਅਸਥਿਰਤਾ ਦਾ ਰਾਹ ਖੁੱਲ੍ਹ ਸਕਦਾ ਹੈ। ਇਸ ਨਾਲ ਖੇਤਰੀ ਸਥਿਤੀ ਕਮਜ਼ੋਰ ਹੋ ਸਕਦੀ ਹੈ। ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਦੀਆਂ ਸੰਭਾਵਨਾਵਾਂ ਵੀ ਖਤਮ ਹੋ ਜਾਣਗੀਆਂ। ਹਾਲਾਂਕਿ, ਭਾਰਤ ਸਰਕਾਰ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਅੱਤਵਾਦ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਜੇਕਰ ਪਾਕਿਸਤਾਨ ਸ਼ਿਮਲਾ ਸਮਝੌਤਾ ਤੋੜਨ ਦਾ ਰਸਮੀ ਐਲਾਨ ਵੀ ਕਰ ਦਿੰਦਾ ਹੈ, ਤਾਂ ਵੀ ਉਸਨੂੰ ਕੋਈ ਲਾਭ ਨਹੀਂ ਮਿਲੇਗਾ। ਸਮਝੌਤੇ ਰਾਹੀਂ, ਦੋਵਾਂ ਦੇਸ਼ਾਂ ਨੇ ਫੈਸਲਾ ਕੀਤਾ ਸੀ ਕਿ ਕਿਸੇ ਵੀ ਵਿਵਾਦ ਨੂੰ ਆਪਸੀ ਗੱਲਬਾਤ ਰਾਹੀਂ ਹੱਲ ਕੀਤਾ ਜਾਵੇਗਾ। ਭਾਰਤ-ਪਾਕਿਸਤਾਨ ਯੁੱਧ ਦੌਰਾਨ 90,000 ਪਾਕਿਸਤਾਨੀ ਸੈਨਿਕਾਂ ਨੂੰ ਕੈਦੀ ਬਣਾਇਆ ਗਿਆ ਸੀ। ਉਸੇ ਸਮੇਂ, ਪਾਕਿਸਤਾਨ ਨੇ ਬਹੁਤ ਸਾਰੇ ਭਾਰਤੀ ਸੈਨਿਕਾਂ ਨੂੰ ਬੰਦੀ ਬਣਾ ਲਿਆ ਸੀ। ਸਮਝੌਤੇ ਤੋਂ ਬਾਅਦ, ਦੋਵਾਂ ਦੇਸ਼ਾਂ ਦੇ ਬੰਧਕਾਂ ਨੂੰ ਰਿਹਾਅ ਕਰ ਦਿੱਤਾ ਗਿਆ।

# ਪਹਿਲਗਾਮ ਦਹਿਸ਼ਤਗਰਦ ਹਮਲੇ ਦੇ ਖਿਲਾਫ ਪੂਰੀ ਦੁਨੀਆਂ ਵਿਚ ਰੋਸ

## ਭਾਰਤ-ਪਾਕਿਸਤਾਨ ਵਿਚਕਾਰ ਫਿਰ ਖਿੱਚੀਆਂ ਤਲਵਾਰਾਂ, ਜੰਗ ਦੇ ਬੱਦਲ ਮੰਡਰਾਏ


ਸ਼੍ਰੀਨਗਰ- ਕਸ਼ਮੀਰ ਦੇ ਪਹਿਲਗਾਮ ਵਿਚ ਘੁੰਮਣ-ਫਿਰਨ ਗਏ ਸੈਲਾਨੀਆਂ ਉਤੇ ਬੇਰਹਿਮ ਦਹਿਸ਼ਤਗਰਦ ਹਮਲੇ ਦੇ ਖਿਲਾਫ ਪੂਰੀ ਦੁਨੀਆਂ ਵਿਚ ਰੋਸ ਅਤੇ ਗੁੱਸੇ ਦੀ ਲਹਿਰ ਫੈਲ ਗਈ ਹੈ। ਭਾਰਤ ਨੇ ਫਿਲਹਾਲ ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਰੋਕ ਦਿੱਤਾ ਹੈ ਅਤੇ ਪਾਕਿਸਤਾਨੀ ਨਾਗਰਿਕਾਂ ਨੂੰ ਭਾਰਤ ਵਿਚੋਂ ਕੱਢਣਾ ਆਰੰਭ ਕਰ



ਦਿੱਤਾ ਹੈ। ਭਾਰਤੀ ਫੌਜ ਵੱਲੋਂ ਯੁੱਧ ਦੀਆਂ ਤਿਆਰੀਆਂ ਆਰੰਭ ਹੋ ਗਈਆਂ ਹਨ। ਯੁੱਧ ਦੀਆਂ ਸੰਭਾਵਨਾਵਾਂ ਨੂੰ ਦੇਖਦਿਆਂ ਛੁੱਟੀ ਗਏ ਫੌਜੀਆਂ ਨੂੰ ਵਾਪਸ ਬੁਲਾ ਲਿਆ ਗਿਆ ਹੈ। ਹਾਲਾਂਕਿ ਇਸ ਦਹਿਸ਼ਤਗਰਦ ਹਮਲੇ ਪਿੱਛੇ ਪਾਕਿਸਤਾਨ ਦਾ ਸਿੱਧਾ ਜਾਂ ਅਸਿੱਧਾ ਹੱਥ ਹੈ, ਫਿਲਹਾਲ ਕੁਝ ਨਹੀਂ ਕਿਹਾ ਜਾ ਰਿਹਾ ਪਰ ਦੁਨੀਆਂ ਭਰ ਵਿਚ ਫੈਲੇ ਰੋਸ ਦੇ ਮੱਦੇਨਜ਼ਰ ਕਿਸੇ ਵੱਡੀ ਕਾਰਵਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅੱਜ ਕੰਟਰੋਲ ਰੇਖਾ ਦੇ ਕੁਝ ਹਿੱਸਿਆਂ 'ਤੇ ਪਾਕਿਸਤਾਨੀ ਫੌਜ ਵੱਲੋਂ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਗਈ। ਭਾਰਤੀ ਫੌਜ ਨੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦਿੱਤਾ। ਇਸ ਮੁਕਾਬਲੇ ਵਿੱਚ ਕਿਸੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ।

### ਕਸ਼ਮੀਰ ਵਿਚ ਸਿੱਖਾਂ 'ਤੇ ਵੀ ਹੋਇਆ ਸੀ ਅਜਿਹਾ ਦਹਿਸ਼ਤੀ ਹਮਲਾ

ਬੈਸਰਨ, ਜਿੱਥੇ 25 ਸੈਲਾਨੀਆਂ ਤੇ ਇਕ ਮੁਕਾਮੀ ਵਿਅਕਤੀ ਨੂੰ ਦਹਿਸ਼ਤਗਰਦਾਂ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ, ਤੋਂ ਕਰੀਬ 50 ਕਿਲੋਮੀਟਰ ਦੀ ਦੂਰੀ 'ਤੇ ਵਸੇ ਪਿੰਡ ਚਿੱਟੀਸਿੰਘਪੁਰਾ ਦੇ ਜ਼ਖ਼ਮ 25 ਸਾਲਾਂ ਬਾਅਦ ਮੁੜ ਅੱਲੇ ਹੋ ਗਏ ਹਨ। ਅਨੰਤਨਾਗ ਜ਼ਿਲ੍ਹੇ ਦੇ ਇਸ ਸਿੱਖ ਬਹੁਗਿਣਤੀ ਵਾਲੇ ਪਿੰਡ ਨੇ 20 ਮਾਰਚ, 2000 ਨੂੰ ਭਿਆਨਕ ਕਤਲੇਆਮ ਦਾ ਸਾਹਮਣਾ ਕੀਤਾ ਸੀ। ਜਦੋਂ ਫੌਜੀ ਵਰਦੀ ਵਿੱਚ ਆਏ ਦਹਿਸ਼ਤਗਰਦਾਂ ਨੇ ਗੁਰਦੁਆਰੇ ਨੇੜੇ ਪਿੰਡ ਵਾਸੀਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਘੇਰ ਕੇ ਉਨ੍ਹਾਂ 'ਤੇ ਅੰਨ੍ਹੇਵਾਹ ਗੋਲੀਬਾਰੀ ਕੀਤੀ। ਇਸ ਕਤਲੇਆਮ ਵਿਚ 35 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ। ਜੰਮੂ ਕਸ਼ਮੀਰ ਦੇ ਹਿੰਸਕ ਇਤਿਹਾਸ ਦੇ ਸਭ ਤੋਂ ਭਿਆਨਕ ਕਤਲੇਆਮ ਵਿੱਚੋਂ ਇੱਕ ਨੇ ਸਿੱਖ ਭਾਈਚਾਰੇ, ਜਿਨ੍ਹਾਂ ਨੇ ਕਸ਼ਮੀਰੀ ਪੰਡਤਾਂ ਦੀ ਹਿਜਰਤ ਦੇ ਬਾਵਜੂਦ ਵਾਦੀ ਵਿੱਚ ਰਹਿਣ ਦੀ ਚੋਣ ਕੀਤੀ, ਵਿੱਚ ਧੁਰ ਅੰਦਰ ਤੱਕ ਡਰ ਪੈਦਾ ਕੀਤਾ। ਪਹਿਲਗਾਮ ਹਮਲੇ ਨਾਲ ਕਰੀਬ 2,000 ਦੀ ਵਸੋਂ ਵਾਲੇ ਇਸ ਪਿੰਡ, ਜਿੱਥੇ ਬਹੁਗਿਣਤੀ ਸਿੱਖ ਪਰਿਵਾਰਾਂ ਦੀ ਹੈ, ਵਿੱਚ ਅਤੀਤ ਦਾ ਦਰਦ ਅਤੇ ਦਹਿਸ਼ਤ ਮੁੜ ਉੱਭਰ ਆਈ ਹੈ। ਸਾਲ 2000 ਦੇ



ਕਤਲੇਆਮ ਦੌਰਾਨ ਇਕਲੌਤੇ ਬਚੇ 70 ਸਾਲਾ ਨਾਨਕ ਸਿੰਘ ਲਈ, ਹਾਲ ਹੀ ਵਿੱਚ ਹੋਈਆਂ ਹੱਤਿਆਵਾਂ ਨੇ, ਦੋ ਦਹਾਕੇ ਪਹਿਲਾਂ ਦੀ ਉਸ ਰਾਤ ਦੇ ਸਦਮੇ ਨੂੰ ਵਾਪਸ ਲੈ ਆਂਦਾ ਹੈ। ਉਸ ਨੇ ਆਪਣੇ ਪੁੱਤਰ ਸਮੇਤ ਆਪਣੇ ਪਰਿਵਾਰ ਦੇ ਸੱਤ ਜੀਅ ਕਤਲੇਆਮ ਵਿੱਚ ਗੁਆਏ ਸਨ।

### ਭਾਰਤੀ ਫੌਜ ਦੀ ਤਿਆਰੀ

ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਅਤੇ ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਤ੍ਰਿਪਾਠੀ ਨੇ ਰੱਖਿਆ ਮੰਤਰੀ ਨੂੰ ਪਹਿਲਗਾਮ ਅਤੇ ਪੂਰੇ ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਸਥਿਤੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ ਅਤੇ ਅੱਤਵਾਦੀਆਂ ਨੂੰ ਫੜਨ ਲਈ ਤਲਾਸ਼ੀ ਮੁਹਿੰਮ ਜਾਰੀ ਹੈ। ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਪੈਂਟਾਗਨ ਦੇ ਸਾਬਕਾ ਅਧਿਕਾਰੀ ਅਤੇ ਅਮਰੀਕਨ ਐਂਟਰਪ੍ਰਾਈਜ਼ ਇੰਸਟੀਚਿਊਟ ਦੇ ਸੀਨੀਅਰ ਫੈਲੋ ਮਾਈਕਲ ਰੂਬਿਨ ਨੇ ਅਮਰੀਕਾ ਤੋਂ ਪਾਕਿਸਤਾਨ ਨੂੰ ਅਧਿਕਾਰਤ ਤੌਰ 'ਤੇ ਅੱਤਵਾਦ ਦਾ ਸਪਾਂਸਰ ਦੇਸ਼ ਐਲਾਨਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਪਾਕਿਸਤਾਨੀ ਫ਼ੌਜ ਮੁਖੀ ਅਸੀਮ ਮੁਨੀਰ ਬਾਰੇ ਕਿਹਾ ਕਿ ਉਹ ਓਸਾਮਾ ਬਿਨ ਲਾਦੇਨ ਤੋਂ ਵੱਖਰਾ ਨਹੀਂ ਹੈ। ਰੂਬਿਨ ਨੇ ਉਸ 'ਤੇ ਅੱਤਵਾਦ ਦਾ ਸਮਰਥਨ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਲਾਦੇਨ ਵਾਂਗ, ਅਸੀਮ ਮੁਨੀਰ ਨੂੰ ਵੀ ਖਤਮ ਕੀਤਾ ਜਾਣਾ ਚਾਹੀਦਾ ਹੈ। ਰੂਬਿਨ ਨੇ ਕਿਹਾ, "ਅਮਰੀਕਾ ਨੂੰ ਇੱਕੋ ਇੱਕ ਜਵਾਬ ਦੇਣਾ ਚਾਹੀਦਾ ਹੈ ਕਿ ਪਾਕਿਸਤਾਨ ਨੂੰ ਅੱਤਵਾਦ ਦਾ ਸਪਾਂਸਰ ਰਾਜ ਐਲਾਨਿਆ ਜਾਵੇ ਅਤੇ ਅਸੀਮ ਮੁਨੀਰ ਨੂੰ ਅੱਤਵਾਦੀ ਐਲਾਨਿਆ ਜਾਵੇ।"

MST INS SERV INC
Long Haul
A Rated Market
Licensed
Washington/CA/Indiana/Texas/nevada/New Jersey
ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।



ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304

## ਪਰਦੇਸ ਟਾਇਮਜ਼

ਅਸੀਂ 'ਪਰਦੇਸ ਟਾਇਮਜ਼' ਦੇ ਪਾਠਕਾਂ ਨੂੰ ਇਹ ਜਾਣਕਾਰੀ ਦੇ ਰਹੇ ਹਾਂ ਕਿ ਬਲਬੀਰ ਸਿੰਘ ਐਮ. ਏ. (ਮੁੱਖ ਸੰਪਾਦਕ) ਦੇ ਵਿਦੇਸ਼ 'ਚ ਜਾਣ ਕਰਕੇ ਤਿੰਨ ਅਖਬਾਰਾਂ ਨਹੀਂ ਛਪਵਾ ਸਕੇ। ਹੁਣ ਤੁਹਾਨੂੰ ਲਗਾਤਾਰ ਅਖਬਾਰ ਮਿਲਦੀ ਰਹੇਗੀ।

ਕਿਰਪਾ ਕਰਕੇ ਅਖਬਾਰ ਪੜ੍ਹਨ ਲਈ ਹੀ ਲੈ ਕੇ ਜਾਇਆ ਕਰੋ। ਸੈਨਹੋਜ਼ੇ ਗੁਰੂ ਘਰ 'ਚੋਂ ਮੈਂ ਆਪ ਇਕ ਬੀਬੀ ਜੀ ਨੂੰ 15 ਦੇ ਕਰੀਬ ਅਖਬਾਰ ਚੁੱਕਦਿਆਂ ਫੜਿਆ ਸੀ। ਪੁੱਛਣ 'ਤੇ ਪਤਾ ਲੱਗਾ ਕਿ ਰਸੋਈ 'ਚ ਸ਼ੈਲਫਾਂ ਉਤੇ ਵਿਛਾਉਣ ਲਈ ਲੈ ਜਾ ਰਹੀ ਹੈ। ਅਖਬਾਰਾਂ ਪੜ੍ਹਨ ਦੇ ਇਲਾਵਾ ਚੁੱਕ ਕੇ ਲੈ ਜਾਣਾ ਜ਼ੁਰਮ ਹੈ। ਇਸ ਦੀ ਸਜ਼ਾ ਅਮਰੀਕਨ ਕੋਰਟ ਵੱਲੋਂ ਦਿੱਤੀ ਜਾ ਸਕਦੀ ਹੈ।

**-ਬਲਬੀਰ ਸਿੰਘ ਐਮ. ਏ. ਅਦਾਰਾ 'ਪਰਦੇਸ ਟਾਇਮਜ਼'**

Turning
65
Years
Old?



If you've got questions,
I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ
ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ
ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਵਿਰੋਧ ਦੇ ਬਾਵਜੂਦ ਟਰੰਪ ਪਿੱਛੇ ਨਹੀਂ ਹਟ ਰਹੇ, ਦੂਨੀਆ ਪ੍ਰੇਸ਼ਾਨ



ਸੰਜੈ ਬਾਰੂ

ਡੋਨਲਡ ਟਰੰਪ ਨੇ ਟਾਲ਼ਾ ਵੱਟ ਲਿਆ ਹੈ। ਮਾਹਿਰਾਂ ਦਾ ਖਿਆਲ ਹੈ ਕਿ ਉਸ ਵੱਲੋਂ ਟੈਰਿਫ ਲਈ ਦਿੱਤੀ ਗਈ 90 ਦਿਨਾਂ ਦੀ ਰਾਹਤ ਬੌਂਡ ਮਾਰਕਿਟ ਵਿੱਚ ਵਾਪਰੀਆਂ ਘਟਨਾਵਾਂ ਦਾ ਸਿੱਟਾ ਸੀ ਪਰ ਗੱਲ ਇਹ ਹੈ ਕਿ ਇਹ ਅਨੁਮਾਨ ਲਾਉਣ ਲਾਇਕ ਘਟਨਾਵਾਂ ਸਨ। ਇਹ ਗੱਲ ਅਜੇ ਦੇਖੀ ਜਾਵੇਗੀ ਕਿ ਚੀਨ ਦੇ ਮੁਤੱਲਕ ਰਣਨੀਤੀ ਕਿੰਨੀ ਕੁ ਦੇਰ ਕਾਇਮ ਰਹਿੰਦੀ ਹੈ। ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਸ਼ੁਮਾਰ ਪੰਗਾ ਲੈ ਕੇ ਪਿਛਾਂਹ ਹਟਣ ਵਾਲੇ ਆਗੂਆਂ ਵਿੱਚ ਨਹੀਂ ਹੁੰਦਾ। ਦੁਨੀਆ ਦੇ ਬਾਕੀ ਦੇਸ਼ਾਂ ਨਾਲ ਪੰਗੇ ਤੋਂ ਟਾਲ਼ਾ ਵੱਟ ਲੈਣ ਮਗਰੋਂ ਹੁਣ ਟਰੰਪ ਨੂੰ ਚੀਨ ਨਾਲ ਮੁੜ ਰਾਬਤਾ ਬਣਾਉਣ ਦਾ ਰਾਹ ਲੱਭਣ ਦੀ ਲੋੜ ਹੈ ਭਾਵੇਂ ਰਾਬਤੇ ਦੀਆਂ ਸ਼ਰਤਾਂ ਵਿੱਚ ਹੀ ਕੁਝ ਬਦਲਾ ਕਿਉਂ ਨਾ ਕਰਨਾ ਪਵੇ।

ਖਲਬਲੀ ਅਜਿਹੀ ਗਲੀ ਹੁੰਦੀ ਜਿਸ ਵਿੱਚ ਜਾਣ ਦਾ ਇੱਕ ਹੀ ਰਸਤਾ ਹੁੰਦਾ ਹੈ ਅਤੇ ਇਸ ਵਿੱਚ ਅਗਾਂਹ ਵਧਣ ਦਾ ਕੋਈ ਖ਼ਾਕਾ ਨਹੀਂ ਹੁੰਦਾ। ਇਹ ਕਹਿਣਾ ਕਿ ਟਰੰਪ ਅਤੇ ਉਸ ਦੇ ਮੁਸ਼ੀਰ ਕੋਈ ਯੋਜਨਾ ਤਿਆਰ ਕਰਨ ਲੱਗੇ ਹੋਏ ਹਨ, ਵਾਹ ਭਲੀ ਉਮੀਦ ਦਾ ਬਿਆਨ ਹੋ ਸਕਦੀ ਹੈ ਅਤੇ ਬਦਤਰੀਨ ਪਹਿਲੂ ਇਹ ਹੈ ਕਿ ਇਹ ਨਿਰਾ ਝੂਠ ਹੈ। ਟਰੰਪ ਦੀ ਖਲਬਲੀ ਦਾ ਦਰਮਿਆਨੇ ਕਾਲ ਦਾ ਅਸਰ ਇਹ ਹੋਵੇਗਾ ਕਿ ਅਸਥਿਰਤਾ ਵਧ ਜਾਵੇਗੀ। ਆਰਥਿਕ ਸਰਗਰਮੀ ਉਮੀਦਾਂ ’ਤੇ ਟਿਕੀ ਹੁੰਦੀ ਹੈ। ਅਸਥਿਰਤਾ ਆਸਾਂ ਨੂੰ ਹਿਲਾ ਦਿੰਦੀ ਹੈ।

ਟਰੰਪ ਵੱਲੋਂ ਐਲਾਨੀ ਗਈ 90 ਦਿਨਾਂ ਦੀ ਰਾਹਤ ਨਾਲ ਅਸਥਿਰਤਾ ਦਾ ਅਰਸਾ ਹੀ ਵਧੇਗਾ; ਇਹ ਕਿਸੇ ਵੀ ਤਰ੍ਹਾਂ ਉਸ ਬੇਯਕੀਨੀ ਨੂੰ ਖ਼ਤਮ ਨਹੀਂ ਕਰ ਸਕੇਗੀ। ਅਗਾਂਹ ਵਧਣ ਦੀ ਭਾਵਨਾ ਦੀ ਥਾਂ ਫ਼ਿਕਰ ਲੈ ਲੈਂਦੇ ਹਨ। ਵੱਖੋ-ਵੱਖਰੇ ਦੇਸ਼ਾਂ ਵੱਲੋਂ ਭਾਵੇਂ ਜੋ ਵੀ ਦਰੁਸਤੀ ਕਦਮ ਲਏ ਜਾਣ ਪਰ ਆਲਮੀ ਮੰਦੀ ਦੇ ਖਦਸ਼ੇ ਮਜ਼ਬੂਤ ਹੋ ਗਏ ਹਨ। ਆਪਣੀ ਇਸ ਖਲਬਲੀ ਭਰੀ ਟੈਰਿਫ ਨੀਤੀ ਰਾਹੀਂ ਟਰੰਪ ਨੂੰ ਦੋ ਉਦੇਸ਼ ਪੂਰੇ ਹੋਣ ਦੀ ਆਸ ਹੈ। ਪਹਿਲਾ ਹੈ, ਅਮਰੀਕੀ ਨਿਰਮਾਣ ਦੀ ਬਹਾਲੀ, ਜਿਸ ਦੇ ਨਾਲ ਬਲੂ ਕਾਲਰ ਜੌਬਜ਼ (ਫੈਕਟਰੀਆਂ ਤੇ ਵਰਕਸ਼ਾਪਾਂ ਆਦਿ ਵਿੱਚ ਔਜ਼ਾਰਾਂ ਤੇ ਮਸ਼ੀਨਰੀ ਨਾਲ ਕੰਮ ਕਰਨ ਵਾਲੇ ਕਾਮਿਆਂ ਦੀਆਂ ਨੌਕਰੀਆਂ) ਮੁੜ ਹਾਸਿਲ ਕੀਤੀਆਂ ਜਾਣ ਜੋ ਪਿਛਲੇ ਕਈ ਸਾਲਾਂ ਤੋਂ ਘਟਦੀਆਂ ਜਾ ਰਹੀਆਂ ਹਨ।

ਦੂਜਾ, ਚੀਨ ਨੂੰ ਉਸ ਆਲਮੀ ਵਪਾਰਕ ਪ੍ਰਣਾਲੀ ਦਾ ਨਾਜਾਇਜ਼ ਲਾਹਾ ਲੈਣ ਦੀ ਸਜ਼ਾ ਦੇਣਾ ਜਿਸ ਵਿੱਚ ਇਸ ਨੂੰ ਕਰੀਬ ਢਾਈ ਦਹਾਕੇ ਪਹਿਲਾਂ ਅਮਰੀਕਾ ਵੱਲੋਂ ਹੀ ਦਾਖ਼ਲਾ ਦਿਵਾਇਆ ਗਿਆ ਸੀ। ਜਿੱਥੋਂ ਤੱਕ ਟਰੰਪ ਦੇ ਘਰੋਗੀ ਸਿਆਸੀ ਸਮਰਥਨ ਆਧਾਰ ਦਾ ਸਵਾਲ ਹੈ ਤਾਂ ਇਸ ਲਈ ਪਹਿਲਾ ਉਦੇਸ਼ ਕਿਤੇ ਜ਼ਿਆਦਾ ਅਹਿਮ ਹੈ ਅਤੇ ਦੂਜਾ ਦੋਇਮ ਦਰਜੇ ਵਾਲਾ ਹੈ।

ਚੀਨ ਨੂੰ ਸੱਟ ਮਾਰਨ ਨਾਲ ਅਮਰੀਕਾ ਨੂੰ ਕੀ ਮਿਲੇਗਾ ਜੇ ਉਸ ਦੇ ਘਰ ਵਿੱਚ ਹੋਰ ਜ਼ਿਆਦਾ ਨੌਕਰੀਆਂ ਹੀ ਪੈਦਾ ਨਹੀਂ ਹੋਣਗੀਆਂ ਤੇ ਸਿਰਫ਼ ਮਹਿੰਗਾਈ ਹੀ ਵਧੇਗੀ? ਸਮੱਸਿਆ ਇਹ ਹੈ ਕਿ ਟਰੰਪ ਲਈ ਚੀਨ ਨੂੰ ਸੱਟ ਮਾਰ ਕੇ ਕੁਝ ਹੋਰ ਨਿਸ਼ਾਨੇ ਹਾਸਿਲ ਕਰਨ ਨਾਲੋਂ ਘਰੋਗੀ ਅਰਥਚਾਰੇ ਨੂੰ ਸੁਰਜੀਤ ਕਰ ਕੇ ਪਹਿਲਾ ਉਦੇਸ਼ ਹਾਸਿਲ ਕਰਨਾ ਜ਼ਿਆਦਾ ਔਖਾ ਹੋਵੇਗਾ। ਬਿਨਾਂ ਸ਼ੱਕ, ਚੀਨ ਪਹਿਲਾਂ ਹੀ ਦੋ-ਦੋ ਹੱਥ ਕਰਨ ਲਈ ਤਿਆਰ ਬੈਠਾ ਸੀ। ਪਿਛਲੇ ਦੋ ਦਹਾਕਿਆਂ ਤੋਂ ਅਮਰੀਕਾ ਵਿੱਚ ਚੀਨ ਦੀ ਭੂ-ਆਰਥਿਕ ਘੇਰਾਬੰਦੀ ਬਾਰੇ ਜਿੰਨੀਆਂ ਵੀ ਕਿਤਾਬਾਂ ਤੇ ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ, ਉਦੋਂ ਤੋਂ ਹੀ ਚੀਨੀਆਂ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਉਨ੍ਹਾਂ ਨੂੰ ਕਿਹੋ ਜਿਹੀ ਉਮੀਦ ਰੱਖਣੀ ਚਾਹੀਦੀ ਹੈ ਤੇ ਉਸ ਲਈ ਕਿਵੇਂ ਤਿਆਰੀ ਕਰਨੀ ਚਾਹੀਦੀ ਹੈ।

ਕੀ ਅਮਰੀਕਾ ਇਸ ਦਾ ਖਮਿਆਜ਼ਾ ਭੁਗਤਣ ਲਈ ਤਿਆਰ ਹੈ? ਨਿਰਮਾਣਸਾਜ਼ੀ ਨੂੰ ਸੁਰਜੀਤ ਕਰਨਾ



ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਇਸ ਵਿੱਚ ਸਮੇਂ ਦੇ ਖੱਪਿਆਂ ਦੀ ਭਰਪਾਈ ਦਾ ਸਵਾਲ ਵੀ ਜੁੜਿਆ ਹੁੰਦਾ ਹੈ। ਜੇ ਟਰੰਪ ਦੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਲਈ ਕੁਝ ਸਾਲ ਹੋਰ ਇੰਤਜ਼ਾਰ ਕਰਨਾ ਪੈ ਗਿਆ ਤਾਂ ਕੀ ਉਹ ਬੇਚੈਨ ਨਹੀਂ ਹੋ ਜਾਣਗੇ? ਥੋੜ੍ਹ ਚਿਰਾ ਦਰਦ ਅਤੇ ਦੀਰਘ ਕਾਲੀ ਲਾਭ ਸਿਆਸੀ ਤੌਰ ’ਤੇ ਵਾਰਾ ਨਹੀਂ ਖਾਂਦਾ। ਜੇ ਟਰੰਪ ਦੀ ਘਰੋਗੀ ਹਮਾਇਤ ਸੁੰਗੜ ਗਈ ਤਾਂ ਉਸ ਦੀ ਬਾਹਰੀ ਨੀਤੀ ਪ੍ਰਤੀ ਕਿਹੋ ਜਿਹੇ ਹੁੰਗਾਰੇ ਦੀ ਤਵੱਕੋ ਕੀਤੀ ਜਾਣੀ ਚਾਹੀਦੀ ਹੈ? ਇਹ ਤਾਂ ਹੋਰ ਜ਼ਿਆਦਾ ਖਲਬਲੀ ਵਾਲੀ ਗੱਲ ਹੈ।

ਪਿਛਲੇ ਹਫ਼ਤੇ ਬਹੁਤੀ ਆਲਮੀ ਸਮੀਖਿਆ ਵਪਾਰ ਅਤੇ ਟੈਰਿਫ ਦੁਆਲੇ ਹੀ ਘੁੰਮਦੀ ਰਹੀ ਹੈ ਅਤੇ ਮੀਡੀਆ ਵਿੱਚ ਜ਼ਿਆਦਾਤਰ ਕੁਮੈਂਟਰੀ ਅਰਥਸ਼ਾਸਤਰੀ ਹੀ ਕਰ ਰਹੇ ਹਨ। ਜਿਵੇਂ ਜਿਵੇਂ ਇਹ ਗਰਦ ਗੁਬਾਰ ਬੈਠੇਗੀ ਤਾਂ ਭੂ-ਰਾਜਸੀ ਵਿਸ਼ਲੇਸ਼ਕ ਅੱਗੇ ਆ ਕੇ ਸਮਝਾਉਣਗੇ ਕਿ ਟਰੰਪ ਦੀ ਇਸ ਖਲਬਲੀ ਦੇ ਕੌਮਾਂਤਰੀ ਰਿਸ਼ਤਿਆਂ ਲਈ ਕਿਹੋ ਜਿਹੇ ਦੀਰਘਕਾਲੀ ਸਿੱਟੇ ਨਿਕਲਣਗੇ। ਇਨ੍ਹਾਂ ’ਚੋਂ ਵੱਡਾ ਸਿੱਟਾ ਇਹ ਹੋ ਸਕਦਾ ਹੈ ਕਿ ਅਮਰੀਕਾ ’ਤੇ ਆਲਮੀ ਭਰੋਸਾ ਟੁੱਟ ਜਾਵੇ।

ਜੇ ਟਰੰਪ ਆਪਣੇ ਸਾਰੇ ਫ਼ੈਸਲੇ ਤੇ ਬੋਲ-ਕੁਬੋਲ ਵਾਪਸ ਲੈ ਵੀ ਲੈਂਦਾ ਹੈ - ਜਿਸ ਤਰ੍ਹਾਂ ਉਹ ਦਾਅਵਾ ਕਰ ਰਿਹਾ ਹੈ ਕਿ ਦੁਨੀਆ ਭਰ ਦੇ ਆਗੂ ਉਸ ਦੀ ਖ਼ੁਸ਼ਾਮਦ ’ਚ ਲੱਗੇ ਹੋਏ ਹਨ -ਤਾਂ ਵੀ ਸੰਸਾਰ ਦੇ ਕੁਝ ਕੁ ਨੇਤਾ ਹੀ ਭਵਿੱਖ ਵਿੱਚ ਟਰੰਪ ਪ੍ਰਸ਼ਾਸਨ ’ਤੇ ਭਰੋਸਾ ਕਰ ਸਕਣਗੇ।

ਉਨ੍ਹਾਂ ਮੁਲਕਾਂ ਨੂੰ ਦੇਖੋ ਜਿਨ੍ਹਾਂ ਨੂੰ ਟਰੰਪ ਨੇ ਖੁੱਲ੍ਹੇਆਮ ਨਿਸ਼ਾਨਾ ਬਣਾਇਆ ਹੈ ਤੇ ਪ੍ਰਤੱਖ ਤੌਰ ’ਤੇ ਅਮਰੀਕਾ ਤੋਂ ਦੂਰ ਕੀਤਾ ਹੈ। ਇਹ ਮੁਲਕ ਹਨ: ਕੈਨੇਡਾ, ਮੈਕਸਿਕੋ, ਡੈਨਮਾਰਕ, ਦੱਖਣੀ ਅਫ਼ਰੀਕਾ। ਫੇਰ ਉਹ ਦੇਸ਼ ਹਨ ਜਿਨ੍ਹਾਂ ਦੇ ਨੇਤਾ ਟਰੰਪ ਦੀ ਜਨਤਕ ਤੌਰ ’ਤੇ ਆਲੋਚਨਾ ਕਰਨ ਦੀ ਹਿੰਮਤ ਤੇ ਇੱਛਾ ਰੱਖਦੇ ਹਨ - ਬ੍ਰਾਜ਼ੀਲ, ਕੋਲੰਬੀਆ, ਜਰਮਨੀ, ਫਰਾਂਸ, ਸਿੰਗਾਪੁਰ, ਨਾਮੀਬੀਆ, ਆਸਟਰੇਲੀਆ ਤੇ ਹੋਰ। ਇਹ ਵਰਤਾਰਾ, ਹਾਲਾਂਕਿ ਟਰੰਪ ਪ੍ਰਤੀ ਆਲਮੀ ਮਾਯੂਸੀ ਤੇ ਨਾਪਸੰਦਗੀ ਨੂੰ ਪੂਰੀ ਤਰ੍ਹਾਂ ਉਜਾਗਰ ਨਹੀਂ ਕਰਦਾ। ਯੂਰੋਪੀਅਨ ਯੂਨੀਅਨ ਵੰਡੀ ਹੋਈ ਹੈ, ਪਰ ਜ਼ਿਆਦਾਤਰ ਦੇਸ਼ ਹੁਣ ਅਮਰੀਕਾ ’ਤੇ ਯਕੀਨ ਨਹੀਂ ਕਰਦੇ।

ਯੂਰੋਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੌਨ ਡੇਰ ਲੇਯੇਨ ਨੇ ਟਰੰਪ ਵੱਲੋਂ ਫ਼ੈਸਲੇ ’ਤੇ ਅਮਲ ਫਿਲਹਾਲ ਰੋਕਣ ਦਾ ਸਵਾਗਤ ਕੀਤਾ ਹੈ ਅਤੇ ਯੂਰੋਪੀਅਨ ਯੂਨੀਅਨ ’ਚ ਪਹਿਲਾਂ ਨਾਲੋਂ ਵੱਧ ਅੰਦਰੂਨੀ ਵਪਾਰਕ ਤਾਲਮੇਲ ਦਾ ਸੱਦਾ ਦਿੱਤਾ ਹੈ। ਯੂਰੋਪੀਅਨ ਯੂਨੀਅਨ ਚੀਨ ਨਾਲ ਵਪਾਰਕ ਰਿਸ਼ਤੇ ਬਣਾਈ ਰੱਖੇਗੀ ਤੇ ਭਾਰਤ ਅਤੇ ਹੋਰਾਂ ਤੱਕ ਵੀ ਪਹੁੰਚ ਕਰੇਗੀ। ਜਪਾਨ ਜਨਤਕ ਤੌਰ ’ਤੇ ਇੱਕ ਬਿਨੈਕਾਰ ਵਜੋਂ ਵਿਚਰਦਾ ਨਜ਼ਰ ਆਇਆ ਹੈ ਜਿਸ ਤੋਂ ਲੱਗਾ ਕਿ ਸਿਆਸੀ ਤੌਰ ’ਤੇ ਇਸ ਦੀ ਅਗਵਾਈ ਇੱਕ ਕਮਜ਼ੋਰ ਪ੍ਰਧਾਨ ਮੰਤਰੀ ਕਰ ਰਿਹਾ ਹੈ ਪਰ ਅਮਰੀਕੀ ਬੌਂਡ ਮਾਰਕੀਟ ’ਚ ਆਪਣੀ ਵਿਕਰੀ ਵਧਾ ਕੇ ਇਸ ਨੇ ਸ਼ਾਇਦ 90 ਦਿਨਾਂ ਦੀ ਰਾਹਤ ਤੋਂ ਲਾਹਾ ਲੈਣ ਦਾ ਮੌਕਾ ਖ਼ਰਾਬ ਕਰ ਲਿਆ ਹੈ। ਜਪਾਨ ਹੁਣ ਚੀਨ ਨਾਲ ਆਪਣੇ ਵਪਾਰਕ ਰਿਸ਼ਤੇ ਸਥਿਰ ਕਰਨ ਦੀ ਕੋਸ਼ਿਸ਼ ਕਰੇਗਾ।

ਭਾਰਤ ਦੀ ਰਾਜਨੀਤਕ ਲੀਡਰਸ਼ਿਪ ਬਹੁਤ ਸਾਵਧਾਨੀ ਨਾਲ ਅੱਗੇ ਵਧ ਰਹੀ ਹੈ। ਇਹ ਇਸ ਗੱਲੋਂ ਖ਼ੁਸ਼ ਹੈ ਕਿ ਟਰੰਪ ਦੇ ਹੱਲੇ ਦਾ ਕੇਂਦਰ ਚੀਨ ਹੈ। ਇਸ ਨੂੰ ਆਸ ਹੈ ਕਿ ਹੋਰ ਖ਼ਰੀਦ ਦੀ ਪੇਸ਼ਕਸ਼ ਕਰ ਕੇ ਟਰੰਪ ਨਾਲ ਸੌਦਾ ਸਿਰੇ ਚੜ੍ਹੇਗਾ ਜਿਸ ’ਚ ਹੋਰ ਰੱਖਿਆ ਉਪਕਰਨ ਖਰੀਦਣਾ ਵੀ ਸ਼ਾਮਿਲ ਹੈ। ਫਿਰ ਵੀ, ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਟਰੰਪ ਨਾਲ ਗੱਲ ਕਰਨ ਲੱਗਿਆਂ ਅੱਜ ਵੀ ਉਨਾ ਹੀ ਸਹਿਜ ਮਹਿਸੂਸ ਕਰਦੇ ਹਨ, ਜਿੰਨਾ ਉਸ ਦੇ ਪਹਿਲੇ ਕਾਰਜਕਾਲ ਦੌਰਾਨ ਕਰਦੇ ਸਨ? ਆਖ਼ਿਰਕਾਰ, ਟਰੰਪ ਨੇ ਸਿੱਧੇ ਤੌਰ ’ਤੇ ਉਨ੍ਹਾਂ ਨੂੰ ਠਿੱਬੀ ਲਾਈ ਹੈ ਤੇ ਕਈ ਵਾਰ ਭਾਰਤ ਦਾ ਨਾਂ ਲੈਂਦੇ ਹੋਏ ਬਹੁਤੀ ਦੋਸਤਾਨਾ ਸੁਰ ਵਿੱਚ ਗੱਲ ਨਹੀਂ ਕੀਤੀ।

ਭਾਰਤੀ ਕੁਲੀਨਾਂ ਦੇ ਵੱਡੇ ਵਰਗ, ਮੀਡੀਆ ਤੇ ਸਿਆਸੀ ਜਮਾਤ ਨੇ ਭਾਵੇਂ ਭਾਰਤ ਬਾਰੇ ਟਰੰਪ ਦੇ ਕੁਬੋਲਾਂ ਨੂੰ ਜ਼ਿਆਦਾ ਤਵੱਜੋ ਨਹੀਂ ਦਿੱਤੀ ਤੇ ਕੁਝ ਨੇ ਇਸ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਵੀ ਕੀਤੀ, ਫਿਰ ਵੀ ਮੋਦੀ ਵਰਗਾ ਸਿਆਸੀ ਆਗੂ, ਆਪਣੀ ਪਛਾਣ ਤੇ ਹਉਮੈ ਕਰ ਕੇ ਵਾਰ-ਵਾਰ ਤੌਹੀਨ ਹੋਣ ’ਤੇ ਅੰਦਰੋ-ਅੰਦਰੀ ਤਾਂ ਜ਼ਰੂਰ ਕੁੜ੍ਹਿਆ ਹੋਵੇਗਾ।

ਅਮਰੀਕਾ ਤੇ ਭਾਰਤ ਦੇ ਕਈ ਹਿੱਤ ਸਾਂਝੇ ਹਨ ਅਤੇ ਭਾਰਤ ਇਸ ਰਣਨੀਤਕ ਭਾਈਵਾਲੀ ਨੂੰ ਸਥਿਰ ਤੇ ਕਾਇਮ ਰੱਖਣਾ ਚਾਹੇਗਾ। ਹਾਲਾਂਕਿ, ਕੋਈ ਵੀ ਭਾਰਤੀ ਨੇਤਾ ਟਰੰਪ ਅੱਗੇ ਉਸ ਢੰਗ ਨਾਲ ਵਿਚਾਰਾ ਬਣਿਆ ਨਹੀਂ ਦਿਸਣਾ ਚਾਹੇਗਾ ਜਿਵੇਂ ਜਪਾਨ ਦਾ ਸ਼ਿਗੇਰੂ ਇਸ਼ਿਬਾ ਬਣਿਆ ਹੈ, ਜਾਂ ਇਟਲੀ ਦੀ ਜੌਰਜੀਆ ਮੇਲੋਨੀ ਬਣਨ ਦੀ ਇੱਛਾ ਰੱਖਦੀ ਹੈ।

ਪ੍ਰਧਾਨ ਮੰਤਰੀ ਮੋਦੀ ਦੀ ਚੁੱਪ ਹਾਲੇ ਤੱਕ, ਸ਼ਾਇਦ ਦੁਵੱਲੇ ਵਪਾਰ ਸੌਦੇ ’ਤੇ ਅਗਲੀ ਕਾਰਵਾਈ ਦੇ ਹੋਰ ਸੰਕੇਤਾਂ ਦੀ ਉਡੀਕ ਕਰ ਰਹੀ ਹੈ, ਜਿਸ ਕਰ ਕੇ ਹੋਰਨਾਂ ਨੂੰ ‘ਗਲੋਬਲ ਸਾਊਥ ਦੀ ਆਵਾਜ਼’ ਬਣਨ ਦਾ ਖੁੱਲ੍ਹਾ ਮੌਕਾ ਮਿਲ ਗਿਆ ਹੈ। ਚੀਨ ਸਪੱਸ਼ਟ ਤੌਰ ’ਤੇ ਅੱਗੇ ਆ ਕੇ ਗਲੋਬਲ ਸਾਊਥ ਦੀ ਆਵਾਜ਼ ਬੁਲੰਦ ਕਰ ਰਿਹਾ ਹੈ, ਆਲਮੀ ਵਪਾਰ ਦੀ ਉਥਲ-ਪੁਥਲ ਵਿਰੁੱਧ ਵਿਕਾਸਸ਼ੀਲ ਅਰਥਚਾਰਿਆਂ ਨਾਲ ਇਕਜੁੱਟਤਾ ਜ਼ਾਹਿਰ ਕਰ ਰਿਹਾ ਹੈ, ਉਸ ਨੇ ਭਾਰਤ ਨੂੰ ਵੀ ਨਾਲ ਰਲਣ ਦਾ ਸੱਦਾ ਦਿੱਤਾ ਹੈ ਅਤੇ ਇਸ ਤਰ੍ਹਾਂ ਵਿਕਾਸਸ਼ੀਲ ਅਰਥਚਾਰਿਆਂ ਦੀਆਂ ਚਿੰਤਾਵਾਂ ਨੂੰ ਪ੍ਰਗਟ ਕਰ ਰਿਹਾ ਹੈ। ਬ੍ਰਾਜ਼ੀਲ ਤੇ ਦੱਖਣੀ ਅਫਰੀਕਾ ਦੇ ਆਗੂਆਂ ਨੇ ਬਾਕੀ ਵਿਕਾਸਸ਼ੀਲ ਦੇਸ਼ਾਂ ਨਾਲ ਇਕਜੁੱਟਤਾ ਜ਼ਾਹਿਰ ਕੀਤੀ ਹੈ। ਫਿਲਹਾਲ ਗਲੋਬਲ ਸਾਊਥ ਨੂੰ ਭਾਰਤ ਦੀ ਆਵਾਜ਼ ਦੀ ਉਡੀਕ ਹੈ।

# ਕਈ ਮੁਲਕਾਂ ਵੱਲੋਂ ਅਮਰੀਕੀ ਵਸਤਾਂ ਦਾ ਬਾਈਕਾਟ ਕਰਨ ਦਾ ਐਲਾਨ

ਤਰਲੋਚਨ ਮੁਠੱਡਾ

ਅਮਰੀਕਾ ਦੇ 47ਵੇਂ ਰਾਸ਼ਟਰਪਤੀ ਡੋਨਲਡ ਟਰੰਪ ਦੇ ਦੁਬਾਰਾ ਅਹੁਦਾ ਸੰਭਾਲਣ ਪਿੱਛੋਂ ਦੁਨੀਆ ਭਰ ਦੀ ਸਿਆਸਤ ਵਿੱਚ ਤੇਜ਼ੀ ਨਾਲ ਉਥਲ-ਪੁਥਲ ਹੋ ਰਹੀ ਹੈ। ਸਾਮਰਾਜੀ ਦੇਸ਼ਾਂ ਦਾ ਸੱਜੇ ਪੱਖੀ ਮੀਡੀਆ ਅਤੇ ਰਾਜਨੀਤਕ ਆਗੂ ਲਗਾਤਾਰ ਗੈਰ-ਕਾਨੂੰਨੀ ਪਰਵਾਸ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਉੱਥੇ ਵਧ ਰਹੀ ਬੇਰੁਜ਼ਗਾਰੀ ਅਤੇ ਮਹਿੰਗਾਈ ਦਾ ਕਾਰਨ ਦੱਸ ਰਹੇ ਹਨ।

ਟਰੰਪ ਸਰਕਾਰ ਨੇ ਆਪਣੇ ਵੋਟਰਾਂ ਨੂੰ ਖ਼ੁਸ਼ ਕਰਨ ਲਈ ਅਮਰੀਕਾ ਵਿੱਚ ਗੈਰ-ਕਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਵਿਰੁੱਧ ਜੰਗੀ ਪੱਧਰ ’ਤੇ ਮੁਹਿੰਮ ਛੇੜ ਦਿੱਤੀ ਹੈ। ਵਿਕਸਤ ਦੇਸ਼ਾਂ ਦੀ ਸੱਜੇ ਪੱਖੀ ਸਰਮਾਏਦਾਰੀ ਅਤੇ ਰਾਜਨੀਤਕ ਲੀਡਰ ਵਧ ਰਹੀ ਬੇਰੁਜ਼ਗਾਰੀ ਅਤੇ ਮਹਿੰਗਾਈ ਨੂੰ ਪਰਵਾਸੀ ਕਿਰਤੀਆਂ ਸਿਰ ਪਾ ਕੇ, ਆਰਥਿਕ ਸੰਕਟ ਦੇ ਮੂਲ ਕਾਰਨਾਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਰਹੇ ਹਨ। ਦੂਜੇ ਪਾਸੇ ਇਨ੍ਹਾਂ ਮੁਲਕਾਂ ਦੀਆਂ ਟਰੇਡ ਯੂਨੀਅਨਾਂ ਅਤੇ ਖੱਬੇ ਪੱਖੀ ਧਿਰਾਂ ਪਰਵਾਸੀ ਮਜ਼ਦੂਰਾਂ ਅਤੇ ਰਫਿਊਜੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰ ਰਹੀਆਂ ਹਨ।

ਕੀ ਅਮਰੀਕਾ ਅਤੇ ਹੋਰ ਸਰਮਾਏਦਾਰ ਮੁਲਕਾਂ ਵਿੱਚ ਤੇਜ਼ੀ ਨਾਲ ਵਧੀ ਬੇਰੁਜ਼ਗਾਰੀ ਅਤੇ ਮਹਿੰਗਾਈ ਦਾ ਮੁੱਖ ਕਾਰਨ ਵੱਡੀ ਗਿਣਤੀ ਵਿੱਚ ਉੱਥੇ ਵਿਦਿਆਰਥੀ ਅਤੇ ਪਰਵਾਸੀ ਕਿਰਤੀ ਹੀ ਹਨ? ਜਾਂ ਭਾਰਤ ਵਿੱਚੋਂ ਵੱਡੇ ਪੱਧਰ ’ਤੇ ਹੋ ਰਹੇ ਪਰਵਾਸ ਦਾ ਕਾਰਨ ਸਥਾਨਕ ਕਾਰੋਬਾਰਾਂ, ਉਤਪਾਦਕਾਂ ਅਤੇ ਰੁਜ਼ਗਾਰ ਨੂੰ ਨਿਗਲ ਰਹੀਆਂ ਬਹੁ-ਦੇਸ਼ੀ ਕਾਰਪੋਰੇਟ ਕੰਪਨੀਆਂ ਹਨ? ਨੱਬੇ ਦੇ ਸ਼ੁਰੂਆਤੀ ਦੌਰ ਵਿੱਚ ਵਿਦੇਸ਼ੀ ਕੰਪਨੀਆਂ ਕੇਵਲ ਆਪਣੇ ਉਤਪਾਦ ਲੈ ਕੇ ਆਈਆਂ ਸਨ। ਮਿਸਾਲ ਵਜੋਂ, ਕੋਕਾ ਕੋਲਾ ਤੇ ਪੈਪਸੀ ਦੀ ਗੱਲ ਹੈ। ਇਨ੍ਹਾਂ ਨੇ ਭਾਵੇਂ ਭਾਰਤ ਵਿੱਚ ਬੱਤੇ, ਸ਼ਿਕੰਜਵੀ, ਲੱਸੀ, ਸ਼ਰਬਤ ਆਦਿ ਪੀ ਲਏ ਪਰ ਇਸ ਨਾਲ ਸਹਾਇਕ ਧੰਦਿਆਂ ਨੂੰ ਕੋਈ ਬਹੁਤਾ ਫਰਕ ਨਹੀਂ ਸੀ ਪਿਆ। ਢੋਆ-ਢੁਆਈ ਲਈ ਟਰਾਂਸਪੋਰਟ, ਪ੍ਰਚਾਰ ਲਈ ਮੌਜੂਦ ਮੀਡੀਆ ਅਤੇ ਵਿਕਰੀ ਲਈ ਪ੍ਰਚੂਨ ਵਪਾਰੀਆਂ ਨੂੰ ਹੀ ਵਰਤਿਆ। ਮੁੱਢਲੇ ਪੜਾਅ ਉੱਪਰ ਭਾਰਤ ਵਿੱਚ ਪੈਦਾ ਕੀਤੇ ਉਤਪਾਦਾਂ ਨੂੰ ਨਿਸ਼ਾਨਾ ਬਣਾਇਆ। ਫਿਲਮੀ ਅਦਾਕਾਰਾਂ ਨੇ ਧੜਾਧੜ ਵਿਦੇਸ਼ੀ ਵਸਤਾਂ ਦਾ ਪ੍ਰਚਾਰ ਕੀਤਾ ਅਤੇ ਪ੍ਰਚੂਨ ਦੁਕਾਨਦਾਰਾਂ ਨੇ ਇਨ੍ਹਾਂ ਨੂੰ ਆਪਣੇ ਕਾਰੋਬਾਰ ਦਾ ਸ਼ਿੰਗਾਰ ਬਣਾਇਆ। ਉਸ ਵੇਲੇ ਛੋਟੇ ਅਤੇ ਦਰਮਿਆਨੇ ਕਾਰੋਬਾਰੀਆਂ ਨੇ ਸੋਚਿਆ ਨਹੀਂ ਸੀ ਕਿ ਦੇਸੀ ਵਸਤਾਂ ਅਤੇ ਸਥਾਨਕ ਉਤਪਾਦਕ ਇਕਾਈਆਂ ਨੂੰ ਖਾਣ ਵਾਲੀ ਇਹ ਸਾਮਰਾਜੀ ਸਰ੍ਹਾਲ ਉਨ੍ਹਾਂ ਦੇ ਕਾਰੋਬਾਰ ਨੂੰ ਨਿਗਲਣ ਦੇ ਮਨਸੂਬੇ ਬਣਾ ਚੁੱਕੀ ਹੈ।




ਭਾਰਤ ਸਰਕਾਰ ਦੇ ਆਈਐੱਮਐੱਫ, ਸੰਸਾਰ ਬੈਂਕ ਅਤੇ ਅਮਰੀਕਾ ਨਾਲ ਹੋਏ ਵਪਾਰਕ ਸਮਝੌਤਿਆਂ ਨੇ ਬਹੁ-ਦੇਸ਼ੀ ਕੰਪਨੀਆਂ ਦੁਆਰਾ ਬਾਜ਼ਾਰ ’ਤੇ ਕਬਜ਼ਾ ਕਰਨ ਦੇ ਸਾਰੇ ਰਾਹ ਸਾਫ਼ ਕਰ ਦਿੱਤੇ। ਭਾਰਤੀ ਪ੍ਰਚੂਨ ਦੇ ਖੇਤਰ ਵਿੱਚ ਐਮਾਜ਼ੋਨ, ਵਾਲਮਾਰਟ ਅਤੇ ਖਾਣ-ਪੀਣ ਦੇ ਕਾਰੋਬਾਰ ਵਿੱਚ ਮੈਕਡੋਨਲਡ, ਬਰਗਰ ਕਿੰਗ, ਕੇਐੱਫਸੀ, ਸਟਾਰਬੱਕਸ ਆਦਿ ਵੱਡੀਆਂ ਅਮਰੀਕੀ ਕੰਪਨੀਆਂ ਦਾਖ਼ਲ ਹੋ ਚੁੱਕੀਆਂ ਹਨ। ਈ-ਕਾਰੋਬਾਰ ਦੇ ਮੈਦਾਨ ਵਿੱਚ ਐਮਾਜ਼ੋਨ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਹੈ। ਇਸ ਦਾ ਇੱਕ ਸਾਲ ਦਾ ਮੁਨਾਫ਼ਾ ਤਕਰੀਬਨ 70 ਅਰਬ ਅਮਰੀਕੀ ਡਾਲਰ ਹੈ। ਭਾਰਤੀ ਕਰੰਸੀ ਵਿੱਚ ਇਸ ਦਾ ਇੱਕ ਦਿਨ ਦਾ ਮੁਨਾਫ਼ਾ ਤਕਰੀਬਨ 1624 ਕਰੋੜ ਰੁਪਏ ਹੈ। ਇਹ ਦੁਨੀਆ ਦੇ 100 ਦੇਸ਼ਾਂ ਵਿੱਚ ਆਪਣਾ ਸਮਾਨ ਭੇਜਦੀ ਹੈ। ਬੀਤੇ ਸਾਲ ਇਸ ਨੇ ਭਾਰਤ ਵਿੱਚ ਇੱਕ ਅਰਬ ਡਾਲਰ ਆਪਣੇ ਨਵੇਂ ਪਲਾਂਟ ਲਗਾਉਣ ਲਈ ਖਰਚੇ। ਕੇਂਦਰੀ ਮੰਤਰੀ ਪਿਊਸ਼ ਗੋਇਲ ਮੁਤਾਬਿਕ, ਐਮਾਜ਼ੋਨ ਆਉਂਦੇ 10 ਸਾਲਾਂ ਵਿੱਚ ਭਾਰਤ ਦੀ ਪ੍ਰਚੂਨ ਮਾਰਕੀਟ ਵਿੱਚੋਂ ਛੋਟੀਆਂ ਅਤੇ ਦਰਮਿਆਨੀਆਂ ਦੁਕਾਨਾਂ ਦਾ ਸਫਾਇਆ ਕਰ ਦੇਵੇਗੀ। ਇਹ 10 ਕਰੋੜ ਦੇ ਕਰੀਬ ਪ੍ਰਚੂਨ ਵਪਾਰਕ ਪਰਿਵਾਰਾਂ ਅਤੇ ਇਸ ਨਾਲ ਸਹਾਇਕ ਕਿਰਤ ਨੂੰ ਸਿੱਧੇ ਤੌਰ ’ਤੇ ਨਿਸ਼ਾਨੇ ’ਤੇ ਲਵੇਗੀ।

ਪ੍ਰਚੂਨ ਖੇਤਰ ਵਿੱਚ ਦੂਜੀ ਸਭ ਤੋਂ ਵੱਡੀ ਕੰਪਨੀ ਫਲਿਪਕਾਰਟ ਵੀ ਅਮਰੀਕਾ ਦੀ ਹੀ ਹੈ। ਅੱਜ ਕੱਲ੍ਹ ਟਰੰਪ ਦੇ ਕਰੀਬੀ ਐਲਨ ਮਸਕ ਦੀ ਕੰਪਨੀ ਟੈਸਲਾ ਅਤੇ ਸਪੇਸਐਕਸ ਦਾ ਭਾਰਤ ਵਿੱਚ ਦਾਖ਼ਲਾ ਮੋਟਰ ਅਤੇ ਇੰਟਰਨੈੱਟ ਕਮਿਊਨੀਕੇਸ਼ਨ ਖੇਤਰ ਨੂੰ ਵੱਡੇ ਪੱਧਰ ’ਤੇ ਪ੍ਰਭਾਵਿਤ ਕਰੇਗੀ। ਲੇਬਰ ਕਾਨੂੰਨਾਂ ਵਿੱਚ ਤਬਦੀਲੀ, ਮੁੱਖ ਮਾਰਗਾਂ ਉੱਤੇ ਬਣੇ ਢਾਬਿਆਂ ਆਦਿ ਬਾਰੇ ਨਵੇਂ ਕਾਨੂੰਨ ਭਾਰਤ ਵਿੱਚ ਬਹੁ-ਦੇਸ਼ੀ ਕੰਪਨੀਆਂ ਦੇ ਪਸਾਰ ਲਈ ਰਾਹ ਸਾਫ਼ ਕਰਨ ਦੇ ਕਦਮ ਵਜੋਂ ਦੇਖੇ ਜਾ ਸਕਦੇ ਹਨ।

ਵੱਡੀਆਂ ਕਾਰਪੋਰੇਟ ਕੰਪਨੀਆਂ ਦੀ ਨੀਤੀ ਹੈ ਕਿ ਉਹ ਆਪਣੇ ਖੇਤਰ ਨਾਲ ਜੁੜੇ ਹੋਰ ਸਹਾਇਕ ਧੰਦੇ ਤੇਜ਼ੀ ਨਾਲ ਹੜੱਪ ਲੈਂਦੀਆਂ ਹਨ। ਉਹ ਆਪਣਾ ਮੁਨਾਫ਼ਾ ਕਿਸੇ ਵੀ ਹੋਰ ਧਿਰ ਨਾਲ ਵੰਡਣਾ ਨਹੀਂ ਚਾਹੁੰਦੀਆਂ। ਮਿਸਾਲ ਦੇ ਤੌਰ ’ਤੇ, ਜੇ ਕੰਪਨੀ ਕੱਪੜਾ ਉਦਯੋਗ ਵਿੱਚ ਦਾਖ਼ਲ ਹੁੰਦੀ ਹੈ ਤਾਂ ਕੱਚਾ ਮਾਲ (ਕਪਾਹ) ਪੈਦਾ ਕਰਨ ਲਈ ਪੈਦਾਵਾਰ ਦੇ ਸੋਮਿਆਂ (ਖੇਤਾਂ) ’ਤੇ ਸੰਪੂਰਨ ਕੰਟਰੋਲ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆ ਹਨ। ਕੱਚੇ ਅਤੇ ਤਿਆਰ ਵਸਤਾਂ ਦੀ ਢੋਆ-ਢੁਆਈ ਦੇ ਸਾਧਨ ਵੀ ਕੰਪਨੀ ਮੁਹੱਈਆ ਕਰਵਉਂਦੀ ਹੈ। ਕੱਪੜੇ ਦੀ ਸਲਾਈ (ਰੈਡੀਮੈਡ), ਮਸ਼ਹੂਰੀ, ਟੀਵੀ ਚੈਨਲ, ਫੈਸ਼ਨ ਸ਼ੋਅ, ਟੀਵੀ ਸੀਰੀਅਲ, ਸ਼ੋਅ ਰੂਮ ਅਤੇ ਆਨਲਾਈਨ ਖਰੀਦਣ ਤੇ ਤਿਆਰ ਸਮਾਨ ਘਰ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਕੰਪਨੀ ਅਦਾ ਕਰਦੀ ਹੈ। ਕਾਰਪੋਰੇਟ ਰੂਪੀ ਦੈਂਤ ਕਿਸੇ ਹੋਰ ਧਿਰ ’ਤੇ ਨਿਰਭਰ ਨਹੀਂ ਰਹਿਣਾ ਚਹੁੰਦਾ ਜੋ ਭਵਿੱਖ ਵਿੱਚ ਉਸ ਨੂੰ ਚੁਣੌਤੀ (ਹੜਤਾਲ, ਧਰਨਾ) ਦੇਵੇ। ਲਾਗਤ ਘਟਾਉਣ ਅਤੇ ਮੁਨਾਫ਼ਾ ਵਧਾਉਣ ਲਈ ਨਵੀਂ ਤਕਨੀਕ ਨਾਲ ਲੇਬਰ ਦੀ ਛਾਂਟੀ ਅਤੇ ਸਸਤੀਆਂ ਦਰਾਂ ’ਤੇ ਜ਼ਿਆਦਾ ਘੰਟੇ ਕੰਮ ਲੈਣਾ ਵੀ ਇਨ੍ਹਾਂ ਦੇ ਦਾਅ-ਪੇਚਾਂ ਵਿੱਚ ਸ਼ਾਮਲ ਹੈ। ਕੰਪਨੀ ਤੋਂ ਹਰ ਪ੍ਰਕਾਰ ਦੀਆਂ ਰੋਕਾਂ ਹਟਾਉਣ ਦਾ ਕੰਮ ਸਬੰਧਿਤ ਦੇਸ਼ਾਂ ਦੀਆਂ ਸਰਕਾਰਾਂ ਕਰਦੀਆਂ ਹਨ।

ਸਾਮਰਾਜ ਪੱਖੀ ਨੀਤੀਆਂ ਕਾਰਨ ਬਹੁ-ਦੇਸ਼ੀ ਕੰਪਨੀਆਂ ਕਿਸਾਨਾਂ, ਮਜ਼ਦੂਰਾਂ, ਟਰਾਂਸਪੋਰਟਰਾਂ, ਪ੍ਰਚੂਨ ਦੁਕਾਨਦਾਰਾਂ, ਸਥਾਨਕ ਕਾਰੀਗਰਾਂ ਆਦਿ ਦਾ ਰੁਜ਼ਗਾਰ ਤੇਜ਼ੀ ਨਾਲ ਨਿਗਲ ਰਹੀਆਂ ਹਨ। ਸੰਸਾਰ ਬੈਂਕ ਦੇ ਇਸ਼ਾਰੇ ’ਤੇ

(ਬਾਕੀ ਸਫਾ 9 ‘ਤੇ)

# ਅਮਰੀਕਾ ਵੱਲੋਂ ਵੱਡੀ ਪੱਧਰ 'ਤੇ ਕੌਮਾਂਤਰੀ ਵਿਦਿਆਰਥੀਆਂ ਦੇ ਰੱਦ ਕੀਤੇ ਜਾ ਰਹੇ

## ਛੋਟੇ ਮੋਟੇ ਝਗੜਿਆਂ ਵਿਚ ਸ਼ਾਮਿਲ ਵਿਦਿਆਰਥੀਆਂ ਦੇ ਵੀਜੇ ਵੀ ਕੀਤੇ ਜਾ ਰਹੇ ਹਨ ਰੱਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵੱਲੋਂ ਵੱਡੀ ਪੱਧਰ 'ਤੇ ਕੌਮਾਂਤਰੀ ਵਿਦਿਆਰਥੀਆਂ ਦੇ ਵੀਜੇ ਰੱਦ ਕੀਤੇ ਜਾ ਰਹੇ ਹਨ ਜਿਸ ਕਾਰਨ ਭਾਰਤੀ ਵਿਦਿਆਰਥੀਆਂ ਜਿਨਾਂ ਵਿਚ ਵਧੇਰੇ ਗਿਣਤੀ ਪੰਜਾਬੀਆਂ ਦੀ ਹੈ, ਦੀ ਪ੍ਰੇਸ਼ਾਨੀ ਵਧ ਗਈ ਹੈ। ਛੋਟੇ ਮੋਟੇ ਝਗੜਿਆਂ ਵਿਚ ਸ਼ਾਮਿਲ ਵਿਦਿਆਰਥੀਆਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ । ਕੇਵਲ ਇਕ ਨੋਟਿਸ ਦੇ ਕੇ ਵਿਦਿਆਰਥੀਆਂ ਨੂੰ ਵੀਜੇ ਰੱਦ ਕਰਨ ਦੀ ਸੂਚਨਾ ਦਿੱਤੀ ਜਾ ਰਹੀ ਹੈ ਤੇ ਨਾਲ ਹੀ ਚਿਤਾਵਨੀ ਦਿੱਤੀ ਜਾ ਰਹੀ ਹੈ ਕਿ ਉਹ ਦੇਸ਼ ਛੱਡ ਜਾਣ ਨਹੀਂ ਤਾਂ ਜਬਰਨ ਵਾਪਿਸ ਭੇਜ ਦਿੱਤੇ ਜਾਣਗੇ। ਅਮੈਰੀਕਨ ਇਮੀਗ੍ਰੇਸ਼ਨ ਲਾਇਅਰਜ਼ ਐਸੋਸੀਏਸ਼ਨ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹਾਲ ਹੀ ਵਿਚ ਜਿਨਾਂ 327 ਕੌਮਾਂਤਰੀ ਵਿਦਿਆਰਥੀਆਂ ਦੇ ਵੀਜੇ ਰੱਦ ਕੀਤੇ ਗਏ ਹਨ ਉਨਾਂ ਵਿਚ ਅੱਧੇ ਭਾਰਤੀ ਹਨ। ਰਿਪੋਰਟ ਜਿਸ ਦਾ ਸਿਰਲੇਖ ਹੈ 'ਦ ਸਕੋਪ ਆਫ ਇਮੀਗ੍ਰੇਸ਼ਨ ਇਨਫੋਰਸਮੈਂਟ ਐਕਸ਼ਨਜ ਅੰਗੇਂਸਟ ਇੰਟਰਨੈਸ਼ਨਲ ਸਟੂਡੈਂਟਸ ਅਨੁਸਾਰ ਦੂਸਰੇ ਸਥਾਨ 'ਤੇ ਚੀਨ ਦੇ ਵਿਦਿਆਰਥੀਆਂ ਹਨ। 327 ਵਿਦਿਆਰਥੀਆਂ ਵਿਚ 14% ਚੀਨੀ ਹਨ। ਇਸ ਤੋਂ ਬਾਅਦ ਦੱਖਣੀ ਕੋਰੀਆ, ਨੇਪਾਲ ਤੇ ਬੰਗਲਾਦੇਸ਼ ਦਾ ਸਥਾਨ ਹੈ। ਆਪਸ਼ਨਲ ਪ੍ਰੈਕਟੀਕਲ ਟਰੇਨਿੰਗ ( ਪੀ ਟੀ) ਕਰ ਰਹੇ ਵਿਦਿਆਰਥੀ ਸਭ ਤੋਂ ਵਧ ਪ੍ਰਭਾਵਿਤ ਹੋਏ ਹਨ। ਪੀ ਟੀ ਇਕ ਪ੍ਰੋਗਰਾਮ ਹੈ ਜਿਸ ਤਹਿਤ ਐਫ-1 ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਤੋਂ ਬਾਅਦ ਇਕ ਸਾਲ ਲਈ ਅਮਰੀਕਾ ਵਿਚ ਕੰਮ ਕਰਨ ਦੀ ਇਜਾਜਤ ਦਿੱਤੀ ਜਾਂਦੀ ਹੈ। ਜਿਨਾਂ ਵਿਦਿਆਰਥੀਆਂ ਦੇ ਵੀਜੇ ਰੱਦ ਕੀਤੇ ਗਏ ਹਨ ਉਨਾਂ ਵਿਚੋਂ 50% ਪੀ ਟੀ ਵਿਚ ਹਿੱਸਾ ਲੈ ਰਹੇ ਸਨ। ਟੈਕਸਾਸ, ਕੈਲੀਫੋਰਨੀਆ, ਨਿਊ ਯਾਰਕ, ਮਿਸ਼ੀਗਨ ਤੇ ਐਰੀਜ਼ੋਨਾ ਵਿਚ ਪੜ ਰਹੇ ਵਿਦਿਆਰਥੀਆਂ ਉਪਰ ਸਭ ਤੋਂ ਵਧ ਅਸਰ ਪੈ ਰਿਹਾ ਹੈ। ਪਿਛਲੇ 4 ਮਹੀਨਿਆਂ ਦੌਰਾਨ ਯੂ ਐਸ ਸਟੇਟ ਡਿਪਾਰਟਮੈਂਟ ਐਂਡ ਇਮੀਗ੍ਰੇਸ਼ਨ ਐਂਡ ਕਸਮਟਜ ਇਨਫੋਰਸਮੈਂਟ (ਆਈ ਸੀ ਈ) ਨੇ ਵਿਦੇਸ਼ੀ ਵਿਦਿਆਰਥੀਆਂ ਵਿਰੁੱਧ ਛਾਣਬੀਣ ਦੇ ਕੰਮ ਵਿਚ ਤੇਜੀ ਲਿਆਂਦੀ ਹੈ। ਨਾ ਕੇਵਲ ਉਨਾਂ ਦੇ ਵੀਜਿਆਂ ਦੀ ਜਾਂਚ ਪੜਤਾਲ ਹੋ ਰਹੀ ਹੈ ਬਲ ਕਿ ਉਨਾਂ ਦੀਆਂ ਸਰਗਰਮੀਆਂ ਵੀ ਜਾਂਚ ਦੇ ਘੇਰੇ ਵਿਚ ਹਨ। ਕੁਝ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਇਸ ਕੰਮ ਵਾਸਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦਾਅ ਪੇਚ ਵਰਤੇ ਜਾ ਰਹੇ ਹਨ ਜਿਸ ਕਾਰਨ ਅਣਉਚਿੱਤ ਢੰਗ ਨਾਲ ਵਿਦਿਆਰਥੀਆਂ ਵਿਰੁੱਧ ਕਾਰਵਾਈ ਦੀ ਸੰਭਾਵਨਾ ਵਧ ਗਈ ਹੈ। ਜਿਨਾਂ ਵਿਦਿਆਰਥੀਆਂ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ ਤੇ ਨਾ ਹੀ ਉਹ ਕਿਸੇ ਪ੍ਰਦਰਸ਼ਨ ਵਿਚ ਸ਼ਾਮਿਲ ਹੋਏ ਹਨ, ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਇਸ ਸਮੇ ਭਾਰਤੀ ਵਿਦਿਆਰਥੀ ਪ੍ਰੇਸ਼ਾਨੀ ਦੀ ਹਾਲਤ ਵਿਚ ਹਨ ਤੇ ਉਹ ਭਾਰਤ ਸਰਕਾਰ ਵੱਲ ਵੇਖ ਰਹੇ ਹਨ। ਵਿਦਿਆਰਥੀਆਂ ਨੂੰ ਆਸ ਹੈ ਕਿ ਭਾਰਤ ਸਰਕਾਰ ਉਨਾਂ ਦੀ ਮੱਦਦ 'ਤੇ ਆਵੇਗੀ ਤੇ ਬਿਨਾਂ ਵਜਾ ਉਨਾਂ ਨੂੰ ਵੀਜੇ ਰੱਦ ਕਰਨ ਦੀ ਲਟਕ ਰਹੀ ਤਲਵਾਰ ਤੋਂ ਰਾਹਤ ਮਿਲੇਗੀ।

## ਅਮਰੀਕੀ ਉਪ ਰਾਸ਼ਟਰਪਤੀ ਵੈਂਸ ਨੇ ਪਰਿਵਾਰ ਨਾਲ ਤਾਜ ਮਹਿਲ ਦਾ ਦੌਰਾ ਕੀਤਾ



ਆਗਰਾ-ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਬੁੱਧਵਾਰ ਨੂੰ ਆਪਣੀ ਪਤਨੀ ਊਸ਼ਾ ਵੈਂਸ ਅਤੇ ਉਨ੍ਹਾਂ ਦੇ ਤਿੰਨ ਬੱਚਿਆਂ ਨਾਲ ਤਾਜ ਮਹਿਲ ਦਾ ਦੌਰਾ ਕੀਤਾ। ਵੈਂਸ ਨੇ ਆਪਣੀ ਫੇਰੀ ਤੋਂ ਬਾਅਦ ਵਿਜ਼ਟਰ ਡਾਇਰੀ ਵਿਚ ਲਿਖਿਆ "ਤਾਜ ਮਹਿਲ ਸ਼ਾਨਦਾਰ ਹੈ। ਸੱਚੇ ਪਿਆਰ, ਮਨੁੱਖੀ ਪ੍ਰਤੀਭਾ ਅਤੇ ਭਾਰਤ ਦੇ ਮਹਾਨ ਦੇਸ਼ ਨੂੰ ਸ਼ਰਧਾਂਜਲੀ ਦਾ ਪ੍ਰਮਾਣ।" ਅਧਿਕਾਰੀਆਂ ਨੇ ਦੱਸਿਆ ਕਿ ਵੈਂਸ ਪਰਿਵਾਰ ਬੁੱਧਵਾਰ ਨੂੰ ਜੈਪੁਰ ਤੋਂ ਆਗਰਾ ਹਵਾਈ ਅੱਡੇ 'ਤੇ ਪੁੱਜਿਆ, ਜਿੱਥੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਵੈਂਸ ਦੇ ਨਾਲ ਉਨ੍ਹਾਂ ਦੀ ਪਤਨੀ ਊਸ਼ਾ ਅਤੇ ਉਨ੍ਹਾਂ ਦੇ ਤਿੰਨ ਬੱਚੇ ਪੁੱਤਰ ਈਵਾਨ ਅਤੇ ਵਿਵੇਕ, ਅਤੇ ਧੀ ਮੀਰਾਬੇਲ ਵੀ ਸਨ। ਪਰਿਵਾਰ ਭਾਰਤ ਦੇ ਚਾਰ ਦਿਨਾਂ ਦੌਰੇ 'ਤੇ ਹੈ। ਹਵਾਈ ਅੱਡੇ 'ਤੇ ਵੈਂਸ ਨੂੰ ਮੁੱਖ ਮੰਤਰੀ ਆਦਿਤਿਆਨਾਥ ਨਾਲ ਸੰਖੇਪ ਵਿਚ ਗੱਲਬਾਤ ਕਰਦੇ ਦੇਖਿਆ ਗਿਆ। ਇਕ ਅਧਿਕਾਰਤ ਬਿਆਨ ਅਨੁਸਾਰ ਉਨ੍ਹਾਂ ਦੇ ਕਾਫਲੇ ਦਾ ਰਸਤਾ ਵਿਸ਼ੇਸ਼ ਤੌਰ 'ਤੇ ਸਜਾਇਆ ਗਿਆ ਸੀ, ਸੈਂਕੜੇ ਸਕੂਲੀ ਬੱਚੇ ਅਮਰੀਕੀ ਅਤੇ ਭਾਰਤੀ ਝੰਡਾ ਲਹਿਰਾਉਂਦੇ ਹੋਏ ਖੜ੍ਹੇ ਸਨ।

## ਸਰਕਾਰ ਵੱਲੋਂ ਸਿੰਧੂ ਜਲ ਸਮਝੌਤਾ ਮੁਲਤਵੀ ਰੱਖਣ ਬਾਰੇ ਨੋਟੀਫਿਕੇਸ਼ਨ ਜਾਰੀ

ਨਵੀਂ ਦਿੱਲੀ- ਸਰਕਾਰ ਨੇ ਸਿੰਧੂ ਜਲ ਸਮਝੌਤੇ ਨੂੰ ਮੁਲਤਵੀ ਰੱਖਣ ਬਾਰੇ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਹ ਦਾਅਵਾ ਸੂਤਰਾਂ ਦੇ ਹਵਾਲੇ ਨਾਲ ਕੀਤਾ ਗਿਆ ਹੈ। ਜਲ ਸਰੋਤ ਸਕੱਤਰ ਦੇਬਾਸ਼੍ਰੀ ਮੁਖਰਜੀ ਨੇ ਆਪਣੇ ਪਾਕਿਸਤਾਨੀ ਹਮਰੁਤਬਾ ਸਈਦ ਅਲੀ ਮੁਰਤਜ਼ਾ ਨੂੰ ਲਿਖੇ ਪੱਤਰ ਵਿੱਚ ਉਪਰੋਕਤ ਫੈਸਲੇ ਬਾਰੇ ਤਫਸੀਲ ਵਿਚ ਸੂਚਿਤ ਕੀਤਾ ਹੈ। ਭਾਰਤ ਨੇ ਪੱਤਰ ਵਿਚ ਕਿਹਾ ਕਿ ਪਾਕਿਸਤਾਨ ਵੱਲੋਂ ਜੰਮੂ-ਕਸ਼ਮੀਰ ਨੂੰ ਨਿਸ਼ਾਨਾ ਬਣਾ ਕੇ ਸਰਹੱਦ ਪਾਰੋਂ ਕੀਤਾ ਜਾ ਰਿਹੈ ਅੱਤਵਾਦ ਸਿੰਧੂ ਜਲ ਸੰਧੀ ਤਹਿਤ ਭਾਰਤ ਦੇ ਅਧਿਕਾਰਾਂ ਵਿੱਚ ਰੁਕਾਵਟ ਪਾਉਂਦਾ ਹੈ। ਵਿਸ਼ਵ ਬੈਂਕ ਦੀ ਵਿਚੋਲਗੀ ਨਾਲ ਅਮਲ ਵਿਚ ਆਈ ਸਿੰਧੂ ਜਲ ਸੰਧੀ 1960 ਤੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੰਧੂ ਨਦੀ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਪਾਣੀ ਦੀ ਵਰਤੋਂ ਨੂੰ ਕੰਟਰੋਲ ਕਰਦੀ ਆ ਰਹੀ ਹੈਭਾਰਤ ਨੇ ਸਮਝੌਤਾ ਤੁਰੰਤ ਪ੍ਰਭਾਵ ਨਾਲ ਮੁਲਤਵੀ ਰੱਖਣ ਦੇ ਆਪਣੇ ਫੈਸਲੇ ਬਾਰੇ ਪਾਕਿਸਤਾਨ ਨੂੰ ਵੀ ਸੂਚਿਤ ਕੀਤਾ ਹੈ। ਭਾਰਤ ਨੇ ਕਿਹਾ ਕਿ ਪਾਕਿਸਤਾਨ ਨੇ ਸੰਧੀ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ।

## ਪੋਪ ਦੇ ਅੰਤਮ ਦਰਸ਼ਨਾਂ ਲਈ ਲੋਕ ਸੇਂਟ ਪੀਟਰ'ਜ਼ ਬੈਸਿਲਿਕਾ ਪੁੱਜੇ



ਵੈਟੀਕਨ ਸਿਟੀ- ਵੈਟੀਕਨ ਨੇ ਪੋਪ ਫਰਾਂਸਿਸ ਦੇ ਅੰਤਮ ਦਰਸ਼ਨਾਂ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਅੱਜ ਸੇਂਟ ਪੀਟਰ'ਜ਼ ਬੈਸਿਲਿਕਾ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ ਹੈ।

ਪੋਪ ਦੇ ਆਖ਼ਰੀ ਦਰਸ਼ਨਾਂ ਲਈ ਕੇਂਦਰੀ ਗਲਿਆਰੇ ਵਿੱਚ ਹਜ਼ਾਰਾਂ ਲੋਕ ਪੁੱਜੇ ਹੋਏ ਸਨ ਅਤੇ ਉਥੇ ਸਵਿੱਸ ਗਾਰਡ ਤਾਇਨਾਤ ਸਨ। ਫਰਾਂਸਿਸ ਦੀ ਦੇਹ ਸ਼ਨਿਚਰਵਾਰ ਨੂੰ ਹੋਣ ਵਾਲੀਆਂ ਆਖ਼ਰੀ ਰਸਮਾਂ ਤੱਕ ਬੈਸਿਲਿਕਾ ਵਿੱਚ ਹੀ ਰਹੇਗੀ।

ਸ਼ਰਧਾਂਜਲੀਆਂ ਦੇਣ ਦਾ ਸਮਾਂ ਸਵੇਰੇ 11 ਵਜੇ ਸ਼ੁਰੂ ਹੋਇਆ ਜਦੋਂ ਪੋਪ ਫਰਾਂਸਿਸ ਦੀ ਦੇਹ ਨੂੰ ਵੈਟੀਕਨ ਹੋਟਲ, ਜਿੱਥੇ ਉਹ ਰਹਿੰਦੇ ਸਨ ਤੋਂ ਸੇਂਟ ਪੀਟਰ'ਜ਼ ਬੈਸਿਲਿਕਾ ਲਿਜਾਇਆ ਗਿਆ। ਕਾਰਡੀਨਲਜ਼ (ਉੱਚ ਪਾਦਰੀ) ਤੇ ਬਿਸ਼ਪ ਫਰਾਂਸਿਸ ਦੀ ਦੇਹ ਨੂੰ ਉਸੇ ਚੌਕ ਤੋਂ ਲੈ ਕੇ ਗਏ ਜਿੱਥੇ ਉਨ੍ਹਾਂ ਨੇ ਈਸਟਰ (ਐਤਵਾਰ) ਮੌਕੇ ਆਖ਼ਰੀ ਸੁਨੇਹਾ ਦਿੱਤਾ ਸੀ। ਫਰਾਂਸਿਸ ਦਾ ਲੰਘੇ ਸੋਮਵਾਰ ਨੂੰ 88 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ।

SINGHWORLDtravel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



NEW YORK PIZZA
Eden's Liquor &
NEW YORK
PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99
Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more
Everyday Special
1 Large 14" Toppings Pizza
$21.99 *
FREE 2LT SODA
Best Deal
1X-Large 18" 1 Topping Pizza
$22.99 *
FREE 2LT SODA
King Kong Deal
1 King Kong 2 Toppings PIZZA
$37.99 *
FREE 2LT SODA
* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਦਹਿਸ਼ਤਗਰਦੀ ਦੇ ਖਤਰੇ

ਕਸ਼ਮੀਰ ਦੇ ਪਹਿਲਗਾਮ ਵਿਚ ਹਾਲ ਹੀ ਵਿਚ ਘੁੰਮਣ-ਫਿਰਨ ਗਏ ਸੈਲਾਨੀਆਂ ’ਤੇ ਅੰਨ੍ਹੇਵਾਹ ਫਾਇਰਿੰਗ ਕਰਕੇ 30 ਦੇ ਕਰੀਬ ਲੋਕਾਂ ਦੀ ਹੱਤਿਆ ਕਰ ਦਿੱਤੀ ਗਈ। ਇਸ ਦਹਿਸ਼ਤਗਰਦ ਹਮਲੇ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਪਹਿਲਾ ਸਵਾਲ ਤਾਂ ਇਹ ਹੈ ਕਿ ਮਨੁੱਖ ਤਰੱਕੀਪਸੰਦ ਬਣ ਗਿਆ ਹੈ, ਕੱਚੇ ਘਰਾਂ ਤੋਂ ਪੱਕੇ ਘਰਾਂ ਅਤੇ ਸੁੱਖ ਸਹੂਲਤਾਂ ਤੱਕ ਪਹੁੰਚ ਗਿਆ ਹੈ, ਪਰ ਇਸ ਧਰਤੀ ਤੇ ਹਾਲੇ ਵੀ ਮਨੁੱਖ ਦੇ ਚੋਲੇ ਵੀ ਜਾਨਵਰਾਂ ਵਰਗੇ ਲੋਕ ਰਹਿੰਦੇ ਹਨ, ਜਿਹਨਾਂ ਨੂੰ ਪਤਾ ਹੀ ਨਹੀਂ ਕਿ ਦੁਨੀਆਂ ਹੁੰਦੀ ਕੀ ਹੈ। ਇਸ ਧਰਤੀ, ਅਸਮਾਨ, ਪਾਣੀ, ਜੰਗਲਾਂ ਦਾ ਸਾਡੇ ਲਈ ਕੀ ਯੋਗਦਾਨ ਹੈ। ਮਨੁੱਖ ਪੈਦਾ ਹੁੰਦੇ 1 ਜਾਂ 2 ਕਿਲੋ ਦਾ ਹੁੰਦਾ ਹੈ, ਉਸ ਤੋਂ ਬਾਅਦ ਇਹ ਪ੍ਰਕਿਰਤੀ ਹੀ ਉਸ ਨੂੰ 50 ਕਿਲੋ ਤੋਂ 1 ਕੁਇੰਟਲ ਦਾ ਬਣਾਉਂਦੀ ਹੈ। ਹੁਣ ਕਰੀਏ ਗੱਲ ਧਰਮ ਦੀ, ਧਰਮ ਇਕ ਪਵਿੱਤਰ ਸ਼ਬਦ ਹੈ ਕਿਉਂਕਿ ਇਹ ਇਨਸਾਨ ਨੂੰ ਅਨੁਸ਼ਾਸਨ ਵਿਚ ਰਹਿ ਕੇ ਜੀਵਨ ਬਤੀਤ ਕਰਨਾ ਸਿਖਾਉਂਦਾ ਹੈ। ਪਰ ਦੂਜੀ ਪ੍ਰਵਿਰਤੀ ਦੇ ਲੋਕ ਧਰਮ ਨੂੰ ਇਕ ਹਥਿਆਰ ਵਜੋਂ ਵੀ ਵਰਤਦੇ ਹਨ ਅਤੇ ਢਾਲ ਵਜੋਂ ਵੀ। ਉਹ ਇਸ ਕਰਕੇ ਵਰਤ ਲੈਂਦੇ ਹਨ ਕਿਉਂਕਿ ਬਹੁਤੇ ਲੋਕੀ ਧਰਮ ਦੀ ਸਹੀ ਵਿਆਖਿਆ ਨਹੀਂ ਸਮਝਦੇ ਬਲਕਿ ਧਰਮ ਦੇ ਨਾਂ ਤੇ ਕਬਾਇਲੀ ਸੋਚ ਪਾਲ ਬੈਠਦੇ ਹਨ। ਇਹੀ ਕਾਰਨ ਹੈ ਕਿ ਕਿਸੇ ਵਿਅਕਤੀ ਨੇ ਕਿਸੇ ਕਾਰਨ ਵੱਸ, ਲਾਲਚ ਵੱਸ ਜਾਂ ਰਾਜਨੀਤੀ ਕਰਦਿਆਂ ਜੇਕਰ ਕਿਸੇ ਧਰਮ ਬਾਰੇ ਕੁਝ ਕਹਿ ਦਿੱਤਾ ਤਾਂ ਲੋਕੀ ਤਲਵਾਰਾਂ ਕੱਢ ਲੈਂਦੇ ਹਨ। ਇਸੇ ਭਾਵਨਾ ਵਿਚੋਂ ਹੀ ਦਹਿਸ਼ਤਗਰਦੀ ਦਾ ਜਨਮ ਹੁੰਦਾ ਹੈ ਅਤੇ ਇਸ ਭਾਵਨਾ ਨੂੰ ਹੀ ਵੱਖ-ਵੱਖ ਮੁਲਕ ਅਤੇ ਲੋਕਾਂ ਦੇ ਸਮੂਹ ਆਪਣੇ ਸਵਾਰਥ ਲਈ ਵਰਤ ਕੇ ਦੁਨੀਆਂ ਵਿਚ ਦੁਸ਼ਮਣੀਆਂ ਅਤੇ ਸੰਕੀਰਨਤਾ ਵਧਾਉਂਦੇ ਹਨ।

ਕਸ਼ਮੀਰ ਵਿਚ ਹੋਇਆ ਦਹਿਸ਼ਤਗਰਦ ਹਮਲਾ ਵੀ ਇਸੇ ਦਾ ਨਤੀਜਾ ਹੈ। ਕੁਝ ਲੋਕੀ ਧਰਮ ਨੂੰ ਵਰਤ ਕੇ ਆਪਣੇ ਸਵਾਰਥ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਨਿਰਦੋਸ਼ਾਂ ਦਾ ਖ਼ੂਨ ਵਹਾਉਂਦੇ ਹਨ, ਜਦਕਿ ਪਤਾ ਉਹਨਾਂ ਨੂੰ ਵੀ ਹੈ ਕਿ ਜੇਕਰ ਇਹ ਸਰੀਰਕ ਜਾਮਾ ਮਿਲਿਆ ਹੈ ਤਾਂ ਇਸ ਦਾ ਸਕਾਰਾਤਮਕ ਫਾਇਦਾ ਲੈ ਕੇ ਮਨੁੱਖਤਾ ਦੀ ਸੇਵਾ ਵੀ ਕੀਤੀ ਜਾ ਸਕਦੀ ਹੈ, ਆਪਣੀ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਲਈ ਇਸ ਸਰੀਰ ਦਾ ਸਕਾਰਾਤਮਕ ਫਾਇਦਾ ਵੀ ਲਿਆ ਜਾ ਸਕਦਾ ਹੈ ਪਰ ਉਹ ਸਭ ਕੁਝ ਜਾਣਦੇ ਹੋਏ ਵੀ ਦਹਿਸ਼ਤਗਰਦ ਬਣਦੇ ਹਨ ਅਤੇ ਧਰਮ ਦਾ ਫਾਇਦਾ ਲੈ ਕੇ ਧਰਮ ਨੂੰ ਵੀ ਬਦਨਾਮ ਕਰਦੇ ਹਨ ਅਤੇ ਆਪ ਵੀ ਮਾਰੇ ਜਾਂਦੇ ਹਨ।

ਦੁਨੀਆਂ ਵਿਚ ਅੱਜ ਤੱਕ ਦਹਿਸ਼ਤਗਰਦੀ ਦੀ ਕੋਈ ਪਰਿਭਾਸ਼ਾ ਨਹੀਂ ਹੈ, ਜੋ ਸਰਵਪ੍ਰਵਾਨਿਤ ਹੋਵੇ। ਅਮਰੀਕਾ ਵਿਚ ਹੋਇਆ 9/11 ਦਾ ਹਮਲਾ, ਇਜ਼ਰਾਈਲੀ ਸਿਵਲ ਨਾਗਰਿਕਾਂ ਤੇ ਹਮਲਾ, 26/11 ਦਾ ਮੁੰਬਈ ਹਮਲਾ, ਕਸ਼ਮੀਰ ਦਾ ਤਾਜ਼ਾ ਹਮਲਾ ਅਤੇ ਹੋਰ ਪਤਾ ਨਹੀਂ ਕਿੰਨੇ ਅਣਗਿਣਤ ਅਜਿਹੇ ਹਮਲੇ ਹਨ, ਜਿਸ ਵਿਚ ਅਕਸਰ ਨਿਰਦੋਸ਼ ਅਤੇ ਨਿਹੱਥੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਦਹਿਸ਼ਤਗਰਦ ਕੋਈ ਬਹਾਦਰ ਨਹੀਂ ਬਲਕਿ ਡਰਪੋਕ ਲੋਕ ਹੁੰਦੇ ਹਨ, ਜੋ ਮੌਕੇ ਦਾ ਫਾਇਦਾ ਉਠਾ ਕੇ ਫਰਾਰ ਹੋ ਜਾਂਦੇ ਹਨ। ਇਕ ਗੱਲ ਚੰਗੀ ਹੈ ਕਿ ਦਹਿਸ਼ਤਗਰਦੀ ਦੇ ਖਿਲਾਫ ਅੱਜ ਸਾਰੀ ਦੁਨੀਆਂ ਇੱਕਜੁਟ ਹੁੰਦੀ ਜਾ ਰਹੀ ਹੈ, ਸ਼ਾਇਦ ਕੁਝ ਠੱਲ੍ਹ ਪਵੇ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don’t endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਨਸ਼ਿਆਂ ਖ਼ਿਲਾਫ਼ ਯੁੱਧ ਨਹੀਂ ਅਮਨ ਦੀ ਲੋੜ



ਸ਼ਿਆਮ ਸੁੰਦਰ ਦੀਪਤੀ

ਜਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ 1945 ਵਿਚ ਦੋ ਬੰਬ ਧਮਾਕਿਆਂ ਦੌਰਾਨ ਤਬਾਹ ਹੋ ਗਏ। ਇਹ ਵਿਸ਼ਵ ਯੁੱਧ ਦਾ ਨਤੀਜਾ ਸੀ। ਦੁਨੀਆ ਦੇ ਲੋਕਾਂ ਨੇ ਉਸ ਤੋਂ ਸਬਕ ਲੈਣ ਦੀ ਕੋਸ਼ਿਸ਼ ਕੀਤੀ ਅਤੇ ਦੁਨੀਆ ਤੋਂ ਯੁੱਧ ਖ਼ਤਮ ਕਰਨ ਸਬੰਧੀ ਵਿਉਂਤਬੰਦੀ ਬਾਰੇ ਸੋਚਣ ਲੱਗੇ। ਨਤੀਜੇ ਵਜੋਂ ਯੂਐੱਨ ਦਾ ਗਠਨ ਹੋਇਆ। ਇਸ ਨੂੰ ਹੋਂਦ ਵਿਚ ਆਏ ਤਕਰੀਬਨ 80 ਸਾਲ ਹੋ ਗਏ; ਹੁਣ ਇਸ ਦੀ ਆਪਣੀ ਹੋਂਦ ’ਤੇ ਹੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ ਜਿਸ ਨੇ ਸਾਰੀ ਦੁਨੀਆ ਨੂੰ ਆਪਸ ਵਿਚ ਮਿਲ ਕੇ ਰਹਿਣ ਦੀ ਸਿੱਖਿਆ ਦੇਣੀ ਸੀ ਤੇ ਦੁਨੀਆ ਭਰ ਵਿਚ ਭਾਈਚਾਰਾ ਬਣਾ ਕੇ ਰੱਖਣ ਦੀ ਤਾਕੀਦ ਕਰਨੀ ਸੀ। ਸਿੱਟੇ ਵਜੋਂ ਹੁਣ ਤੀਜੇ ਵਿਸ਼ਵ ਯੁੱਧ ਦੀਆਂ ਗੱਲਾਂ ਹੋ ਰਹੀਆਂ ਹਨ।

ਨਸ਼ਿਆਂ ਦਾ ਇਤਿਹਾਸ ਹਜ਼ਾਰਾਂ ਸਾਲਾ ਪੁਰਾਣਾ ਹੈ। ਨਸ਼ੇ ਮਨੁੱਖੀ ਚਾਲ-ਚਲਨ ਵਿਚ ਇਤਫ਼ਾਕ ਵਾਂਗ ਸਾਹਮਣੇ ਆਏ ਤੇ ਮਨੁੱਖ ਨੂੰ ਲੱਗਿਆ, ਇਸ ਨਾਲ ਮਨ ਸ਼ਾਂਤ ਹੋ ਜਾਂਦਾ ਹੈ, ਉਹੀ ਮਨੁੱਖ ਜਿਸ ਦੇ ਮਨ ਦੇ ਇੱਕ ਕੋਨੇ ਵਿਚ ਸ਼ਾਂਤੀ ਸੀ ਤੇ ਦੂਜੇ ਵਿਚ ਮਨੁੱਖਤਾ ਦੀ ਤਬਾਹੀ; ਫਿਰ ਸਿਲਸਿਲਾ ਇਸ ਤਰ੍ਹਾਂ ਵਾਪਰਿਆ ਕਿ ਮਨ ਨੂੰ ਸ਼ਾਂਤ ਕਰਨ ਵਾਲੇ ਪਦਾਰਥ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਪਾਉਣ ਲੱਗੇ। ਠੀਕ ਹੈ, ਅਸੀਂ ਹੀਰੋਸ਼ੀਮਾ ਤੇ ਨਾਗਾਸਾਕੀ ਵਾਲਾ ਸਮਾਂ ਨਹੀਂ ਦੇਖਿਆ, ਹਰ ਸਾਲ ਉਸ ਦਿਨ ਉਸ ਤਬਾਹੀ ਨੂੰ ਯਾਦ ਕਰ ਲੈਂਦੇ ਹਾਂ ਪਰ ਨਸ਼ਿਆਂ ਨਾਲ ਤਬਾਹੀ ਹਰ ਰੋਜ਼ ਵਾਪਰ ਰਹੀ ਹੈ ਅਤੇ ਕਿੰਨੇ ਹੀ ਘਰ ਇਸ ਦੀ ਗਵਾਹੀ ਭਰਦੇ ਹਨ।

ਇਹ ਨਹੀਂ ਕਿ ਇਸ ਦਿਸ਼ਾ ਵਿਚ ਕੋਈ ਕਦਮ ਨਹੀਂ ਪੁੱਟੇ ਗਏ, ਇਹ ਭਾਵੇਂ ਤਬਾਹੀ ਦੇ ਬੰਬ ਹੋਣ ਜਾਂ ਨਸ਼ਿਆਂ ਦੀ ਗੱਲ ਹੋਵੇ। ਵਿਗਿਆਨ ਨੇ ਕੋਈ ਵੀ ਖੋਜ ਕੀਤੀ ਤਾਂ ਮੁੱਢਲਾ ਮਕਸਦ ਮਨੁੱਖਤਾ ਦੀ ਭਲਾਈ ਸੀ ਪਰ ਸਰਮਾਏਦਾਰੀ ਦੇ ਹੱਥ ਪੈ ਕੇ ਉਹ ਖੋਜ ਤਬਾਹਕੁਨ ਹੋ ਗਈ। ਆਪਣੇ ਮੁਲਕ, ਖਾਸ ਕਰ ਪੰਜਾਬ ਵਿਚ ਨਸ਼ਿਆਂ ਨਾਲ ਹੋ ਰਹੀ ਤਬਾਹੀ ਨੂੰ ਲੈ ਕੇ ਦੇਸ਼ ਅਤੇ ਸਮਾਜ ਨੇ ਇਸ ਬਾਰੇ ਆਪਣਾ ਫ਼ਿਕਰ ਵਧ-ਚੜ੍ਹ ਕੇ ਜ਼ਾਹਿਰ ਕੀਤਾ। ਇਹ ਕਹਾਣੀ ਵੀ ਕੋਈ ਬਹੁਤ ਪੁਰਾਣੀ ਨਹੀਂ ਹੈ। ਜਿਥੇ ਨਸ਼ਿਆਂ ਦੀ ਆਮਦ ਹਜ਼ਾਰਾਂ ਸਾਲ ਪੁਰਾਣੀ ਹੈ, ਉੱਥੇ ਨਵਾਂ ਵਰਤਾਰਾ ਕਈ ਸਾਲਾਂ ਦਾ ਹੈ, ਜਦੋਂ ਸਮੈਕ ਅਤੇ ਹੈਰੋਇਨ ਨੇ ਆਪਣੀ ਹਾਜ਼ਰੀ ਲਵਾਈ। ਸਮੈਕ ਅਤੇ ਹੈਰੋਇਨ ਕਿਸੇ ਨੇ ਲੱਭੇ? ਸਮਾਜ ਨੇ ਇਨ੍ਹਾਂ ਨੂੰ ਕਿਉਂ ਕਬੂਲਿਆ? ਇਹ ਵਿਗਿਆਨ ਇਨ੍ਹਾਂ ਨੂੰ ਤਿਆਰ ਕਰ ਸਕਦਾ ਹੈ ਤਾਂ ਵਿਗਿਆਨ ਕੋਲ ਇਸ ਦਾ ਤੋੜ ਵੀ ਹੋਵੇਗਾ!



ਅੱਜ ਨਸ਼ਿਆਂ ਦੀ ਸਮੱਸਿਆ ਦਿ ਰੂਪ ਵਿਚ ਸਾਡੇ ਸਾਹਮਣੇ ਹੈ, ਇਹ ਵੱਡੀ ਗੁੰਝਲਦਾਰ ਸਮੱਸਿਆ ਬਣ ਗਈ ਹੈ। ਇਹ ਸਮੱਸਿਆ ਸਿਰਫ਼ ਨਸ਼ੇ ਅਤੇ ਨਸ਼ਈ ਤਕ ਸੀਮਤ ਨਹੀਂ, ਇਹ ਪਰਿਵਾਰ, ਸਮਾਜ ਅਤੇ ਦੇਸ਼ ਨੂੰ ਆਪਣੇ ਕਲਾਵੇ ਵਿਚ ਲੈ ਰਹੀ ਹੈ। ਇਸ ਸਮੱਸਿਆ ਦੇ ਤਾਰ ਹੁਣ ਕੌਮਾਂਤਰੀ ਪੱਧਰ ਤੱਕ ਪਹੁੰਚੇ ਹੋਏ ਹਨ। ਇਸ ਤੋਂ ਵੀ ਵੱਧ, ਸਮੈਕ ਅਤੇ ਹੈਰੋਇਨ ਵਰਗੇ ਗੈਰ-ਕਾਨੂੰਨੀ ਨਸ਼ਿਆਂ ਨਾਲ ਬਹੁਤ ਵੱਡੀ ਮਾਤਰਾ ਵਿਚ ਪੈਸੇ ਜੁੜੇ ਹੋਏ ਹਨ; ਨਤੀਜੇ ਵਜੋਂ ਦੇਸ਼ ਦੀ ਰਾਜਨੀਤੀ ਜਿਸ ਨੇ ਲੋਕ ਪੱਖੀ ਭੂਮਿਕਾ ਨਿਭਾਉਣੀ ਹੁੰਦੀ ਹੈ, ਖ਼ੁਦ ਇਸ ਧਨ ਦੇ ਚੁੰਗਲ ਵਿਚ ਫਸੀ ਨਜ਼ਰ ਆਉਂਦੀ ਹੈ। ਕਹਿਣ ਦਾ ਮਤਲਬ, ਸਰਕਾਰ ਤੋਂ ਅਸੀਂ ਸਮੱਸਿਆ ਦਾ ਹੱਲ ਚਾਹੁੰਦੇ ਹਾਂ, ਉਹ ਖ਼ੁਦ ਹੀ ਇਸ ਵਿਚ ਫਸੀ ਪਈ ਹੈ।

‘ਚਿੱਟੇ ਖਿਲਾਫ ਕਾਲਾ ਦਿਨ’, ‘ਬੱਡੀ ਪ੍ਰੋਗਰਾਮ’, ‘ਉੱਦਮ ਪ੍ਰੋਗਰਾਮ’ ਅਤੇ ਹੋਰ ਅਜਿਹੇ ਕਿੰਨੇ ਹੀ ਪ੍ਰੋਗਰਾਮ ਸਰਕਾਰਾਂ ਨੇ ਸਮੇਂ-ਸਮੇਂ ਸ਼ੁਰੂ ਕੀਤੇ ਪਰ ਇਨ੍ਹਾਂ ਪ੍ਰੋਗਰਾਮਾਂ ਦੇ ਬਾਵਜੂਦ ਸਮੱਸਿਆ ਜਿਉਂ ਦੀ ਤਿਉਂ ਹੈ ਸਗੋਂ ਹਰ ਨਵੇਂ ਪ੍ਰੋਗਰਾਮ ਤੋਂ ਬਾਅਦ ਸਮੱਸਿਆ ਵਿਚ ਵਾਧਾ ਹੀ ਦੇਖਣ ਨੂੰ ਮਿਲਦਾ ਹੈ। ਨਸ਼ਿਆਂ ਖ਼ਿਲਾਫ਼ ਪ੍ਰੋਗਰਾਮ ਤਹਿਤ ਨਸ਼ਿਆਂ ਬਾਰੇ ਸਮਝ ਤੋਂ ਆਪੇ ਅੰਦਾਜ਼ਾ ਲੱਗ ਸਕਦਾ ਹੈ ਕਿ ਸਾਡੀ ਸਮਝ ਕਿੰਨੀ ਪੇਤਲੀ ਹੈ। ਨਸ਼ਿਆਂ ਬਾਰੇ ਸਭ ਤੋਂ ਪ੍ਰਚੱਲਤ ਸਮਝ ਇਹ ਪ੍ਰਚਾਰਦੀ ਹੈ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਇਹਦੇ ਦੋ ਪਹਿਲੂਆਂ- ਮੰਗ ਤੇ ਸਪਲਾਈ ’ਤੇ ਕੰਮ ਕਰਨਾ ਚਾਹੀਦਾ ਹੈ; ਮਤਲਬ, ਨਸ਼ਿਆਂ ਦੀ ਮੰਗ ਘਟਾਉਣੀ ਚਾਹੀਦੀ ਹੈ, ਸਪਲਾਈ ਆਪਣੇ ਆਪ ਬੰਦ ਹੋ ਜਾਵੇਗੀ। ਸੁਣਨ ਨੂੰ ਇਕ ਵਾਰੀ ਗੱਲ ਜਚਦੀ ਹੈ ਪਰ ਇਸ ਵਿਚ ਵੱਡਾ ਨੁਕਸ ਇਹ ਹੈ ਕਿ ਇਕ ਤਾਂ ਇਹ ਨਸ਼ਈ ’ਤੇ ਨਿਸ਼ਾਨਾ ਸੇਧਦੀ ਹੈ, ਦੂਜਾ ਨਸ਼ੇ ਵੇਚਣ ਵਾਲਿਆਂ ’ਤੇ। ਠੀਕ ਹੈ, ਇਹ ਦੋਵੇਂ ਧਿਰਾਂ ਹੀ ਇਸ ਵਿਚ ਕਾਰਜਸ਼ੀਲ ਹਨ ਤੇ ਦੋਹਾਂ ਦਾ ਗੂੜ੍ਹਾ ਸਬੰਧ ਹੈ ਪਰ ਦਿੱਕਤ ਕੀ ਹੈ? ਨਸ਼ੇ ਕਰਨ ਵਾਲੇ ਸ਼ਖ਼ਸ ਅਤੇ ਉਸ ਦੀ ਮਾਨਸਿਕਤਾ ਨੂੰ ਸਮਝੇ ਬਗੈਰ ਨਸ਼ੇ ਦੀ ਮੰਗ ਨੂੰ ਨਹੀਂ ਸਮਝਿਆ ਜਾ ਸਕਦਾ; ਨਾਲੇ ਨਸ਼ਾ ਵੇਚਣ ਵਾਲਾ ਹਰ ਦਮ ਨਸ਼ਾ ਵੇਚਣ ਲਈ ਤਿਆਰ ਰਹਿੰਦਾ ਹੈ, ਉਹ ਨਸ਼ੇ ਵੇਚਣ ਦੇ ਨਵੇਂ ਤੋਂ ਨਵੇਂ ਰਾਹ ਲੱਭਦਾ ਰਹਿੰਦਾ ਹੈ।

ਸਮੱਸਿਆ ਦਾ ਇਕ ਹੋਰ ਪੱਖ ਹੈ ਜੋ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਲੱਗਦਾ ਹੈ। ਇਹ ਸਮੱਸਿਆ ਸਮਾਜਿਕ ਹੈ ਅਤੇ ਇਸ ਦੀ ਜੜ੍ਹ ਪਰਿਵਾਰ ਵਿਚੋਂ ਲੱਭੀ ਜਾ ਸਕਦੀ ਹੈ। ਨਸ਼ਾ ਸ਼ੁਰੂ ਕਰਨ ਤੋਂ ਲੈ ਕੇ ਨਸ਼ਾ ਛੱਡਣ ਤੱਕ ਪਰਿਵਾਰ ਦੀ ਬਹੁਤ ਵੱਡੀ ਭੂਮਿਕਾ ਹੈ। ਹੁਣ ਨਸ਼ੇ ਨੂੰ ਆਮ ਸਰੀਰਕ ਬਿਮਾਰੀ ਵਾਂਗ ਲਿਆ ਜਾ ਰਿਹਾ। ਨਸ਼ਿਆਂ ਨੂੰ ਸਮਝਣ ਲਈ ਇਕ ਪੱਖ ਹੈ ਜਿਸ ਬਾਰੇ ਸਾਰੇ ਮਾਹਿਰ ਆਪਣਾ ਪੱਖ ਪੇਸ਼ ਨਹੀਂ ਕਰ ਰਹੇ ਕਿ ਇਹ ਸਮੱਸਿਆ ਤਿੰਨ ਧਿਰੀ ਹੈ। ਨਸ਼ੇ, ਨਸ਼ੇ ਕਰਨ ਦਾ ਮਾਹੌਲ ਅਤੇ ਨਸ਼ੇ ਕਰਨ ਵਾਲਾ ਬੰਦਾ। ਨਸ਼ੇ ਅਤੇ ਮਾਹੌਲ ਤੇ ਉਸ ਮਾਹੌਲ ਨੂੰ ਝੱਲਦਾ ਹੋਇਆ ਨਸ਼ਈ। ਇਨ੍ਹਾਂ ਤਿੰਨਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅਸੀਂ ਨਸ਼ੇ ਦੀ ਜਦੋਂ ਵੀ ਗੱਲ ਕਰਦੇ ਹਾਂ ਤਾਂ ਸਭ ਦਾ ਨਿਸ਼ਾਨਾ ਨਸ਼ਈ ਹੁੰਦਾ ਹੈ। ਪਰਿਵਾਰ ਵਿਚ ਨਸ਼ਈ ਨੂੰ ਘਰ ਦੀ ਬਰਬਾਦੀ ਦਾ ਜ਼ਿੰਮੇਵਾਰ ਕਿਹਾ ਜਾਂਦਾ ਹੈ। ਦੇਸ਼ ਦੀ ਮੰਦੀ ਹਾਲਤ ਦਾ ਜ਼ਿੰਮੇਵਾਰ ਨਸ਼ਈ ਨੂੰ ਕਿਹਾ ਜਾਂਦਾ ਹੈ। ਨਸ਼ਿਆਂ ਬਾਰੇ ਇਸ ਸਮਝ ਵਿਚ ਜੋ ਸਭ ਤੋਂ ਵੱਡੀ ਭੁੱਲ ਹੋਈ ਜਾਂ ਹੋ ਰਹੀ ਹੈ, ਉਹ ਹੈ ਕਿ ਅਸੀਂ ਨਸ਼ਾ ਕਰਨ ਵਾਲੇ ਦੀ ਮਾਨਸਿਕਤਾ ਨੂੰ ਨਹੀਂ ਸਮਝਿਆ। ਉਹ ਨਸ਼ਾ ਕਰਦੇ ਕਿਉਂ ਹਨ? ਨਸ਼ੇ ਉਸ ਲਈ ਖਿੱਚ ਦਾ ਕੇਂਦਰ ਕਿਉਂ ਹਨ?

ਨਸ਼ਾ ਕਰਨ ਵਾਲੇ ਦੀ ਉਮਰ ਜੋ ਸਭ ਤੋਂ ਵੱਧ ਦੁਨੀਆ ਭਰ ਵਿਚ ਸਾਹਮਣੇ ਆਈ ਹੈ, ਉਹ 19 ਤੋਂ 35 ਸਾਲ ਹੈ। ਇਹ ਉਮਰ ਕਿਸੇ ਵੀ ਦੇਸ਼ ਲਈ ਸਭ ਤੋਂ ਕਮਾਊ ਉਮਰ ਹੈ। ਉਨ੍ਹਾਂ ਅੰਦਰ ਕੰਮ ਕਰਨ ਦੀ ਕਾਬਲੀਅਤ ਵੀ ਹੁੰਦੀ ਹੈ ਅਤੇ ਸਮਰੱਥਾ ਵੀ। ਇਹੀ ਉਮਰ ਹੈ ਜੋ ਕ੍ਰਾਂਤੀਕਾਰੀ ਕੰਮਾਂ ਵਿਚ ਹਿੱਸਾ ਵੀ ਲੈਂਦੀ ਹੈ ਅਤੇ ਹੁੱਲੜਬਾਜ਼ਾਂ ਦੀ ਭੀੜ ਦਾ ਹਿੱਸਾ ਵੀ ਬਣਦੀ ਹੈ। ਇਹੀ ਉਮਰ ਹੈ ਜੋ ਹੋਸ਼ ਤੇ ਜੋਸ਼ ਦੇ ਗੇੜ ਵਿਚ ਪ੍ਰਚਾਰੀ, ਉਭਾਰੀ ਵੀ ਜਾਂਦੀ ਹੈ। ਜ਼ਿਆਦਾਤਰ ਇਸ ਉਮਰ ਨੂੰ ਹੋਸ਼ ਵੀ ਰਹਿੰਦੀ ਹੈ ਕਿਉਂਕਿ ਵਿਗਿਆਨ ਦੇ ਅਜੂਬੇ ਜਾਂ ਹੋਰ ਕਿਸੇ ਖੇਤਰ ਵਿਚ ਅੱਵਲ ਦਰਜੇ ਦੀਆਂ ਪ੍ਰਾਪਤੀਆਂ ਵੀ ਇਸ ਉਮਰ ਨੇ ਹੀ ਕੀਤੀਆਂ ਹਨ। ਇਹ ਤਾਂ ਨੌਜਵਾਨਾਂ ਨੂੰ ਨਜਿੱਠਣ ਅਤੇ ਉਨ੍ਹਾਂ ਨੂੰ ਵਰਤਣ ਵਾਲੇ ਵੱਧ ਦੱਸ ਸਕਦੇ ਹਨ।

ਜਿਥੋਂ ਤਕ ਸਮਾਜ ਵਿਚ ਰਹਿਣ ਦਾ ਸਵਾਲ ਹੈ, ਇਹ ਵੀ ਖੋਜ ਦਾ ਨਤੀਜਾ ਹੈ ਕਿ ਸਾਰੇ ਲੋਕ ਮਿਲ ਕੇ ਇਕ ਦੂਜੇ ਦੀ ਮਦਦ ਕਰ ਕੇ, ਪਿਆਰ ਨਾਲ ਰਹਿਣਾ ਚਾਹੁੰਦੇ ਹਨ। ਮਨੁੱਖੀ ਲੋੜਾਂ ਬਾਰੇ ਵੀ ਯੂਐੱਨ ਦੀਆਂ ਕਈ ਕਮੇਟੀਆਂ ਨੇ ਖੋਜ ਕੀਤੀ ਹੈ, ਖਾਸ ਕਰ ਕੇ ਪਰਿਵਾਰਕ ਪਾਲਣ-ਪੋਸ਼ਣ ਬਾਰੇ। ਇਕ ਪਾਸੇ ਮਾਪਿਆਂ ਦਾ ਕਿਰਦਾਰ ਆਪਸ ਵਿਚ ਮਿਲ ਕੇ ਰਹਿਣ ਦਾ ਹੋਵੇ; ਦੂਜੇ ਪਾਸੇ ਨੌਜਵਾਨਾਂ ਦੀ ਮਾਨਸਿਕਤਾ ਵਿਚ ਪਏ ਪਿਆਰ, ਪੁੱਛ, ਪ੍ਰਵਾਨਗੀ ਤੇ ਪਛਾਣ ਨੂੰ ਸਮਝਣ ਵਾਲੇ ਮਾਪੇ ਹੋਣ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਪਰਿਵਾਰ ਦੇ ਪੱਧਰ ’ਤੇ ਹੀ ਹੱਲ ਕੀਤਾ ਜਾ ਸਕਦਾ ਹੈ।

ਨਸ਼ਿਆਂ ਦੇ ਇਸ ਮਾਹੌਲ ਵਿੱਚ, ਜੋ ਦੇਸ਼ ਵਿਚ ਸਿਆਸਤਦਾਨਾਂ ਦੀ ਲੋੜ ਬਣ ਗਿਆ ਹੈ, ਦੁਨੀਆ ਭਰ ਵਿੱਚ ਵੋਟਾਂ ਦੀ ਰਾਜਨੀਤੀ, ਨਸ਼ਿਆਂ ਅਤੇ ਨਸ਼ਿਆਂ ਤੋਂ ਕਮਾਏ ਕਾਲੇ ਧਨ ਦੇ ਹੱਥ ਆ ਗਈ ਹੈ। ਇਉਂ ਅਸੀਂ ਸਮਝ ਸਕਦੇ ਹਾਂ ਕਿ ਦੁਨੀਆ ਦੀ ਰਾਜਨੀਤੀ ਕਿਸ ਦਿਸ਼ਾ ਵੱਲ ਤੁਰ ਪਈ ਹੈ। ਸਰਕਾਰਾਂ ਖ਼ੁਦ ਨਸ਼ੇ ਵੰਡ, ਵੇਚ ਰਹੀਆਂ ਹਨ ਅਤੇ ਲੋਕ ਇੰਨੇ ਨਾਸਮਝ ਹਨ ਕਿ ਸਰਕਾਰਾਂ ਕੋਲ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦੀ ਮੰਗ ਲੈ ਕੇ ਜਾਂਦੇ ਹਨ। ਸਰਕਾਰਾਂ ਵੀ ਇਸ ਮੰਗ ਨੂੰ ਖੁਸ਼ੀ-ਖੁਸ਼ੀ ਕਬੂਲ ਕਰ ਲੈਂਦੀਆਂ ਹਨ ਤੇ ਇਲਾਕੇ ਵਿਚ ਨਸ਼ਾ ਛੁਡਾਊ ਕੇਂਦਰ ਦਾ ਉਦਘਾਟਨ ਕਰ ਕੇ ਲੋਕਾਂ ਨੂੰ ਤੋਹਫ਼ਾ ਦੇ ਕੇ ਨਵਾਜਦੀਆਂ ਹਨ।

ਗੱਲ ਸ਼ੁਰੂ ਕੀਤੀ ਸੀ ਤਬਾਹੀ ਦੀ, ਉਸ ਬੰਬ ਦੀ ਅਤੇ ਯੂਐੱਨ ਦੀ ਸਥਾਪਨਾ ਦੀ ਤੇ ਟੀਚਾ ਸੀ ਦੁਨੀਆ ਮਿਲਜੁਲ ਕੇ ਪਰਿਵਾਰ ਬਣ ਕੇ ਰਹੇ ਪਰ ਅਜਿਹਾ ਹੋਇਆ ਨਹੀਂ ਤੇ ਸਹੀ ਮਾਇਨਿਆਂ ਵਿਚ ਕਹੀਏ, ਅਮਲ ਦੀ ਭਾਲ ਵਿਚ ਸਾਰੀ ਦੁਨੀਆ ਨੂੰ ਹੀ ਜੰਗ ਦੇ ਮੈਦਾਨ ਵਿਚ ਧੱਕਿਆ ਜਾ ਰਿਹਾ ਹੈ। ਜਿਸ ਤਰ੍ਹਾਂ ਦਾ ਮਾਹੌਲ ਅੱਜ ਦੁਨੀਆ ਵਿਚ ਬਣ ਗਿਆ ਹੈ ਜਾਂ ਬਣਾਇਆ ਜਾ ਰਿਹਾ ਹੈ, ਉਹ ਸਰਮਾਏਦਾਰੀ ਕਰ ਕੇ ਹੈ, ਜਿਸ ਦੇ ਹਵਾਲੇ ਦੁਨੀਆ ਨੂੰ ਕੀਤਾ ਹੋਇਆ ਹੈ, ਫਿਰ ਅਸੀਂ ਅਮਨ ਦੀ ਆਸ ਨਹੀਂ ਕਰ ਸਕਦੇ। ਦੁਨੀਆ ਦੇ ਸਭ ਤੋਂ ਵੱਧ ਮੁਨਾਫਾ ਕਮਾਉਣ ਵਾਲਿਆਂ ਦੇ ਦੋ ਹੀ ਧੰਦੇ ਹਨ- ਇਕ ਹਥਿਆਰਾਂ ਦਾ ਅਤੇ ਦੂਜਾ ਦਵਾਈਆਂ ਦਾ, ਤੇ ਨਸ਼ੇ ਵੀ ਹਥਿਆਰ ਵਜੋਂ ਇਸਤੇਮਾਲ ਹੋ ਰਹੇ ਹਨ। ਬਾਰਡਰ ਅਸੀਂ ਬਣਾਏ ਜ਼ਰੂਰ ਹਨ ਪਰ ਨਾਲ ਹੀ ਡਰੋਨ ਵਰਗੀਆਂ ਮਸ਼ੀਨਾਂ ਵੀ ਅਸੀਂ ਹੀ ਬਣਾਈਆਂ ਹਨ। ਕਹਿਣ ਨੂੰ ਭਾਵੇਂ ਸਭ ਦੇ ਪਿੱਛੇ ਵਿਗਿਆਨ ਹੈ ਪਰ ਵਿਗਿਆਨ ਵੀ ਸਰਮਾਏਦਾਰਾਂ ਦੇ ਹੱਥ ਹੈ ਅਤੇ ਸਰਮਾਏਦਾਰੀ ਦਾ ਇਕੋ ਹੀ ਨਿਸ਼ਾਨਾ ਹੈ- ਮੁਨਾਫ਼ਾ। ਇਸ ਦਾ ਇਕੋ ਹੀ ਸੁਭਾਅ ਹੈ- ਲਾਲਚ, ਤੇ ਲਾਲਚ ਲਈ ਦੁਨੀਆ ਦੇ ਹਰ ਕੋਨੇ ਤੱਕ ਆਪਣੇ ਸੰਦ ਜਾਂ ਹਥਿਆਰ ਪਹੁੰਚਾਉਣਾ, ਭਾਵੇਂ ਉਹ ਕਿਸੇ ਨੂੰ ਕਿੰਨਾ ਮਰਜ਼ੀ ਨੁਕਸਾਨ ਪਹੁੰਚਾਉਣ, ਭਾਵੇਂ ਇਹ ਦੁਨੀਆ ਹੀ ਤਬਾਹ ਹੋ ਜਾਵੇ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ

# ਧਰਤੀ ਦੀ ਸਿਹਤ ਨਾਲ ਜੁੜੀ ਹੈ ਮਨੁੱਖ ਦੀ ਸਿਹਤ

ਡਾ. ਸ਼ਿਆਮ ਸੁੰਦਰ ਦੀਪਤੀ

ਸਾਫ ਹਵਾ, ਪਾਣੀ ਅਤੇ ਖੁਰਾਕ ਨਾਲ ਸਾਡੀ ਸਿਹਤ ਜੁੜੀ ਹੈ ਤੇ ਧਰਤੀ ਦੀ ਸਿਹਤ ਵੀ ਇਨ੍ਹਾਂ ’ਤੇ ਹੀ ਨਿਰਭਰ ਹੈ। ਇਸ ਮਾਮਲੇ ਵਿੱਚ ਕਰੋਨਾ ਸੰਕਟ ਤੋਂ ਸਬਕ ਸਿੱਖਣਾ ਬੇਹੱਦ ਜ਼ਰੂਰੀ ਹੈ। ਉਦੋਂ ਅਸੀਂ ਨਹਿਰਾਂ ਨੂੰ ਸਾਹ ਲੈਂਦੇ ਦੇਖਿਆ, ਧਰਤੀ ਨੂੰ ਹੱਸਦੇ ਮੁਸਕਰਾਉਂਦੇ ਤੱਕਿਆ। ਅਸੀਂ ਬੰਦ ਸੀ, ਪਰ ਅਸਮਾਨ ਸਾਫ਼ ਸੀ, ਨੀਲਾ-ਨੀਲਾ। ਜਿੱਥੇ ਕਿਤੇ ਵੀ ਪਹਾੜੀਆਂ ਦਿਸਦੀਆਂ ਸੀ, ਉਨ੍ਹਾਂ ਦਾ ਨਿਖਾਰ ਵੀ ਵੱਖਰਾ ਸੀ। ਇਹ ਸਾਰੇ ਸੰਕੇਤ ਹਨ ਕਿ ਕਿਵੇਂ ਵਾਤਾਵਰਨ ਸਾਫ਼ ਹੋ ਸਕਦਾ ਹੈ। ਸਾਨੂੰ ਕਿਹੜੇ-ਕਿਹੜੇ ਕੰਮਾਂ ਵਿਚ ਵਿਗਿਆਨਕ ਨਜ਼ਰੀਆ ਅਪਣਾਉਣ ਦੀ ਲੋੜ ਹੈ। ‘ਵਿਕਾਸ’ ਦੇ ਅਰਥਾਂ ਨੂੰ ਮੁੜ ਤੋਂ ਪਰਿਭਾਸ਼ਿਤ ਕਰਨ ਦੀ ਲੋੜ ਹੈ। ਕੀ ਸਾਨੂੰ ਵਿਕਾਸ ਨਾਲ ਵਧ ਰਹੀ ਇਕੱਲਤਾ ਅਤੇ ਇਕੱਲਤਾ ਤੋਂ ਵਧ ਰਹੀ ਉਦਾਸੀ ਚਾਹੀਦੀ ਹੈ? ਇਹ ਕਿਹੋ ਜਿਹਾ ਵਿਕਾਸ ਹੈ, ਜੋ ਹਜ਼ਾਰਾਂ ਮੀਲ ਦੂਰ ਬੈਠੇ ਬੱਚੇ ਨਾਲ ਸਿੱਧੇ ਸ਼ਕਲੋ-ਸ਼ਕਲੀ ਗੱਲ ਕਰਵਾਉਂਦਾ ਹੈ, ਆਵਾਜ਼ਾਂ ਨਾਲ ਕਲੇਜਾ ਠੰਢਾ ਹੁੰਦਾ ਹੈ ਤੇ ਸੰਪਰਕ ਟੁੱਟਦੇ ਸਾਰ ਉਦਾਸੀ ਵਧ ਜਾਂਦੀ ਹੈ, ਬਹੁਤ ਲੰਮੀ ਉਦਾਸੀ।

ਸਾਡੀ ਅਤੇ ਧਰਤੀ ਦੀ ਸਿਹਤ ਨੂੰ ਲੈ ਕੇ ਉਭਾਰੇ ਵਿਸ਼ੇ ਲਈ ਤਿੰਨ ਪਹਿਲੂ ਵੀ ਸਾਹਮਣੇ ਰੱਖੇ ਗਏ ਹਨ, ਜੋ ਇਸ ਦਿਸ਼ਾ ਨੂੰ ਠੱਲ੍ਹ ਪਾ ਸਕਦੇ ਹਨ ਜਾਂ ਫਿਲਹਾਲ ਇਸ ਦੀ ਰਫ਼ਤਾਰ ਘਟਾ ਸਕਦੇ ਹਨ; ਉਹ ਹਨ- ਰਾਜਨੀਤਕ, ਸਮਾਜਿਕ ਅਤੇ ਵਪਾਰਕ। ਜੇਕਰ ਇਸ ਨੂੰ ਇਕ ਕੇਂਦਰੀ ਨੁਕਤੇ ਤੱਕ ਸੀਮਤ ਕਰ ਕੇ ਦੇਖਣਾ ਹੋਵੇ ਤਾਂ ਉਹ ਰਾਜਨੀਤਕ ਹੈ। ਰਾਜਨੀਤਕ ਇੱਛਾ ਸ਼ਕਤੀ ਬਹੁਤ ਅਸਰਦਾਰ ਹੁੰਦੀ ਹੈ; ਜੇ ਉਹ ਆਪਣੀ ਤਾਕਤ ਨੂੰ ਪਛਾਣੇ ਤੇ ਸਹੀ ਦਿਸ਼ਾ ਵਿਚ ਵਰਤੇ, ਪਰ ਦਿਨ-ਬਦਿਨ ਰਾਜਨੀਤਕ ਸ਼ਕਤੀ ਨੂੰ ਵਪਾਰਕ ਸ਼ਕਤੀ ਨੇ ਆਪਣੇ ਕਲਾਵੇ ਵਿਚ ਲੈ ਲਿਆ ਹੈ। ਵਪਾਰਕ ਸ਼ਕਤੀ ਕੌਮਾਂਤਰੀ ਪੱਧਰ ਤੱਕ ਬਣ ਰਹੀ ਹੈ ਤੇ ਉਹ ਹੁਣ ਰਾਜਨੀਤਕ ਏਜੰਡਾ ਤੈਅ ਕਰਦੀ ਹੈ। ਇਹ ਸਭ ਸਰਮਾਏਦਾਰੀ ਤੈਅ ਕਰਦੀ ਹੈ ਜੋ ਸਾਮਰਾਜਵਾਦ ਦੇ ਰੂਪ ਵਿੱਚ ਉੱਭਰ ਰਹੀ ਹੈ।

ਮਨੁੱਖ ਦੀ ਸਿਹਤ ਦੀ ਗੱਲ ਕਰੀਏ ਤਾਂ ਕੌਮਾਂਤਰੀ ਪੱਧਰ ’ਤੇ ਵਿਸ਼ਵ ਸਿਹਤ ਸੰਸਥਾ ਆਪਣੇ ਸਥਾਪਨਾ ਦਿਵਸ ਮੌਕੇ 7 ਅਪਰੈਲ ਨੂੰ ‘ਵਿਸ਼ਵ ਸਿਹਤ ਦਿਵਸ’ ਮਨਾਉਂਦੀ ਹੈ। ਦਰਅਸਲ, ਸਿਹਤ ਦਾ ਮੁੱਦਾ ਬਹੁਤ ਵਿਆਪਕ ਹੈ। ਇਸ ਨੂੰ ਬਿਮਾਰੀ ਅਤੇ ਇਲਾਜ ਤੱਕ ਸੀਮਤ ਕਰ ਦੇਣਾ, ਇਸ ਦੀ ਮੂਲ ਭਾਵਨਾ ਤੋਂ ਦੂਰ ਜਾਣਾ ਹੈ। ਬਿਮਾਰ ਲਈ ਸਮੇਂ ਸਿਰ ਸਿਹਤ ਸਹੂਲਤਾਂ ਬਿਨਾਂ ਸ਼ੱਕ ਬਹੁਤ ਅਹਿਮ ਪੱਖ ਹੈ, ਪਰ ਸਾਡੇ ਗਿਆਨ ਵਿੱਚ ਉਹ ਸੰਕਲਪ ਵੀ ਹੈ ਕਿ ਬਿਮਾਰ ਹੋਇਆ ਹੀ ਨਾ ਜਾਵੇ। ਸਾਰੇ ਲੋਕ ਸਿਹਤਮੰਦ ਰਹਿਣ, ਜੋ ਸੰਭਵ ਵੀ ਹੈ। ਸਾਡੇ ਸਰੀਰ ਵਿਚ ਲਾਜਵਾਬ ਸੁਰੱਖਿਆ ਪ੍ਰਣਾਲੀ ਹੈ, ਜੋ ਇਹ ਕੰਮ ਕਰਨ ਲਈ ਮਾਹਿਰ ਹੈ ਕਿ ਬਿਮਾਰੀ ਨੇੜੇ-ਤੇੜੇ ਨਾ ਫਟਕੇ।

ਜੇ ਮਨੁੱਖੀ ਸਰੀਰ ਦੀ ਗੱਲ ਕਰੀਏ, ਇਸ ਨੂੰ ਸੁਚਾਰੂ ਢੰਗ ਨਾਲ ਗਤੀਸ਼ੀਲ ਬਣਾਈ ਰੱਖਣ ਲਈ ਸਿਹਤਮੰਦ ਹਾਲਤ ਵਿਚ ਵਿਚਰਨ ਲਈ ਸਭ ਤੋਂ ਪਹਿਲੀ ਅਤੇ ਅਹਿਮ ਲੋੜ ਖੁਰਾਕ ਦੀ ਹੈ ਪਰ ਸਿਹਤ ਅਤੇ ਬਿਮਾਰੀ ਨੂੰ ਲੈ ਕੇ ਜਦੋਂ ਵੀ ਚਰਚਾ ਹੁੰਦੀ ਹੈ, ਖੁਰਾਕ ਦੀ ਗੱਲ ਉਸ ਵਿਚ ਸ਼ਾਮਲ ਨਹੀਂ ਹੁੰਦੀ। ਸਰਕਾਰਾਂ ਸਿਹਤ ਦੇ ਪਹਿਲੂ ’ਤੇ ਦਵਾਈਆਂ, ਸਿਹਤ ਕੇਂਦਰਾਂ ਦੀ ਮਜ਼ਬੂਤੀ, ਡਾਕਟਰਾਂ/ਨਰਸਾਂ ਦੀ ਭਰਤੀ ਦੀ ਗੱਲ ਕਰਦੀਆਂ ਹਨ। ਖੁਰਾਕ ਹੀ ਮੁੱਖ ਤੌਰ ’ਤੇ ਅਜਿਹਾ ਜ਼ਰੀਆ ਹੈ, ਜਿਸ ਨਾਲ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤੀ ਮਿਲਦੀ ਹੈ। ਸੁਰੱਖਿਆ ਪ੍ਰਣਾਲੀ ਮਜ਼ਬੂਤ ਹੋਵੇਗੀ ਤਾਂ ਉਹ ਬਿਮਾਰ ਕਰਨ ਵਾਲੇ ਕੀਟਾਣੂਆਂ, ਵਿਸ਼ਾਣੂਆਂ ਜਾਂ ਹੋਰ ਖਤਰਨਾਕ ਕਣਾਂ ਨਾਲ ਕਾਰਗਰ ਢੰਗ ਨਾਲ ਨਜਿੱਠ ਸਕੇਗੀ। ਇਸ ਖੁਰਾਕ ਦੇ ਅਗਾਂਹ ਮਹੱਤਵਪੂਰਨ ਪੱਖ ਹਨ। ਪ੍ਰੋਟੀਨ, ਵਿਟਾਮਿਨ, ਖਣਿਜ ਪਦਾਰਥ ਜੋ ਦਾਲਾਂ, ਫਲਾਂ, ਸਬਜ਼ੀਆਂ ਤੋਂ ਮਿਲਦੇ ਹਨ। ਇਹ ਖੁਰਾਕੀ ਤੱਤ ਲੋਕਾਂ ਨੂੰ ਮੁਹੱਈਆ ਕਰਵਾਉਣੇ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਕਿਵੇਂ ਖੇਤੀ ਨੀਤੀ ਤਹਿਤ ਇਨ੍ਹਾਂ ਨੂੰ ਉਗਾਉਣ ਦੀ ਵਿਉਂਤਬੰਦੀ ਹੋਵੇ ਤੇ ਫਿਰ ਇਨ੍ਹਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕਿਸ ਤਰ੍ਹਾਂ ਦੀ ਵੰਡ ਪ੍ਰਣਾਲੀ ਬਣੇ।

ਖੁਰਾਕ ਮੁਹੱਈਆ ਕਰਵਾਉਣ ਤੋਂ ਅੱਗੇ ਇਕ ਹੋਰ ਅਹਿਮ ਪਹਿਲੂ ਹੈ ਕਿ ਇਹ ਕਿਸ ਰੂਪ ਵਿੱਚ ਲੋਕਾਂ ਦੇ ਮੂੰਹ ਤੱਕ ਪਹੁੰਚਦੀ ਹੈ।

ਸਿਹਤ ਨੂੰ ਲੈ ਕੇ ਦੂਜਾ ਅਹਿਮ ਪੱਖ ਜੋ ਸਿਹਤ ਚਰਚਾ ਵਿਚ ਘੱਟੋ-ਘੱਟ ਸਿੱਧੇ ਤੌਰ ’ਤੇ ਕਦੇ ਵੀ ਨਹੀਂ ਆਉਂਦਾ, ਉਹ ਹੈ ਵਾਤਾਵਰਨ। ਵਾਤਾਵਰਨ ਬਹੁਤ ਵਸੀਹ ਪਹਿਲੂ ਹੈ। ਇਸ ਨੂੰ ਸਮਝਣਾ ਹੋਵੇ ਤਾਂ ਮਨੁੱਖੀ ਜੀਵਨ ਦੇ ਦੋ ਅਹਿਮ ਤੱਤ ਹਵਾ ਅਤੇ ਪਾਣੀ, ਸਾਡੇ ਵਾਤਾਵਰਣ ਦਾ ਹਿੱਸਾ ਹਨ; ਭਾਵੇਂ ਖੁਰਾਕ ਵੀ ਓਨਾ ਹੀ ਅਹਿਮ ਹਿੱਸਾ ਹੈ। ਵਾਤਾਵਰਨ ਨੂੰ ਗੰਭੀਰਤਾ ਨਾਲ ਅਸੀਂ ਕੁਝ ਕੁ ਸਾਲਾਂ ਤੋਂ ਹੀ ਸਮਝਣ ਲੱਗੇ ਹਾਂ ਪਰ ਇਸ ਨਾਲ ਨਜਿੱਠਣ ਲਈ ਅਜੇ ਵੀ ਤਿਆਰ ਨਹੀਂ ਹੋਏ। ਇਕ ਮੰਦ ਇਹ ਵੀ ਹੈ ਕਿ ਮੈਡੀਸਨ ਦੇ ਪਿਤਾਮਾ ਮੰਨੇ ਜਾਂਦੇ ਯੂਨਾਨ ਦੇ ਹਿਪੋਕਰੇਟਸ ਨੇ ਤਿੰਨ ਹਜ਼ਾਰ ਸਾਲ ਪਹਿਲਾਂ ਬਿਮਾਰੀਆਂ ਹੋਣ ਨੂੰ ਵਾਤਾਵਰਨ ਨਾਲ ਜੋੜਿਆ ਅਤੇ ਇਹ ਮੈਡੀਕਲ ਖੇਤਰ ਵਿੱਚ ਪਹਿਲਾ ਵਿਗਿਆਨਕ ਕਥਨ ਸੀ, ਨਹੀਂ ਤਾਂ ਇਹ ਦੈਵੀ ਸ਼ਕਤੀ ਦੇ ਕਹਿਰ ਵਜੋਂ ਲਈਆਂ ਜਾਂਦੀਆਂ ਸਨ।

ਵਾਤਾਵਰਨ ਵਿਚ ਗੰਦਗੀ ਦੇ ਢੇਰ, ਬਦਬੂ ਆਦਿ ਨਾਲ ਪਰੇਸ਼ਾਨੀ ਤਾਂ ਹੋਈ, ਪਰ ਉਸ ਦਾ ਹੱਲ ਸ਼ਹਿਰ ਤੋਂ ਦੂਰ ਕੀਤਾ ਗਿਆ। ਇਹ ਗੱਲ ਹੌਲੀ-ਹੌਲੀ ਸਮਝ ਵਿੱਚ ਆਈ ਕਿ ਹਵਾ ਚੱਲਦੀ ਹੈ ਤਾਂ ਪ੍ਰਦੂਸ਼ਿਤ ਕਣਾਂ ਨੂੰ ਮੀਲੋਂ ਦੂਰ ਨਾਲ ਲਿਆ ਸਕਦੀ ਹੈ। ਪਿਛਲੇ ਕੁਝ ਸਾਲਾਂ ਤੋਂ ਵੱਧ ਰਿਹਾ ਤਾਪਮਾਨ ਸਭ ਨੂੰ ਪ੍ਰਭਾਵਿਤ ਕਰ ਰਿਹਾ ਹੈ, ਨਤੀਜੇ ਵਜੋਂ ਮੌਸਮਾਂ ਦੀ ਬਦਲ ਰਹੀ ਫਿਤਰਤ ਤੋਂ ਕੋਈ ਨਹੀਂ ਬਚ ਸਕਿਆ ਹੈ। ਓਜ਼ੋਨ ਪਰਤ ਦੇ ਨੁਕਸਾਨ ਨੇ ਕਿੰਨੀਆਂ ਹੀ ਬਿਮਾਰੀਆਂ ਵਿਚ ਵਾਧਾ ਕੀਤਾ ਹੈ। ਵਾਹਨਾਂ ਵਿਚ ਵਰਤੇ ਜਾਂਦੇ ਤੇਲ ਨੇ ਹਵਾ ਪ੍ਰਦੂਸ਼ਿਤ ਕੀਤੀ ਹੈ।



ਵਿਸ਼ਵ ਸਿਹਤ ਸੰਸਥਾ ਦੇ ਅੰਦਾਜ਼ੇ ਮੁਤਾਬਿਕ, ਤਕਰੀਬਨ 1.2 ਕਰੋੜ ਲੋਕ ਹਰ ਸਾਲ ਇਸ ਲਈ ਮਰ ਜਾਂਦੇ ਹਨ ਕਿ ਉਨ੍ਹਾਂ ਨੂੰ ਸਿਹਤਮੰਦ ਵਾਤਾਵਰਨ ਨਹੀਂ ਮਿਲ ਰਿਹਾ। ਇਸ ਖਰਾਬੀ ਲਈ ਅਸੀਂ ਹੀ ਜ਼ਿੰਮੇਵਾਰ ਹਾਂ। ਇਹੀ ਹਾਲਤ ਪਾਣੀ ਦੀ ਹੈ ਹਾਲਾਂਕਿ ਏਅਰਪਿਊਰੀਫਾਇਰ, ਵੱਖ-ਵੱਖ ਤਰ੍ਹਾਂ ਦੇ ਏਅਰ ਕੰਡੀਸ਼ਨਰ ਆ ਰਹੇ ਹਨ ਤੇ ਇਸ ਦਿਸ਼ਾ ਵਿੱਚ ਖੋਜ ਵੀ ਕਾਫੀ ਹੋ ਰਹੀ ਹੈ, ਪਰ ਸਮੱਸਿਆ ਦੀ ਜੜ੍ਹ ਨੂੰ ਲੈ ਕੇ ਕੋਈ ਕੰਮ ਨਹੀਂ ਹੋ ਰਿਹਾ।

ਤਕਨਾਲੋਜੀ ਦੀ ਡੋਰ ਸਰਮਾਏਦਾਰੀ ਦੇ ਹੱਥ ਹੈ ਤੇ ਉਹ ਮੁਨਾਫ਼ੇ ਵਾਲੀ ਦਿਸ਼ਾ ਵਿੱਚ ਖੋਜ ਕਰਦੇ ਹਨ। ਹਰ ਸਾਲ ਨਵੇਂ ਤੋਂ ਨਵਾਂ ਮਾਡਲ ਲਿਆ ਕੇ ਬਾਜ਼ਾਰ ਭਰ ਦਿੰਦੇ ਹਨ। ਇਉਂ ਸਿਹਤ ਦਾ ਨੁਕਸਾਨ ਰੁਕਣ ਦੀ ਬਜਾਏ ਵਧ ਰਿਹਾ ਹੈ।

ਸਿਹਤ ਦੇ ਖੇਤਰ ਵਿਚ ਨਾ-ਬਰਾਬਰੀ ਪਹਿਲਾਂ ਹੀ ਕਾਫੀ ਹੈ, ਇਸ ਸਮੱਸਿਆ ਨਾਲ ਜਦੋਂ ਪੂਰੀ ਧਰਤੀ ਅਤੇ ਜੀਵ ਪ੍ਰਭਾਵਿਤ ਹੋ ਰਹੇ ਹਨ ਤਾਂ ਇਹ ਨਾ-ਬਰਾਬਰੀ ਹੋਰ ਵਧ ਰਹੀ ਹੈ। ਇਹ ਨਹੀਂ ਕਿ ਏਸੀ ਜਾਂ ਹਵਾ ਸਾਫ਼ ਕਰਨ ਦੀ ਮਸ਼ੀਨ ਅਮੀਰਾਂ ਦੀ ਉਮਰ ਵਧਾ ਰਹੀ ਹੈ ਜਾਂ ਸਿਹਤਮੰਦ ਰੱਖ ਰਹੀ ਹੈ; ਦਰਅਸਲ ਦੋਵੇਂ ਬਿਮਾਰੀਆਂ ਵੱਖ-ਵੱਖ ਹੋ ਰਹੀਆਂ ਹਨ ਤੇ ਸਿਹਤ ਸਹੂਲਤਾਂ ਅਮੀਰ ਆਦਮੀ ਦੀ ਪਹੁੰਚ ਵਿਚ ਹਨ।

ਪ੍ਰਦੂਸ਼ਿਤ ਵਾਤਾਵਰਨ ਨੇ ਹਵਾ, ਪਾਣੀ ਅਤੇ ਹੁਣ ਖੁਰਾਕ ਨੂੰ ਵੀ ਪ੍ਰਭਾਵਿਤ ਕੀਤਾ ਹੈ ਤੇ ਕੈਂਸਰ, ਦਮਾ ਅਤੇ ਦਿਲ ਦੀਆਂ ਬਿਮਾਰੀਆਂ ਵਧਾਈਆਂ ਹਨ। ਘਰ ਦੀ ਰਸੋਈ ਤੋਂ ਬਾਹਰ ਬਾਜ਼ਾਰ ਵਿੱਚ ਮਿਲਦੀ ਫਾਸਟ-ਫੂਡ ਮੋਟਾਪੇ ਦੀ ਦਰ ਨੂੰ ਖ਼ਤਰਨਾਕ ਸੀਮਾ ਤੱਕ ਲੈ ਗਈ ਹੈ ਤੇ ਇਸ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਜ਼ਾਹਿਰ ਹੈ ਕਿ ਜਦੋਂ ਤੱਕ ਸਿਹਤ ਦਾ ਪਹਿਲੂ ਵਿਆਪਕ ਪੱਧਰ ’ਤੇ ਨਹੀਂ ਸਮਝਿਆ ਜਾਂਦਾ; ਭਾਵ, ਧਰਤੀ ਦੀ ਸਿਹਤ ਬਾਰੇ ਵਿਚਾਰ ਨਹੀਂ ਕੀਤੀ ਜਾਂਦੀ, ਤਦ ਤੱਕ ਸਿਹਤ ਦਾ ਖੇਤਰ ਮਾਰ ਹੇਠ ਰਹੇਗਾ। ਹਸਪਤਾਲਾਂ ਵਿੱਚ ਲੋੜੀਂਦੇ ਟੈਸਟ ਅਤੇ ਦਵਾਈਆਂ ਮੁਹੱਈਆ ਕਰਵਾਉਣਾ ਵੀ ਸਿਹਤ ਬਾਰੇ ਪੂਰੀ ਸਮਝ ਨਹੀਂ ਹੈ। ਇਸ ਦਿਸ਼ਾ ਵਿਚ ਚੰਗੀ ਹਵਾ, ਪਾਣੀ ਤੇ ਖੁਰਾਕ ਦੀ ਗਾਰੰਟੀ ਕੁਝ ਹੱਦ ਤੱਕ ਸਹੀ ਕਦਮ ਹੋਵੇਗਾ। ਇਸ ਦੇ ਲਈ ਸਰਮਾਏਦਾਰੀ ਨੂੰ ਆਪਣੇ ਸਨਅਤੀ ਤੌਰ-ਤਰੀਕੇ ਬਦਲਣੇ ਪੈਣਗੇ। ਹੁਣ ਸਨਅਤਕਾਰ ਆਪਣੇ ਮੁਨਾਫ਼ੇ ਘੱਟ ਕਰਨ ਲਈ ਕਿੰਨਾ ਕੁ ਰਾਜ਼ੀ ਹੋਣਗੇ, ਇਹ ਦੇਖਣ ਵਾਲਾ ਨੁਕਤਾ ਹੈ।

ਅਸੀਂ ਮਨੁੱਖ ਦੀ ਫ਼ਿਕਰ ਤਾਂ ਹੀ ਘਟਾ ਸਕਦੇ ਹਾਂ, ਜੇਕਰ ਸਾਡੀ ਧਰਤੀ ਸਿਹਤਮੰਦ ਹੋਵੇਗੀ, ਖੁਸ਼ ਹੋਵੇਗੀ। ਇਸ ਸੂਰਤ ਵਿੱਚ ਹੀ ਉਹ ਆਪਣੀ ਬੁੱਕਲ ਵਿੱਚ ਸਾਫ਼ ਹਵਾ, ਪਾਣੀ ਅਤੇ ਖੁਰਾਕ ਦੇਣ ਦੇ ਯੋਗ ਹੋਵੇਗੀ।





‘ਪਰਦੇਸ ਟਾਇਮਜ਼’ ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: 510-938-7771 shaadi@pardestimes.com

**ਵਰ ਦੀ ਲੋੜ**

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

**ਕੰਨਿਆ ਦੀ ਲੋੜ**

ਗੁਰਸਿੱਖ 30 ਸਾਲਾ, ਕੱਦ 5 ਫੁੱਟ 10 ਇੰਚ ਲੜਕਾ, ਬੀ. ਟੈਕ, ਐਮ. ਈ. ਤੇ ਬਿਜਨਸ ਮੈਨੇਜਮੈਂਟ ਡਿਗਰੀ, ਚੰਗੀ ਕੰਪਨੀ ’ਚ ਕੰਮ ਕਰਦੇ ਯੂ. ਐਸ. ਸਿਟੀਜ਼ਨ ਲਈ ਬਰਾਬਰ ਦੀ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263


# ਟਾਹਲੀ ਉੱਤੇ ਬੈਠ ਤੋਤਿਆ...

ਜੋਗਿੰਦਰ ਕੌਰ ਅਗਨੀਹੋਤਰੀ

ਕੁਦਰਤ ਦੇ ਰੰਗ ਨਿਆਰੇ ਹਨ। ਕਹਿੰਦੇ ਹਨ ਕਿ ਮਨੁੱਖ ਸਮੇਤ 84 ਲੱਖ ਜੂਨੀਆਂ ਹਨ। 84 ਭਾਵੇਂ ਕਿਸੇ ਨੇ ਗਿਣੀਆਂ ਨਹੀਂ, ਪਰ ਇਸ ਤੋਂ ਵੱਧ ਵੀ ਹੋ ਸਕਦੀਆਂ ਹਨ। ਭਿੰਨ ਭਿੰਨ ਪ੍ਰਕਾਰ ਦੇ ਕੀਟ ਪਤੰਗਿਆਂ ਤੋਂ ਇਲਾਵਾ ਕੀੜੇ ਮਕੌੜਿਆਂ ਨੂੰ ਦੇਖਦੇ ਹਾਂ ਤਾਂ ਇੰਜ ਲੱਗਦਾ ਹੈ ਜਿਵੇਂ ਪਤਾ ਨਹੀਂ ਕਿੰਨੇ ਕੁ ਹੋਣਗੇ। ਭਾਵੇਂ ਵਿਗਿਆਨੀਆਂ ਨੇ ਵੱਖ ਵੱਖ ਨਸਲਾਂ ਦੇ ਪਸ਼ੂ-ਪੰਛੀਆਂ, ਜੀਵ-ਜੰਤੂਆਂ ਬਾਰੇ ਦੱਸਿਆ ਹੈ, ਪ੍ਰੰਤੂ ਕੁੱਝ ਕੁ ਕੀਟ-ਪਤੰਗਾਂ ਜਾਂ ਜੀਵ ਜੰਤੂਆਂ ਨੂੰ ਅਸੀਂ ਨਵਿਆਂ ਵਜੋਂ ਦੇਖਦੇ ਹਾਂ। ਕੁੱਝ ਪੁਰਾਣੀਆਂ ਜਾਤੀਆਂ ਲੁਪਤ ਹੋ ਗਈਆਂ ਹਨ ਅਤੇ ਉਨ੍ਹਾਂ ਦੀ ਥਾਂ ’ਤੇ ਨਵੀਆਂ ਜਾਤੀਆਂ ਪੈਦਾ ਹੋ ਗਈਆਂ ਹਨ। ਉਦਾਹਰਨ ਦੇ ਤੌਰ ’ਤੇ ਗਿਰਝਾਂ ਅਤੇ ਘੋਗੜ ਦੋ ਪ੍ਰਜਾਤੀਆਂ ਬਿਲਕੁਲ ਲੁਪਤ ਹਨ। ਹੋਰ ਵੀ ਪੰਛੀਆਂ ਅਤੇ ਪਸ਼ੂਆਂ, ਕੀਟ-ਪਤੰਗਾਂ ਅਤੇ ਜਾਨਵਰਾਂ ਨੂੰ ਦੇਖਦੇ ਹਾਂ। ਸਾਉਣ ਦੇ ਮਹੀਨੇ ਵਿੱਚ ਮੀਂਹ ਪੈਣ ਤੋਂ ਬਾਅਦ ਧਰਤੀ ’ਚੋਂ ਨਿਕਲੀ ਟੀਟ/ਚੀਚ ਵਹੁਟੀ ਹੁਣ ਬਹੁਤ ਘੱਟ ਦਿਖਾਈ ਦਿੰਦੀ ਹੈ। ਇਹ ਲਾਲ ਰੰਗ ਦੀ ਟੀਟ/ਚੀਚ ਵਹੁਟੀ ਸ਼ਨੀਲ ਦੇ ਕੱਪੜੇ ਵਰਗੀ ਲੱਗਦੀ ਹੈ।

ਇਸ ਤਰ੍ਹਾਂ ਹਰ ਪੰਛੀ ਦੀ ਆਪਣੀ ਆਪਣੀ ਥਾਂ ਹੈ। ਚਿੜੀਆਂ ਵੀ ਸਾਡੀ ਪ੍ਰਕਿਰਤੀ ਵਿੱਚ ਵਿਸ਼ੇਸ਼ ਥਾਂ ਰੱਖਦੀਆਂ ਹਨ। ਘਰ ਵਿੱਚ ਫਿਰਦੀਆਂ ਚਿੜੀਆਂ ਜਦ ਛੱਤਾਂ ਵਿੱਚ ਆਲ੍ਹਣੇ ਪਾਉਂਦੀਆਂ ਤਾਂ ਘਰਾਂ ਦੀ ਰੌਣਕ ਦੁੱਗਣੀ ਹੋ ਜਾਂਦੀ। ਸਵੇਰੇ ਉੱਠ ਕੇ ਚੀਂ ਚੀਂ ਕਰਨ ਵਾਲੀਆਂ ਚਿੜੀਆਂ ਮਨੁੱਖਾਂ ਨੂੰ ਵੀ ਉੱਠਣ ਲਈ ਪ੍ਰੇਰਿਤ ਕਰਦੀਆਂ। ਇਸੇ ਤਰ੍ਹਾਂ ਪੰਛੀਆਂ ਵਿੱਚ ਤੋਤਾ ਵੀ ਇੱਕ ਅਜਿਹਾ ਪੰਛੀ ਹੈ ਜੋ ਮਨੁੱਖ ਦੀ ਭਾਸ਼ਾ ਸਿੱਖ ਕੇ ਬੋਲ ਸਕਦਾ ਹੈ। ਖਾਣ ਪੀਣ ਵਿੱਚ ਤੋਤਾ ਬਹੁਤ ਹੁਸ਼ਿਆਰ ਹੈ। ਇਹ ਮਿੱਠੇ ਫ਼ਲਾਂ ਦਾ ਸ਼ੌਕੀਨ ਹੈ। ਇਹ ਬੇਰ, ਅਮਰੂਦ ਆਦਿ ਤੋੜ ਕੇ ਦੂਰ ਦੂਰ ਤੱਕ ਲੈ ਜਾਂਦਾ ਹੈ ਅਤੇ ਰੁੱਖ ’ਤੇ ਬੈਠ ਕੇ ਖਾਂਦਾ ਹੈ। ਤੋਤਾ ਤਾਂ ਹਰੀਆਂ ਮਿਰਚਾਂ ਵੀ ਤੋੜ ਕੇ ਲੈ ਜਾਂਦਾ ਹੈ।

ਹਰੇ ਰੰਗ ਦਾ ਤੋਤਾ ਜਿਸ ਦੀ ਚੁੰਝ ਲਾਲ ਹੁੰਦੀ ਹੈ, ਇਹ ਸਭ ਨੂੰ ਬਹੁਤ ਪਿਆਰਾ ਲੱਗਦਾ ਹੈ। ਇਹ ਆਮ ਕਰਕੇ ਦਰੱਖਤਾਂ ਖ਼ਾਸ ਕਰਕੇ ਨਿੰਮ ਜਾਂ ਟਾਹਲੀ ਦੀਆਂ ਖੋੜਾਂ ਵਿੱਚ ਰਹਿੰਦਾ ਹੈ। ਕਈ ਵਾਰ ਬੱਚੇ ਜਦੋਂ ਇਸ ਦੇ ਬੱਚਿਆਂ ਨੂੰ ਇਨ੍ਹਾਂ ਖੋੜਾਂ ਵਿੱਚੋਂ ਕੱਢਣ ਦਾ ਯਤਨ ਕਰਦੇ ਹਨ ਤਾਂ ਕਈ ਵਾਰ ਤੋਤੇ ਜਾਂ ਤੋਤੀਆਂ ਦੰਦੀ ਵੀ ਵੱਢ ਲੈਂਦੇ ਹਨ। ਤੋਤੇ ਦੇ ਰੰਗ ਤੋਂ ਪ੍ਰਭਾਵਿਤ ਹੋ ਕੇ ਔਰਤਾਂ ਤੋਤੇ ਰੰਗਾ ਸੂਟ ਸੰਵਾਉਣਾ ਪਸੰਦ ਕਰਦੀਆਂ ਹਨ। ਕਈ ਵਾਰ ਔਰਤਾਂ ਤੋਤੇ ਰੰਗੇ ਸੂਟ ਨਾਲ ਲਾਲ ਚੁੰਨੀ ਲੈ ਲੈਂਦੀਆਂ ਹਨ। ਉਹ ਵੀ ਬਹੁਤ ਸੋਹਣੀ ਲੱਗਦੀ ਹੈ। ਅਜਿਹੀਆਂ ਸ਼ੌਕੀਨ ਔਰਤਾਂ ਨੂੰ ਦੇਖ ਕੇ ਕਈ ਮਨਚਲੇ ਨੌਜਵਾਨ ਇਹ ਵੀ ਕਹਿ ਦਿੰਦੇ ਹਨ ਕਿ ਤੋਤਾ ਤਾਂ ਬਿਨਾਂ ਖੰਭਾਂ ਤੋਂ ਹੀ ਉੱਡਿਆ ਫਿਰਦਾ ਹੈ।

ਤੋਤੇ ਨੂੰ ਪਾਲਤੂ ਬਣਾਇਆ ਜਾਂਦਾ ਹੈ। ਸਾਰੇ ਤੋਤੇ ਬੋਲਣ ਵਿੱਚ ਮਾਹਿਰ ਨਹੀਂ ਬਣਦੇ। ਕੁੱਝ ਵਿਸ਼ੇਸ਼ ਕਿਸਮ ਦੇ ਤੋਤੇ ਜਾਂ ਤੋਤੀਆਂ ਮਨੁੱਖ ਦੀ ਨਕਲ ਕਰਦੇ ਹਨ। ਇਨ੍ਹਾਂ ਨੂੰ ਲਾਲ ਮੋਢਿਆਂ ਵਾਲੇ ਤੋਤੇ-ਤੋਤੀਆਂ ਵੀ ਕਿਹਾ ਜਾਂਦਾ ਹੈ। ਘਰ ਵਿੱਚ ਜਦੋਂ ਵੀ ਕੋਈ ਬੋਲਦਾ ਹੈ ਤਾਂ ਇਹ ਉਹੀ ਸਿੱਖ ਲੈਂਦਾ ਹੈ ਅਤੇ ਜਵਾਬ ਦੇਣਾ ਵੀ ਇਨ੍ਹਾਂ ਨੂੰ ਆਉਂਦਾ ਹੈ ਤਾਂ ਹੀ ਤਾਂ ਇਸ ਨੂੰ ਲਟਪਟ ਪੰਛੀ ਕਿਹਾ ਜਾਂਦਾ ਹੈ। ਸੋਹਣੇ ਰੰਗ ਅਤੇ ਮਨੁੱਖੀ ਬੋਲੀ ਬੋਲਣ ਕਾਰਨ ਤੋਤਾ ਲੋਕਾਂ ਦਾ ਮਨਭਾਉਂਦਾ ਪੰਛੀ ਹੈ। ਸ਼ੌਕ ਵਜੋਂ ਇਸ ਨੂੰ ਲੋਕ ਪਾਲਦੇ ਵੀ ਹਨ ਅਤੇ ਆਪਣੀ ਬੋਲੀ ਬੋਲਣ ਲਈ ਕਹਿੰਦੇ ਹਨ। ਪਾਲਤੂ ਤੋਤਿਆਂ ਨੂੰ ਘਰਾਂ ਵਿੱਚ ਫ਼ਲਾਂ ਤੋਂ ਇਲਾਵਾ ਚੂਰੀ ਵੀ ਪਾਈ ਜਾਂਦੀ ਹੈ ਅਤੇ ਉਨ੍ਹਾਂ ਨੂੰ ਕਾਜੂ, ਬਦਾਮ ਵੀ ਪਾਏ ਜਾਂਦੇ ਹਨ। ਤੋਤੇ ਨੂੰ ਪਿੰਜਰੇ ਵਿੱਚ ਰੱਖਿਆ ਜਾਂਦਾ ਹੈ ਅਤੇ ਕੁੱਝ ਸਮੇਂ ਲਈ ਬਾਹਰ ਵੀ ਕੱਢਿਆ ਜਾਂਦਾ ਹੈ। ਇਸ ਤਰ੍ਹਾਂ ਲੋਕ ਗੀਤਾਂ ਵਿੱਚ ਤੋਤੇ ਦਾ ਜ਼ਿਕਰ ਤਰ੍ਹਾਂ ਤਰ੍ਹਾਂ ਦੇ ਭਾਵਾਂ ਨੂੰ ਜ਼ਾਹਰ ਕਰਨ ਲਈ ਕੀਤਾ ਜਾਂਦਾ ਹੈ। ਕੋਈ ਸਮਾਂ ਇਹੋ ਜਿਹਾ ਵੀ ਹੁੰਦਾ ਸੀ ਜਦੋਂ ਮਾਤਾ-ਪਿਤਾ ਦੀ ਮਜਬੂਰੀ ਕਾਰਨ ਕਈ ਵਾਰ ਕੁੜੀ ਨੂੰ ਵੱਡੀ ਉਮਰ ਦੇ ਵਿਅਕਤੀ ਨਾਲ ਵੀ ਵਿਆਹ ਦਿੱਤਾ ਜਾਂਦਾ ਸੀ। ਉਸ ਵੇਲੇ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਇਹੋ ਜਿਹੇ ਗੀਤ ਲੋਕ ਗੀਤਾਂ ਵਿੱਚ ਆ ਕੇ ਰਲੇ;

ਰਾਇਆ, ਰਾਇਆ, ਰਾਇਆ
ਟੁੱਟ ਪੈਣੇ ਤੋਤੇ ਨੇ
ਮੇਰੀ ਗੁੱਤ ’ਤੇ ਆਲ੍ਹਣਾ ਪਾਇਆ।
ਸ਼ੀਸ਼ੀਏ ਬਦਾਮੀ ਰੰਗੀਏ
ਚਿੱਟੀ ਪੱਗ ਨੂੰ ਦਾਗ ਨਾ ਲਾਇਆ।
ਰੋਂਦੀ ਮਾਂ ਕੋਲੇ
ਹਾਣ ਦਾ ਮੁੰਡਾ ਨਾ ਥਿਆਇਆ।

ਸਾਡੇ ਸਮਾਜ ਦੀ ਬਾਜ਼ ਅੱਖ ਹਰ ਬੰਦੇ ’ਤੇ ਹੁੰਦੀ ਹੈ। ਸਾਧਾਰਨ ਵਿਅਕਤੀ ਨੂੰ ਲੋਕ ਸਾਧਾਰਨ ਸਮਝਦੇ ਨੇ,



ਪ੍ਰੰਤੂ ਜੇਕਰ ਸ਼ੌਕੀਨ ਵਿਅਕਤੀ ਜਾਂ ਔਰਤ ਕੋਈ ਵਧੀਆ ਕੱਪੜੇ ਪਾ ਲਵੇ ਤਾਂ ਉਸ ਨੂੰ ਦੇਖ ਕੇ ਕੁੱਝ ਨਾ ਕੁੱਝ ਜ਼ਰੂਰ ਬੋਲਦੇ ਹਨ, ਹੋਰ ਨਹੀਂ ਤਾਂ ਲੋਕ ਗੀਤਾਂ ਦਾ ਸਹਾਰਾ ਲੈ ਕੇ ਨਵੇਂ ਗੀਤ ਬਣਾ ਦਿੰਦੇ ਹਨ।

ਤੋਤਾ ਮਨੁੱਖਾਂ ਵਾਲੀ ਭਾਸ਼ਾ ਸਿੱਖਦਾ ਹੈ ਅਤੇ ਬੋਲਦਾ ਹੈ। ਕਈ ਵਾਰ ਜਦੋਂ ਕੋਈ ਬੰਦਾ ਕਿਸੇ ਦੇ ਮਗਰ ਲੱਗੇ ਤਾਂ ਉਸ ਨੂੰ ਲੋਕ ਚਾਬੀ ਵਾਲਾ ਤੋਤਾ ਵੀ ਕਹਿ ਦਿੰਦੇ ਹਨ ਕਿਉਂਕਿ ਖਿਡਾਉਣੇ ਤੋਤਿਆਂ ਵਿੱਚ ਚਾਬੀ ਵਾਲਾ ਤੋਤਾ ਵੀ ਦੂਜੇ ਤੋਤੇ ਵਾਂਗ ਬੋਲਦਾ ਹੈ ਤੇ ਇਸ ਲਈ ਇਸ ਨੂੰ ਸੱਚ ਕਰਨ ਲਈ ਲੋਕ ਉਸ ਮਨੁੱਖ ਨੂੰ ਚਾਬੀ ਵਾਲਾ ਤੋਤਾ ਵੀ ਕਹਿ ਦਿੰਦੇ ਹਨ। ਤੋਤਾ ਜਿਊਂਦਾ ਹੋਵੇ ਜਾਂ ਬਣਾਉਟੀ, ਬੱਚਿਆਂ ਨੂੰ ਬਹੁਤ ਪਸੰਦ ਹੈ। ਬੱਚਿਆਂ ਦੇ ਖਿਡੌਣਿਆਂ ਵਿੱਚ ਤੋਤਾ ਹਮੇਸ਼ਾਂ ਸ਼ਾਮਲ ਹੁੰਦਾ ਹੈ।

ਤੋਤੇ ਨੂੰ ਚਲਾਕ ਪੰਛੀ ਸਮਝਿਆ ਜਾਂਦਾ ਹੈ ਕਿਉਂਕਿ ਉਹ ਦੇਖਦੇ ਦੇਖਦੇ ਹੀ ਰੁੱਖਾਂ ਤੋਂ ਫ਼ਲ ਤੋੜ ਕੇ ਲੈ ਜਾਂਦਾ ਹੈ। ਤੋਤੇ ਦੀ ਚਲਾਕੀ ਦੀ ਗੱਲ ਲੋਕ ਗੀਤਾਂ ਵਿੱਚ ਇੰਜ ਕੀਤੀ ਜਾਂਦੀ ਹੈ;

ਉੱਡਿਆ ਸੀ ਤਿਲੀਅਰ ਤੋਤਾ
ਸੱਗੀ ’ਤੇ ਬਹਿ ਗਿਆ ਨੀਂ।
ਸੱਗੀ ਦੀ ਆਬ ਗਵਾ ਗਿਆ
ਰਸ ਫੁੱਲੀਆਂ ਦਾ ਲੈ ਗਿਆ ਨੀਂ।
ਡਰਦੀ ਹਾਂ ਸਿੰਘ ਜੀ ਕੋਲੋਂ
ਮੁੱਖੋਂ ਨਾ ਬੋਲਦਾ ਨੀਂ।

ਤੋਤੇ ਦੀ ਸੁੰਦਰਤਾ ਦੇਖ ਕੇ ਇਸ ਨੂੰ ਬੁਝਾਰਤਾਂ ਵਿੱਚ ਵੀ ਲਿਆਂਦਾ ਗਿਆ;

ਹਰੀ ਚੁੰਨੀ, ਲਾਲ ਕਿਨਾਰੀ
ਤੂੰ ਟੁੱਟ ਪੈਣਿਆਂ
ਮੇਰੇ ਇੱਟ ਕਿਉਂ ਮਾਰੀ।

ਅੱਸੂ-ਕੱਤੇ ਪੱਕੇ ਹੋਏ ਬਾਜਰੇ ਦੀ ਫ਼ਸਲ ਨੂੰ ਤੋਤਿਆਂ ਤੋਂ ਬਚਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ। ਇਸ ਦੀ ਰਾਖੀ ਬੈਠ ਕੇ ਕਰਨੀ ਪੈਂਦੀ ਹੈ। ਇਹ ਤੋਤੇ ਸਿੱਟੇ ਵੀ ਤੋੜ ਕੇ ਨਾਲ ਲੈ ਜਾਂਦੇ ਹਨ। ਸੋ ਤੋਤਾ ਦੂਜੇ ਪੰਛੀਆਂ ਨਾਲੋਂ ਵੱਧ ਚਲਾਕ ਅਤੇ ਸ਼ਰਾਰਤੀ ਹੁੰਦਾ ਹੈ।

# ਖਾਲਸਾ ਸਥਾਪਨਾ ਦਿਵਸ ਮੌਕੇ ਸਿੱਖ ਸੰਗਤ ਬੇ-ਏਰੀਆ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਲੰਗਰ ਲਗਾਇਆ







ਖਾਲਸਾ ਸਥਾਪਨਾ ਦਿਵਸ ਮੌਕੇ ਸਿੱਖ ਸੰਗਤ ਬੇ-ਏਰੀਆ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਛੋਲੇ-ਭਟੂਰੇ, ਸਮੋਸੇ, ਪੀਜ਼ਾ ਦਾ ਲੰਗਰ ਲਗਾਇਆ ਗਿਆ। ਗੁਰੂ ਕੇ ਲੰਗਰਾਂ ਵਿਚ ਸਾਰੀ ਸੰਗਤ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ। ਸਮੁੱਚੀ ਸਿੱਖ ਸੰਗਤ ਨੂੰ ਲੱਖ-ਲੱਖ ਵਧਾਈਆਂ ਹੋਣ ਜੀ। ਸਿੱਖ ਸੰਗਤ ਬੇ-ਏਰੀਆ ਵੱਲੋਂ ਸਾਰੇ ਸੇਵਾਦਾਰਾਂ ਅਤੇ ਦਾਨੀ ਪੁਰਸ਼ਾਂ ਦਾ ਧੰਨਵਾਦ ਕੀਤਾ ਗਿਆ ਜਿਹਨਾਂ ਨੇ ਤਨ, ਮਨ ਤੇ ਧਨ ਨਾਲ ਸੇਵਾ ਨਿਭਾਈ। ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਸਿੱਖ ਕੌਮ ਦੇ ਕੌਮੀ ਘਰ ਲਈ ਅਰਦਾਸ-ਬੇਨਤੀ ਕੀਤੀ ਗਈ।

****

# ਪੰਜਾਬ ਤੋਂ ਪ੍ਰਵਾਸ, ਏਜੰਟਾਂ ਦੀ ਚਾਂਦੀ

ਅਮਰੀਕਾ ਦੀ ਨਵੀਂ ਟਰੰਪ ਸਰਕਾਰ ਵੱਲੋਂ ਕੀਤੀ ਗਈ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲੇ ਲੋਕਾਂ ’ਤੇ ਕਾਰਵਾਈ ਦੇ ਨਵੇਂ ਸਮੀਕਰਨ ਨਿਕਲ ਕੇ ਸਾਹਮਣੇ ਆ ਰਹੇ ਹਨ। ਅਮਰੀਕਾ ਵੱਲੋਂ ਭਾਰਤੀਆਂ ਨੂੰ ਵੱਡੀ ਗਿਣਤੀ ਵਿਚ ਡਿਪੋਰਟ ਕੀਤਾ ਜਾ ਰਿਹਾ ਹੈ। ਪਿਛਲੇ ਦਿਨੀਂ ਪੰਜਾਬ, ਹਰਿਆਣਾ ਤੇ ਦੇਸ਼ ਦੇ ਹੋਰ ਹਿੱਸਿਆਂ ’ਚ ਕਈ ਨੌਜਵਾਨਾਂ ਤੇ ਪਰਿਵਾਰਾਂ ਨੂੰ ਅਮਰੀਕਾ ਤੋਂ ਡਿਪੋਰਟ ਕਰ ਕੇ ਭੇਜਿਆ ਗਿਆ ਹੈ।

ਵਿਦੇਸ਼ ਮੰਤਰਾਲੇ ਨੂੰ ਪਿਛਲੇ ਸਾਲ 28 ਨਵੰਬਰ ਨੂੰ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਕ ਸਵਾਲ ਪੁੱਛਿਆ ਸੀ, ਜਿਸ ਦੇ ਜਵਾਬ ਵਿਚ ਮੰਤਰਾਲੇ ਨੇ ਕਿਹਾ ਸੀ ਕਿ ਦੇਸ਼ ’ਚ ਗ਼ੈਰ-ਕਾਨੂੰਨੀ ਟਰੈਵਲ ਏਜੰਟਾਂ ਦੀ ਗਿਣਤੀ 3 ਹਜ਼ਾਰ 94 ਹੈ। ਇਹ ਗਿਣਤੀ 30 ਅਕਤੂਬਰ 2023 ਤੱਕ 2925 ਸੀ। ਮੰਤਰਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਉੱਤਰ ਪ੍ਰਦੇਸ਼ ’ਚ 400, ਤਾਮਿਲਨਾਡੂ ’ਚ 360, ਮਹਾਰਾਸ਼ਟਰ ’ਚ 309, ਦਿੱਲੀ ’ਚ 292 ਤੇ ਪੰਜਾਬ ’ਚ 190 ਦੇ ਕਰੀਬ ਗ਼ੈਰ-ਕਾਨੂੰਨੀ ਟਰੈਵਲ ਏਜੰਟ ਸਨ ਤੇ ਸਭ ਤੋਂ ਵੱਧ ਉਸ ਵੇਲੇ ਆਂਧਰਾ ਪ੍ਰਦੇਸ਼ ’ਚ 471 ਸਨ।

ਇਹੀ ਨਹੀਂ 2017 ਤੋਂ 2019 ਤੱਕ, ਸੂਬੇ ’ਚ ਗ਼ੈਰ-ਕਾਨੂੰਨੀ ਟਰੈਵਲ ਏਜੰਟਾਂ ਦੇ ਖ਼ਿਲਾਫ਼ 2 ਹਜ਼ਾਰ 140 ਅਪਰਾਧਕ ਪਰਚੇ ਦਰਜ ਕੀਤੇ ਗਏ। ਇਸ ਦੇ ਨਾਲ ਪੁਲਿਸ ਨੇ ਵੀ ਲੋਕਾਂ ਨੂੰ ਚੌਕੰਨੇ ਕੀਤਾ ਸੀ ਕਿ ਵਿਦੇਸ਼ ਜਾਣ ਤੋਂ ਪਹਿਲਾਂ ਇਹ ਜ਼ਰੂਰ ਦੇਖਿਆ ਜਾਵੇ ਕਿ ਜਿਸ ਟਰੈਵਲ ਏਜੰਟ ਰਾਹੀਂ ਫਾਈਲ ਲਗਾਈ ਜਾ ਰਹੀ ਹੈ, ਉਹ ਸਹੀ ਹੈ ਵੀ ਕਿ ਨਹੀਂ। ਇਸ ਵਾਰ ਵੀ ਜੋ ਅਮਰੀਕਾ ਦੇ ਫ਼ੈਸਲੇ ਮੁਤਾਬਕ ਲੋਕ ਡਿਪੋਰਟ ਕੀਤੇ ਗਏ ਹਨ, ਉਨ੍ਹਾਂ ਵਿਚ ਬਹੁਤੀ ਸੰਖਿਆ ਉਨ੍ਹਾਂ ਦੀ ਹੈ ਜੋ ਗ਼ੈਰ-ਕਾਨੂੰਨੀ ਢੰਗ ਤਰੀਕੇ ਵਰਤ ਕੇ ਵਿਦੇਸ਼ ਪਹੁੰਚੇ ਸਨ।

ਇਨ੍ਹਾਂ ਵਿਚ ਸਭ ਤੋਂ ਵੱਧ ਉਹ ਹਨ ਜੋ ਮੈਕਸੀਕੋ ਦੀ ਕੰਧ ਤੱਕ ਡੰਕੀ ਲਗਾ ਕੇ ਪਹੁੰਚੇ ਸਨ। ਡਿਪੋਰਟ ਦੀ ਕਾਰਵਾਈ ਦੇ ਨਾਲ ਹੀ ਪੰਜਾਬ ਤੇ ਦੇਸ਼ ਦੇ ਹੋਰ ਖਿੱਤਿਆਂ ਵਿਚ ਬੈਠੇ ਟਰੈਵਲ ਏਜੰਟਾਂ ਦੀ ਕਾਰਗੁਜ਼ਾਰੀ ’ਤੇ ਵੀ ਸਵਾਲ ਉੱਠੇ ਹਨ। ਇਕ ਵਿਅਕਤੀ ਨੂੰ ਡੰਕੀ ਰਾਹੀਂ ਦੂਸਰੇ ਦੇਸ਼ ਦੀ ਹੱਦ ਪਾਰ ਕਰਵਾਉਣ ਵਿਚ ਚਾਲੀ ਤੋਂ ਪੰਜਾਹ ਲੱਖ ਰੁਪਏ ਦਾ ਖ਼ਰਚਾ ਲਿਆ ਜਾਂਦਾ ਹੈ। ਦੂਜੇ ਪਾਸੇ ਬੇਗਾਨੇ ਮੁਲਕ ਦੀ ਹੱਦ ਪਾਰ ਕਰਨ ਤੱਕ ਵੀ ਇਕ ਨਹੀਂ ਹਜ਼ਾਰ ਤਰ੍ਹਾਂ ਦੀਆਂ ਔਕੜਾਂ ਪੇਸ਼ ਆਉਂਦੀਆਂ ਹਨ।

ਇਹ ਵੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਡੰਕੀ ਤੇ ਹੋਰ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਵਾਲੇ ਲੋਕਾਂ ਨੂੰ ਇਨ੍ਹਾਂ ਦਿੱਕਤਾਂ ਬਾਰੇ ਬਾਕਾਇਦਾ ਟਰੈਵਲ ਏਜੰਟ ਦੱਸਦੇ ਹਨ ਤੇ ਲੋਕ ਵੀ ਇਸ ’ਤੇ ਹਾਮੀ ਭਰਦੇ ਹੋਏ ਸਾਰਾ ਖ਼ਰਚਾ ਦੇਣ ਲਈ ਤੇ ਜੋਖ਼ਮ ਲੈਣ ਲਈ ਰਾਜ਼ੀ ਹੋ ਜਾਂਦੇ ਹਨ। ਪੰਜਾਬ ਵਿਚੋਂ ਪਰਵਾਸ ਹੋਣ ਦੇ ਕਈ ਕਾਰਨ ਹਨ। ਇਸ ਵਿਚ ਸਮਾਜਿਕ ਸੁਰੱਖਿਆ, ਰੁਜ਼ਗਾਰ ਦੀ ਭਾਲ ਤੇ ਹੋਰ ਕਈ ਕਾਰਨ ਸ਼ਾਮਲ ਹਨ।

ਹੁਣ ਵੀ ਅਮਰੀਕਾ ਤੋਂ ਜੋ ਪਰਿਵਾਰ ਤੇ ਨੌਜਵਾਨ ਡਿਪੋਰਟ ਹੋ ਕੇ ਵਾਪਸ ਮੁੜੇ ਹਨ, ਉਨ੍ਹਾਂ ਵੱਲੋਂ ਵੱਡੀਆਂ ਪਰੇਸ਼ਾਨੀਆਂ ਤੇ ਖ਼ਰਚੇ ਸਹਿਣ ਕੀਤੇ ਗਏ ਹਨ। ਦੂਜੇ ਪਾਸੇ ਕੇਂਦਰ ਤੇ ਸੂਬਾ ਸਰਕਾਰ ਵੀ ਲਗਾਤਾਰ ਇਨ੍ਹਾਂ ਲੋਕਾਂ ਨੂੰ ਵਿਦੇਸ਼ ਭੇਜਣ ਵਾਲੇ ਟਰੈਵਲ ਏਜੰਟਾਂ ’ਤੇ ਕਾਰਵਾਈ ਕਰ ਰਹੀ ਹੈ। ਸੂਬੇ ਵਿਚ ਕਈ ਟਰੈਵਲ ਏਜੰਟਾਂ ’ਤੇ ਕਾਰਵਾਈ ਕੀਤੀ ਗਈ ਹੈ। ਹੋਰ ਵੀ ਕਈ ਏਜੰਟ ਸਰਕਾਰ ਦੀ ਰਡਾਰ ’ਤੇ ਹਨ। ਇਸ ਗੱਲੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਿਤੇ ਨਾ ਕਿਤੇ ਗ਼ੈਰ-ਕਾਨੂੰਨੀ ਪਰਵਾਸ ਵਿਚ ਸਾਡੀ ਆਪਣੀ ਹਾਂ ਵੀ ਸ਼ਾਮਲ ਹੈ।

ਜਿਹੜੇ ਲੱਖਾਂ ਰੁਪਏ ਲੋਕ ਵਿਦੇਸ਼ ਡੰਕੀ ਜਾਂ ਹੋਰ ਤਰੀਕੇ ਵਰਤ ਕੇ ਬਾਹਰ ਜਾਣ ਲਈ ਖ਼ਰਚਦੇ ਹਨ, ਉਹ ਪੈਸਾ ਇੱਥੇ ਵੀ ਨਿਵੇਸ਼ ਹੋ ਸਕਦਾ ਹੈ। ਹਾਲਾਂਕਿ ਇਹ ਵਿਅਕਤੀ ਦੀ ਨਿੱਜੀ ਚੋਣ ਹੈ ਪਰ ਜਦੋਂ ਇਹੋ ਜਿਹੇ ਹਾਲਾਤ ਬਣਦੇ ਹਨ ਤਾਂ ਜ਼ਰੂਰ ਦੁੱਖ ਹੁੰਦਾ ਹੈ। ਇਹ ਵੀ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਹਰੇਕ ਦੇਸ਼ ਦੀ ਆਪਣੀ ਹੱਦਬੰਦੀ ਤੇ ਕਾਨੂੰਨ ਹਨ। ਇਹ ਕਿਸੇ ਵੇਲੇ ਵੀ ਬਦਲ ਸਕਦੇ ਹਨ ਤੇ ਕੋਈ ਵੀ ਨਵੀਂ ਸਰਕਾਰ ਪੁਰਾਣੀਆਂ ਪਿਰਤਾਂ ਨੂੰ ਖ਼ਤਮ ਕਰ ਸਕਦੀ ਹੈ।

ਇਸ ਲਈ ਸਭ ਤੋਂ ਅਹਿਮ ਗੱਲ ਹੈ ਕਿ ਉਨ੍ਹਾਂ ਹਾਲਾਤ ਲਈ ਵੀ ਤਿਆਰ ਰਹੀਏ, ਜਿਹੜੇ ਦੂਜੇ ਮੁਲਕਾਂ ਵਿਚ ਬਣ ਸਕਦੇ ਹਨ।

ਹਰੇਕ ਇਨਸਾਨ ਨੂੰ ਆਪਣੇ ਆਰਥਿਕ ਤੇ ਸਮਾਜਿਕ ਵਿਕਾਸ ਲਈ ਫ਼ੈਸਲੇ ਲੈਣ ਦਾ ਅਧਿਕਾਰ ਹੈ ਪਰ ਸਭ ਤੋਂ ਅਹਿਮ ਹੈ ਕਿ ਕਿਸਮਤ ਪਰਖਣ ਤੋਂ ਪਹਿਲਾਂ ਅਸੀਂ ਏਜੰਟ ਪਰਖ ਲਈਏ, ਜਿਸ ’ਤੇ ਅੱਖਾਂ ਬੰਦ ਕਰ ਕੇ ਭਰੋਸਾ ਕਰ ਰਹੇ ਹਾਂ। ਇਸ ਦੇ ਨਾਲ-ਨਾਲ ਇਹ ਵੀ ਚੇਤੇ ਰੱਖੀਏ ਕਿ ਸਿੱਧੇ ਰਾਹ ਤੁਰਿਆ ਇਨਸਾਨ ਕਦੇ ਵੀ ਗ਼ਲਤ ਮੰਜ਼ਲ ’ਤੇ ਨਹੀਂ ਪਹੁੰਚਦਾ।

**– ਜਗਜੀਵਨ ਮੀਤ**



# ਮੇਰੀ ਅਰਬ-ਮੁਲਕਾਂ ਦੀ ਫੇਰੀ- 1



ਬਲਬੀਰ ਸਿੰਘ ਐਮ. ਏ.

ਇਨਸਾਨ ਦਾ ਮਨ ਜਿਵੇਂ ਸੁਪਨਿਆਂ 'ਚ ਬਹੁਤ ਉਡਾਰੀਆਂ ਮਾਰਦੇ ਏ ਤੇ ਨਾਲ ਹੀ ਨਾਲ ਅਸਮਾਨਾਂ 'ਚ ਉਡਦਾ ਫਿਰਦਾ ਰਹਿੰਦਾ ਹੈ ਤੇ ਕਦੇ-ਕਦੇ ਗੁਆਚੇ ਹੋਏ ਆਪਣਿਆਂ ਨੂੰ ਰੂਹਾਂ ਰਾਹੀਂ ਮਿਲ ਪੈਂਦਾ ਹੈ ਤੇ ਫਿਰ ਸਵੇਰੇ ਉੱਠ ਕੇ ਵੇਖਦਾ ਹੈ ਕਿ ਬਿਸਤਰ 'ਤੇ ਪਿਆ ਆਪਣੀ ਰਾਤ ਦੀ ਨੀਂਦ ਪੂਰੀ ਕਰ ਰਿਹਾ ਹੁੰਦਾ ਹੈ ਪਰ ਸਵੇਰੇ ਉਠਦਾ ਇਨਸਾਨ ਕਹਿੰਦਾ ਅੱਜ ਮੇਰਾ ਬਹੁਤ ਸਿਰ ਭਾਰਾ-ਭਾਰਾ ਹੈ। ਕਾਰਨ ਇਹੀ ਹੁੰਦਾ ਹੈ ਕਿ ਰਾਤੀ ਨੀਂਦ ਵੇਲੇ ਲਾਈਆਂ ਉਸ ਦੇ ਮਨ ਦੀ ਉਡਾਰੀਆਂ ਕਰਕੇ ਜਿਸ ਵਿਚ ਉਹ ਆਪਣੇ ਦੋਸਤਾਂ-ਮਿੱਤਰਾਂ ਨਾਲ ਗੱਲਾਂ ਕਰਦਾ ਹੈ, ਬਹੁਤ ਪੁਰਾਣੇ ਸਮਿਆਂ ਦੀਆਂ ਯਾਦਾਂ ਸਾਂਝੀਆਂ ਕਰਦਾ ਹੈ ਜਾਂ ਆਪਣੇ ਗੁਜ਼ਰ ਗਏ ਮਾਂ-ਬਾਪ, ਭੈਣਾਂ-ਭਰਾਵਾਂ ਨਾਲ ਗੱਲਾਂ ਕਰਦਾ ਹੈ, ਸਵੇਰੇ ਉਠ ਕੇ ਪਛਤਾਵਾ ਉਸਦੇ ਦਿਮਾਗ 'ਚ ਆ ਵੜਦਾ ਹੈ ਕਿ ਕਾਸ਼ ਮੇਰੇ ਸਾਰੇ ਜੀਅ ਅੱਜ ਵੀ ਮੇਰੇ ਨਾਲ ਹੁੰਦੇ ਪਰ ਉਹ ਸਭ ਸੱਚ ਹੋ ਚੁੱਕਾ ਹੈ। ਅੱਜ ਤਾਂ ਸੁਪਨਿਆਂ ਰਾਹੀਂ ਅਸੀਂ ਦੁਬਾਰਾ ਸੱਚ ਕਰਨ ਲਈ ਅਸੀਂ ਆਏ ਸੁਪਨਿਆਂ 'ਚੋਂ ਉਹਨਾਂ ਲੋਕਾਂ ਨੂੰ ਲੱਭਦੇ ਹਾਂ ਜਾਂ ਇਉਂ ਕਹਿ ਲਓ ਝੂਰਦੇ ਹਾਂ ਕਿ ਕਾਸ਼ ਫਿਰ ਸਭ ਉਹੋ ਜਿਹਾ ਹੋ ਜਾਵੇ।

ਲੋਕ ਗਾਥਾਵਾਂ ਕਹਿੰਦੀਆਂ ਹਨ ਕਿ ਸੁਪਨੇ ਕਦੇ ਸੱਚ ਨਹੀਂ ਹੁੰਦੇ ਪਰ ਰੂਹਾਂ ਦਾ ਮੇਲ ਜਦੋਂ ਹੁੰਦਾ ਹੈ ਉਹ ਤਾਂ ਕਿਸੇ ਰੱਬੀ ਸ਼ਕਤੀ ਦਾ ਰੂਪ ਹੁੰਦੀਆਂ ਹਨ ਕਿਉਂਕਿ ਰੂਹ ਹੀ ਤਾਂ ਹੈ ਜੋ ਇਨਸਾਨ ਦੇ ਸਰੀਰ 'ਚੋਂ ਨਿਕਲ ਜਾਂਦੀ ਹੈ ਤੇ ਖਬਰੇ ਕਿੱਥੇ ਜਾ ਕੇ ਆਪਣੇ ਡੇਰੇ ਲਾ ਲੈਂਦੀ ਹੈ ਪਰ ਆਪਣਿਆਂ ਨੂੰ ਫਿਰ ਕਿਧਰੇ ਸੁਪਨਿਆਂ 'ਚ ਮਿਲਦੀ ਰਹਿੰਦੀ ਹੈ, ਭਾਵੇਂ ਇਹ ਇਨਸਾਨ ਦਾ ਵਹਿਮ ਹੀ ਹੈ ਪਰ ਇਨਸਾਨ ਆਪਣਿਆਂ ਨੂੰ ਜਦੋਂ ਸੁਪਨੇ 'ਚ ਵੇਖਦਾ ਹੈ, ਉਹਨਾਂ ਨਾਲ ਗੱਲਾਂ ਕਰਦਾ ਹੈ ਤੇ ਸਵੇਰੇ ਉੱਠ ਕੇ ਹਮੇਸ਼ਾ ਇਨਸਾਨ ਨੂੰ ਗਹਿਰੀਆਂ ਯਾਦਾਂ 'ਚ ਰੋਣ ਲਾ ਦਿੰਦੇ ਹੈ।ਭਾਵੇਂ ਕਈ ਲੋਕ ਅੱਥਰੂਆਂ ਨਾਲ ਨਹੀਂ ਰੋਂਦੇ ਪਰ ਉਹ ਖੁੱਲ੍ਹੀਆਂ ਅੱਖਾਂ ਨਾਲ ਸੁੱਕੀਆਂ ਹੋਈਆਂ ਅੱਖਾਂ 'ਚ ਵੀ ਰੋਂਦੇ ਹਨ ਪਰ ਸਮਾਜ ਦੇ ਡਰ ਤੋਂ ਆਪਣਿਆਂ ਮੋਹਰੇ ਕੀਰਨੇ ਨਹੀਂ ਪਾਉਂਦੇ ਪਰ ਸੁਪਨਿਆਂ ਦੇ ਟੁੱਟਣ ਤੋਂ ਮਗਰੋਂ ਹਰ ਸਵੇਰ ਨੂੰ ਇਕ ਵਾਰ ਮੇਰਿਆਂ ਲਈ ਅੱਥਰੂ ਮੇਰੇ ਆਪ ਮੁਹਾਰੇ ਆਉਂਦੇ ਹਨ, ਜਿਨ੍ਹਾਂ ਨੂੰ ਵਹਿਣ ਦੇਂਦਾ ਹਾਂ, ਮਨ ਹੌਲਾ ਕਰਨ ਲਈ। ਭਾਵੇਂ ਮੈਂ ਕਿਸੇ ਨੂੰ ਨਹੀਂ ਦੱਸਦਾ ਪਰ ਰੋਜ਼ਾਨਾ ਇਕ ਵਾਰ ਉਹਨਾਂ ਦੀ ਯਾਦ 'ਚ ਅੱਥਰੂ ਕੱਢ ਲੈਨਾ ਹਾਂ, ਜਿਸ ਨਾਲ ਮੈਂ ਲੋਕਾਂ ਨੂੰ ਸਾਰਾ ਦਿਨ ਬਹੁਤ ਸੁਖੀ ਨਜ਼ਰ ਆਉਂਦਾ ਹਾਂ। ਜ਼ਿੰਦਗੀ ਦੇ ਕੰਮ ਕਰਨ ਦੇ ਸਾਲਾਂ 'ਚ ਇਨਸਾਨ ਬਹੁਤ ਹੀ ਸੁਪਨੇ ਵੇਖਦਾ ਹੈ, ਜਿਸ ਵਿਚ ਉਸਦੇ ਮਨ 'ਚ ਹਮੇਸ਼ਾ ਇਕ ਗੱਲ ਆਉਂਦੀ ਹੈ, ਜਦੋਂ ਵੀ ਮੈਂ ਇੰਨੇ ਜੋਗਾ ਹੋਇਆ ਕਿ ਮੈਂ ਕਿਸੇ ਵੀ ਦੇਸ਼ ਦੀ ਰੱਖੀ ਤਮੰਨਾ ਨੂੰ ਪੂਰੀ ਕਰ ਸਕਿਆ, ਉਦੋਂ ਮੈਂ ਜ਼ਰੂਰ ਇਹ ਸੈਰ ਤੇ ਜਾਵਾਂਗਾ।

ਸੁਪਨਿਆਂ ਵਾਂਗਰਾਂ ਸਜਾਏ ਉਹ ਸੁਪਨੇ ਫਿਰ ਇਕ-ਇਕ ਕਰਕੇ ਪੂਰੇ ਕਰਨ ਵੇਲੇ ਉਹ ਇਨਸਾਨ ਦੇਸ਼ਾਂ-ਵਿਦੇਸ਼ਾਂ 'ਚ ਜਾਣ ਦੀ ਤਿਆਰੀ ਕਰਦਾ ਹੈ। ਵੱਖ-ਵੱਖ ਦੇਸ਼ਾਂ 'ਚ ਜਦੋਂ ਜਾਣਾ ਸ਼ੁਰੂ ਕਰਦਾ ਹੈ ਤਾਂ ਉਹ ਕੀ ਵੇਖਦਾ ਹੈ, ਉਸਦੇ ਸੁਪਨਿਆਂ ਨੂੰ ਚਿਤਵਣ ਵੇਲੇ ਜਿਹੜੇ ਨਕਸ਼ੇ ਸਨ, ਕੀ ਉਹ ਉਵੇਂ ਦੇ ਹੀ ਹਨ, ਜਿਵੇਂ ਦੇ ਉਸਨੇ ਸੁਪਨੇ ਸਜਾਉਣ ਵੇਲੇ ਵੇਖੇ ਸਨ ਜਾਂ ਬਹੁਤ ਵੱਡਾ ਅੰਤਰ ਹੈ।

ਮੇਰੀ ਹੀ ਲੈ ਲਓ, ਮੈਂ ਕੰਮੋਂ ਵਿਹਲਾ ਹੋ ਕੇ ਦੇਸ਼ਾਂ-ਵਿਦੇਸ਼ਾਂ 'ਚ ਘੁੰਮਣ ਦਾ ਮਨ ਬਣਾ ਕੇ ਸੈਰ ਕਰਨ ਨਿਕਲ ਰਿਹਾ ਹਾਂ। ਪਿਛਲੇ ਦੋ ਸਾਲਾਂ 'ਚ ਇੰਗਲੈਂਡ, ਜਰਮਨੀ, ਆਸਟ੍ਰੀਆ, ਹੰਗਰੀ, ਚੈਕ ਰਿਪਬਲਿਕ, ਸਲੋਵਾਕੀਆ, ਪਾਕਿਸਤਾਨ, ਕੈਨੇਡਾ, ਭਾਰਤ ਤੇ ਹੁਣ ਡੁਬਈ ਵੱਲ ਘੁੰਮਣ ਦੇ ਮਨ ਨਾਲ ਫਿਰ ਤੁਰਿਆ ਹਾਂ।

ਜਿਸ ਵੀ ਦੇਸ਼ 'ਚ ਜਾਂਦਾ ਹਾਂ, ਇਕ ਗੱਲ 'ਤੇ ਬਹੁਤ ਹੀ ਰੌਸ਼ਨ ਹੈ ਉਹ ਇਹ ਕਿ ਦੁਨੀਆਂ ਬਹੁਤ ਹੀ ਖੂਬਸੂਰਤ ਹੈ, ਭਾਂਤ-ਭਾਂਤ ਦੇ ਵਿਰਸੇ ਸੰਭਾਲਦੇ ਦੇਸ਼, ਕੌਮਾਂ, ਉਹਨਾਂ ਦੇ ਪੁਰਾਣੇ ਉਹ ਇਮਾਰਤੀ ਢਾਂਚੇ ਵੇਖ ਕੇ ਇਕ ਵਾਰ ਤਾਂ ਮੂੰਹ 'ਚੋਂ ਨਿਕਲ ਹੀ ਜਾਂਦਾ ਹੈ ''ਓਹ ਤੇਰੀ ਏਨੀਆਂ ਸੋਹਣੀਆਂ ਇਮਾਰਤਾਂ, ਏਨੀਆਂ ਸੋਹਣੀਆਂ ਥਾਵਾਂ ਤੇ ਇੰਨੇ ਸੋਹਣੇ ਲੋਕਾਂ ਨੂੰ ਵੇਖਦੇ ਹਾਂ।''

ਇਸ 'ਚ ਮੈਂ ਸਮਝਦਾ ਹਾਂ ਕਿ ਇਹ ਆਸ਼ੀਰਵਾਦ ਵਜੋਂ ਵਿਰਸੇ 'ਚ ਸਾਨੂੰ ਸਾਡੀਆਂ ਮਾਵਾਂ ਵੱਲੋਂ ਹੀ ਮਿਲਿਆ ਹੈ। ਦੁਨੀਆਂ ਦੀ ਹਰ ਮਾਂ ਨੇ ਆਪਣੀ ਔਲਾਦ ਨੂੰ ਪੈਦਾ ਕਰਕੇ ਉਸ ਲਈ ਹਰ ਸੁੱਖ ਪੈਦਾ ਕਰਨ ਦੀ ਕੋਸ਼ਿਸ਼ ਭਾਵੇਂ ਬਾਪ ਨੇ ਉਹ ਹਰ ਚੀਜ਼ ਬਣਾ ਕੇ ਦਿੱਤੀ ਪਰ ਦੁਨੀਆਂ ਦੀ ਹਰ ਮਾਂ ਦੇ ਸੋਚੇ ਸੁਪਨੇ ਹੀ ਔਲਾਦ ਨੂੰ ਇੰਨੇ ਜੋਗਾ ਕਰ ਦਿੰਦੇ ਹਨ ਕਿ ਉਹ ਉਡਾਰੀਆਂ ਲਾਉਂਦਾ ਫਿਰਦਾ ਹੈ, ਸ਼ਾਅਲਾ ਮਾਵਾਂ ਦੀਆਂ ਦੁਆਵਾਂ ਇਵੇਂ ਹੀ ਮਿਲਣ।

ਇਹਨਾਂ ਸੋਚਾਂ ਨਾਲ ਹੀ ਮੈਂ ਤੇ ਮੇਰੀ ਸੁਪਤਨੀ ਨੇ ਆਪਣਾ 2025 ਦਾ ਪਹਿਲਾ ਸਫਰ ਸ਼ੁਰੂ ਕੀਤਾ। ਐਤਕੀ ਪਹਿਲੀ ਵਾਰ ਅਸੀਂ ਯੂਰਪੀਅਨ ਏਅਰਲਾਈਨਜ਼ 'ਚ ਸਫਰ ਨਾ ਕਰਕੇ ਏਮੀਰੇਟਸ ਏਅਰ ਲਾਈਨਜ਼ ਰਾਹੀਂ ਸਾਨ ਫਰਾਂਸਿਸਕੋ ਤੋਂ ਡੁਬਈ ਤੱਕ ਦਾ ਸਫਰ 15 ਘੰਟੇ 'ਚ ਕੀਤਾ। ਇਕ ਗੱਲ ਖਾਸ ਹੋਈ ਇੱਥੇ ਦੱਸਣੀ ਬਣਦੀ ਹੈ ਕਿ ਉਹ ਇਹ ਕਿ ਸਰਵਿਸ ਪੱਖੋਂ ਦੂਜੀਆਂ ਕਈ ਏਅਰ ਲਾਈਨਜ਼ ਨਾਲੋਂ ਇਸ ਏਅਰ ਲਾਈਨਜ਼ ਨੇ ਬਹੁਤ ਸੇਵਾ ਕੀਤੀ ਤੇ 15 ਘੰਟਿਆਂ 'ਚ ਹਰ ਇਕ ਯਾਤਰੀ ਦਾ ਬਹੁਤ ਖਿਆਲ ਰੱਖਿਆ ਤੇ ਇਸ ਵਾਸਤੇ ਉਹਨਾਂ ਦੀ ਤਾਰੀਫ ਕਰਨਾ ਬਣਦਾ ਹੈ। ਇਕ ਗੱਲ ਹੋਰ ਉਹ ਸਮੇਂ 'ਤੇ ਉਡਾਣ ਭਰ ਗਈ ਤੇ ਪਹੁੰਚ ਗਈ।

ਅਸੀਂ ਅਗਲੇ 4 ਦਿਨਾਂ ਵਾਸਤੇ ਡੁਬਈ ਦੀ ਸੈਰ ਕਰਨ ਦੇ ਇਰਾਦੇ ਨਾਲ ਮਾਰਚ 4, 2025 ਨੂੰ ਸ਼ਾਮ ਵੇਲੇ ਹੋਟਲ 'ਚ ਪਹੁੰਚ ਗਏ। ਅਗਲੇ ਚਾਰ ਦਿਨਾਂ ਦੀ ਡੁਬਈ ਦੀ ਸੈਰ ਤੇ ਉਸ ਬਾਰੇ ਅਗਲੀ ਵਾਰ ਤਰਤੀਬ ਨਾਲ ਸਾਂਝ ਪਾਵਾਂਗਾ। ਮੇਰਾ ਇਹ ਸਫਰ ਡੁਬਈ, ਇੰਡੀਆ, ਜੰਮੂ ਤੇ ਪਾਕਿਸਤਾਨ ਬਾਰੇ ਹੈ।








## ਪਹਿਲਗਾਮ ਹਮਲੇ ਖਿਲਾਫ਼ ਸਾਰੀਆਂ ਪਾਰਟੀਆ ਇੱਕਜੁਟ

ਨਵੀਂ ਦਿੱਲੀ- ਕਸ਼ਮੀਰ ਵਿਚ ਦਹਿਸ਼ਤੀ ਹਮਲੇ ਮਗਰੋਂ ਵਿਰੋਧੀ ਧਿਰਾਂ ਨੇ ਅੱਜ ਸਰਬ ਪਾਰਟੀ ਬੈਠਕ ਦੌਰਾਨ ਸਰਕਾਰ ਦੀ ਪਿੱਠ 'ਤੇ ਖੜ੍ਹਦਿਆਂ ਕਿਹਾ ਕਿ ਉਹ ਦਹਿਸ਼ਤਗਰਦਾਂ ਦੀ ਇਸ ਘਿਣਾਉਣੀ ਕਾਰਵਾਈ ਖਿਲਾਫ਼ ਸਰਕਾਰ ਵੱਲੋਂ ਚੁੱਕੇ ਕਦਮਾਂ ਦੀ ਪੂਰੀ ਹਮਾਇਤ ਕਰਦੀਆਂ ਹਨ। ਉਧਰ ਸਰਕਾਰ ਨੇ ਬੈਠਕ ਵਿਚ ਸ਼ਾਮਲ ਆਗੂਆਂ ਨੂੰ ਸੈਲਾਨੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਵਿਚ ਰਹਿ ਗਈਆਂ ਖਾਮੀਆਂ ਤੇ ਭਵਿੱਖ ਵਿਚ ਅਜਿਹੀਆਂ ਗ਼ਲਤੀਆਂ ਦੇ ਦੁਹਰਾਅ ਤੋਂ ਬਚਣ ਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ।

ਪਹਿਲਗਾਮ ਦਹਿਸ਼ਤੀ ਹਮਲੇ ਬਾਰੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਿਚ ਹੋਈ ਸਰਬ ਪਾਰਟੀ ਬੈਠਕ ਮਗਰੋਂ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਵਿਰੋਧੀ ਧਿਰ ਸਰਕਾਰ ਵੱਲੋਂ ਦਹਿਸ਼ਤਗਰਦਾਂ ਦੀ ਇਸ ਘਿਣਾਉਣੀ ਕਾਰਵਾਈ ਖਿਲਾਫ਼ ਦਿੱਤੇ ਜਵਾਬ ਦੀ ਪੂਰੀ ਹਮਾਇਤ ਕਰਦੀ ਹੈ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰੁਜਨ ਖੜਗੇ ਨੇ ਕਿਹਾ ਕਿ ਆਗੂਆਂ ਨੇ ਜੰਮੂ-ਕਸ਼ਮੀਰ ਵਿੱਚ ਸ਼ਾਂਤੀ ਬਹਾਲੀ ਲਈ ਉਪਾਅ ਯਕੀਨੀ ਬਣਾਉਣ ਦੀ ਮੰਗ ਕੀਤੀ।

ਬੈਠਕ ਉਪਰੰਤ ਸਰਕਾਰ ਵੱਲੋਂ ਜਾਣਕਾਰੀ ਦਿੰਦੇ ਹੋਏ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਵਿਰੋਧੀ ਧਿਰ ਸਰਕਾਰ ਦੇ ਨਾਲ ਅਤੇ ਅਤਿਵਾਦ ਦੇ ਵਿਰੁੱਧ ਹੈ। ਪਹਿਲਗਾਮ ਵਿੱਚ ਇੰਟੈਲੀਜੈਂਸ ਦੀ ਨਾਕਾਮੀ ਦੇ ਸਬੂਤਾਂ ਦਰਮਿਆਨ ਰਿਜਿਜੂ ਨੇ ਕਿਹਾ ਕਿ ਇੰਟੈਲੀਜੈਂਸ ਬਿਊਰੋ (ਿਭ) ਤੇ ਕੇਂਦਰੀ ਗ੍ਰਹਿ ਮੰਤਰਾਲੇ (ੂੳ) ਦੇ ਅਧਿਕਾਰੀਆਂ ਨੇ ਆਗੂਆਂ ਨੂੰ ਖਾਮੀਆਂ ਦੇ ਦੁਹਰਾਅ ਨੂੰ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣਕਾਰੀ ਦਿੱਤੀ। ਰਿਜਿਜੂ ਨੇ ਕਿਹਾ ਕਿ ਸਰਕਾਰ ਨੇ ਆਗੂਆਂ ਨੂੰ ਅਤਿਵਾਦ ਵਿਰੁੱਧ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਬੈਠਕ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਵਿਦੇਸ਼ ਮੰਤਰੀ ਐਸ ਜੈਸ਼ੰਕਰ, ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਰਾਜ ਸਭਾ ਵਿੱਚ ਸਦਨ ਦੇ ਨੇਤਾ ਜੇਪੀ ਨੱਡਾ ਤੇ ਵਿਰੋਧੀ ਧਿਰ ਵੱਲੋਂ ਕਾਂਗਰਸ ਦੇ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ, ਟੀਐਮਸੀ ਦੇ ਸੁਦੀਪ ਬੰਦੋਪਾਧਿਆਏ, ਐਨਸੀਪੀ (ਸਪਾ) ਦੀ ਸੁਪ੍ਰਿਆ ਸੂਲੇ, ਸਮਾਜਵਾਦੀ ਪਾਰਟੀ ਦੇ ਰਾਮ ਗੋਪਾਲ ਯਾਦਵ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

## ਪਸ਼ੌਰਾ ਸਿੰਘ ਢਿੱਲੋਂ ਸੰਸਾਰਕ ਯਾਤਰਾ ਪੂਰੀ ਕਰ ਗਏ

ਬੜੇ ਦੁੱਖ ਦੀ ਖਬਰ ਹੈ ਕਿ ਪਸ਼ੌਰਾ ਸਿੰਘ ਢਿੱਲੋਂ ਜੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ। ਸਰਦਾਰ ਸਾਹਿਬ ਨੇ 1956 ਤੋਂ 1960 ਤੱਕ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ. ਐਸ. ਸੀ. ਦੀ ਪੜ੍ਹਾਈ ਕੀਤੀ। ਉਹਨਾਂ ਦੇ ਦੋਸਤ ਰਹੇ ਸ. ਅਮਰੀਕ ਸਿੰਘ ਪੰਨੂ (ਐਲਸਬਰਾਂਟੇ) ਵੱਲੋਂ ਵੀ ਇਸ ਮੌਕੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਦੋਵਾਂ ਨੇ ਇਕੱਠਿਆਂ ਪੜ੍ਹਾਈ ਕੀਤੀ।

1939 'ਚ ਲਾਹੌਰ ਲਾਗੇ ਜਨਮੇ ਪਸ਼ੌਰਾ ਸਿੰਘ ਢਿੱਲੋਂ 1947 'ਚ ਭਕਨਾ ਅੰਮ੍ਰਿਤਸਰ 'ਚ ਆ ਵੱਸੇ। ਉਮਰ ਦੇ ਚੜ੍ਹਦੇ ਵੇਲੇ ਹੀ ਉਹ ਆਪਣੇ ਰਿਸ਼ਤੇਦਾਰ ਸ. ਸੋਹਨ ਸਿੰਘ ਭਕਨਾ ਦੇ ਕਾਫੀ ਲਾਗੇ ਰਹੇ ਜੋ ਕਿ ਗਦਰ ਪਾਰਟੀ ਦੇ ਮੋਢੀਆਂ 'ਚੋਂ ਸਨ।

ਉਹਨਾਂ ਦੀਆਂ ਲਿਖਤਾਂ ਵਿਚ ਕਵਿਤਾਵਾਂ ਦੀ ਖਾਸ ਜਗ੍ਹਾ ਸੀ। ਉਹਨਾਂ ਦੀ ਪਹਿਲੀ ਕਵਿਤਾ 'ਰੂਹ ਮੇਰੇ ਪੰਜਾਬ ਦੀ' ਜੋ 1968 'ਚ ਲਿਖੀ ਗਈ, ਜਿਸ ਨੂੰ ਡਾ. ਐਮ. ਐਸ. ਰੰਧਾਵਾ (ਵਾਈਸ ਚਾਂਸਲਰ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ) ਵੱਲੋਂ ਖਾਸ ਤਾਰੀਫ ਕੀਤੀ ਗਈ।


1992 'ਚ ਢਿੱਲੋਂ ਸਾਹਿਬ ਜੀ ਅਮਰੀਕਾ ਦੇ ਫਰਿਜ਼ਨੋ (ਕੈਲੇਫੋਰਨੀਆ) ਆ ਵੱਸੇ। ਇੱਥੇ ਉਹਨਾਂ ਨੇ ਨਰਸ ਦੇ ਤੌਰ 'ਤੇ ਵੀ ਕੰਮ ਕੀਤਾ ਤੇ ਫਿਰ ਖੇਤੀਬਾੜੀ ਦੀ ਡਿਗਰੀ ਕੀਤੀ ਕਰਕੇ ਫਰਿਜ਼ਨੋ ਕਾਉਂਟੀ 'ਚ ਵੀ ਕੰਮ ਕਰਦੇ ਰਹੇ ਤੇ 2006 'ਚ ਉਥੋਂ ਰਿਟਾਇਰਡ ਹੋਏ।

ਉਹ ਰੇਡੀਓ ਸ਼ੋਅ ਵੀ ਕਰਦੇ ਰਹੇ ਹਨ ਤੇ ਕਈ ਸਾਲ ਆਪਣੇ ਲੋਕਾਂ ਨਾਲ ਮਿਲ ਕੇ ਪੰਜਾਬ ਸਾਹਿਤ ਸਭਾ 'ਚ ਵੀ ਹਿੱਸਾ ਲੈਂਦੇ ਰਹੇ।

ਪਿਛਲੇ ਹਫਤੇ ਅਪ੍ਰੈਲ 24, 2025 ਨੂੰ ਸ਼ਾਂਤ ਭਵਨ ਫਰਿਜ਼ਨੋ 'ਚ ਉਹਨਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। 85 ਸਾਲ ਦੀ ਉਮਰ ਭੋਗ ਕੇ ਉਹ ਇਸ ਦੁਨੀਆਂ ਨੂੰ ਤਿਆਗ ਗਏ।

ਪੰਜਾਬੀ ਸਾਹਿਤ ਸਭਾਵਾਂ, ਪੰਜਾਬੀ ਰੇਡੀਓ ਤੇ ਰੇਡੀਓ ਪੰਜਾਬ ਤੇ ਅਦਾਰਾ 'ਪਰਦੇਸ ਟਾਇਮਜ਼' ਵੱਲੋਂ ਦੁੱਖ ਦੀ ਇਸ ਘੜੀ 'ਚ ਉਹਨਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਸ਼ਰਧਾਂਜਲੀ ਭੇਂਟ ਕਰਦੇ ਹਾਂ। ਵਾਹਿਗੁਰੂ ਉਹਨਾਂ ਦੇ ਪਿੱਛੇ ਰਹਿ ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

**– ਅਦਾਰਾ 'ਪਰਦੇਸ ਟਾਇਮਜ਼'**



# ਪਹਿਲਗਾਮ ’ਚ ਸੈਲਾਨੀਆਂ ਦਾ ਕਤਲੇਆਮ ਕਿਸਨੇ ਕੀਤਾ

ਜੰਮੂ-ਕਸ਼ਮੀਰ ਦੇ ਪਹਿਲਗਾਮ ’ਚ ਸੈਲਾਨੀਆਂ ਦਾ ਕਤਲੇਆਮ ਇਸ ਖੇਤਰ ’ਚ ਅੱਤਵਾਦ ਦੇ ਵੱਡੇ ਖ਼ਤਰੇ ਦੀ ਸਥਿਤੀ ਬਿਆਨ ਰਿਹਾ ਹੈ। ਬੇਕਸੂਰ ਲੋਕਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲੇ ਦੇ ਬੇਰਹਿਮ ਸੁਭਾਅ ਨੇ ਇਕ ਵਾਰ ਫਿਰ ਜੰਮੂ-ਕਸ਼ਮੀਰ ਵਿਚ ਸੁਰੱਖਿਆ ਸਥਿਤੀ ਦੀ ਤਰਲਤਾ ਅਤੇ ਸੁਰੱਖਿਆ ਗਰਿੱਡ ਦੀ ਸਥਿਤੀ ਅਤੇ ਸਰਹੱਦ ਪਾਰ ਅੱਤਵਾਦ ਦਾ ਮੁਕਾਬਲਾ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਰਣਨੀਤੀ ਦੀ ਲੋੜ ਨੂੰ ਸਾਹਮਣੇ ਲਿਆਂਦਾ ਹੈ।

ਸੁਰੱਖਿਆ ਸਥਿਤੀ ਵਿਚ ਸੁਧਾਰ ਦੇ ਦਾਅਵਿਆਂ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਇਨ੍ਹਾਂ ਦਾਅਵਿਆਂ ਦੇ ਖੋਖਲੇਪਣ ਨੂੰ ਉਜਾਗਰ ਕਰਦੀਆਂ ਹਨ। ਸੁਰੱਖਿਆ ਮੈਟ੍ਰਿਕਸ, ਗਰਿੱਡ, ਅਤੇ ਖ਼ੁਫੀਆ ਜਾਣਕਾਰੀ ਇਕੱਠੀ ਕਰਨ ਦੀਆਂ ਵਿਧੀਆਂ, ਜਿਨ੍ਹਾਂ ਨੂੰ ਮਜ਼ਬੂਤ ਮੰਨਿਆ ਜਾਂਦਾ ਹੈ, ਅਸਲ ਵਿਚ ਅੱਤਵਾਦ ’ਤੇ ਪੂਰਨ ਰੋਕ ਦੀ ਗਾਰੰਟੀ ਨਹੀਂ ਦੇ ਸਕਦੇ। ਖ਼ਤਰਨਾਕ ਸਰਹੱਦਾਂ ਨੇ ਇਕ ਨਿਰਪੱਖ ਸੁਰੱਖਿਆ ਸੈਟਅੱਪ ਨੂੰ ਪ੍ਰਾਪਤ ਕਰਨਾ ਅਸੰਭਵ ਬਣਾ ਦਿੱਤਾ ਹੈ ਜਿਸ ਨਾਲ ਅੱਤਵਾਦੀਆਂ ਨੂੰ ਘੁਸਪੈਠ ਕਰਨ ਅਤੇ ਉਨ੍ਹਾਂ ਦੀਆਂ ਨਾਪਾਕ ਗਤੀਵਿਧੀਆਂ ਨੂੰ ਸਜ਼ਾ ਤੋਂ ਮੁਕਤ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ।



ਇਸ ਹਮਲੇ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਦਹਿਸ਼ਤਗਰਦਾਂ ਵੱਲੋਂ ਇਸ ਨੂੰ ਧਾਰਮਿਕ ਰੰਗਤ ਦੇਣ ਦੀ ਰਣਨੀਤੀ ਹੋਰ ਵੀ ਚਿੰਤਾਜਨਕ ਹੈ। ਧਰਤੀ ਦਾ ਸਵਰਗ ਮੰਨੀ ਜਾਣ ਵਾਲੀ ਕਸ਼ਮੀਰ ਵਾਦੀ ਵਿਚ ਜਿਸ ਤਰ੍ਹਾਂ ਹਿੰਸਾ ਦਾ ਤਾਂਡਵ ਖੇਡਿਆ ਗਿਆ, ਉਸ ਨੇ ਹਰ ਸੰਵੇਦਨਸ਼ੀਲ ਵਿਅਕਤੀ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਦਹਿਸ਼ਤਗਰਦਾਂ ਨੇ ਸੈਲਾਨੀਆਂ ਨੂੰ ਉਨ੍ਹਾਂ ਦਾ ਮਜ਼ਹਬ ਪੁੱਛ ਕੇ ਨਿਸ਼ਾਨਾ ਬਣਾਇਆ। ਜਿਹੜੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਜਾਂ ਕਲਮਾ ਨਾ ਪੜ੍ਹ ਸਕੇ, ਉਨ੍ਹਾਂ ਨੂੰ ਨੇੜਿ ੰ ਗੋ.ਲੀਆਂ ਮਾਰੀਆਂ ਗਈਆਂ। ਜੰਮੂ-ਕਸ਼ਮੀਰ ਭਾਵੇਂ ਪਿਛਲੇ ਕਈ ਦਹਾਕਿਆਂ ਤੋਂ ਨਿਰਦੋਸ਼ਾਂ ਦੇ ਖ਼ੂਨ ਨਾਲ ਰੰਗਿਆ ਜਾਂਦਾ ਰਿਹਾ ਹੈ ਪਰ ਕਿਸੇ ਦਾ ਧਰਮ ਪੁੱਛ ਕੇ ਮਾਰਨਾ ਪਹਿਲੀ ਵਾਰ ਹੋਇਆ ਹੈ।

ਕੀ ਇਹ ਪਾਕਿਸਤਾਨ ਵੱਲੋਂ ਲੜੀ ਜਾ ਰਹੀ ਲੁਕਵੀਂ ਜੰਗ ਦਾ ਹਿੱਸਾ ਹੈ? ਇਹ ਉਹ ਬਲਦੇ ਸਵਾਲ ਹਨ ਜਿਨ੍ਹਾਂ ਦਾ ਹਰ ਸੰਵੇਦਨਸ਼ੀਲ ਵਿਅਕਤੀ ਉੱਤਰ ਭਾਲਦਾ ਹੈ। ਹਮਲੇ ਦਾ ਸਮਾਂ ਅਤੇ ਪ੍ਰਕਿਰਤੀ ਇਹ ਸੰਕੇਤ ਦਿੰਦੀ ਹੈ ਕਿ ਇਹ ਕਸ਼ਮੀਰ ਦੇ ਸਥਾਨਕ ਹਾਲਾਤ ਦੀ ਪ੍ਰਤੀਕਿਰਿਆ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੋ ਸਕਦਾ ਹੈ। ਅੱਤਵਾਦੀਆਂ ਅਤੇ ਉਨ੍ਹਾਂ ਦੇ ਆਕਾਵਾਂ ਨੂੰ ਅਜਿਹੀਆਂ ਘਟਨਾਵਾਂ ਤੋਂ ਕੀ ਲਾਭ ਹੋਣ ਦੀ ਉਮੀਦ ਹੈ?

ਨਿਰਦੋਸ਼ਾਂ ਦੀ ਹੱਤਿਆ ਦੋਸ਼ੀਆਂ ’ਤੇ ਅੱਤਵਾਦ ਦਾ ਟੈਗ ਹੋਰ ਮਜ਼ਬੂਤ ਕਰੇਗੀ, ਇਸ ਲਈ ਉਨ੍ਹਾਂ ਦੇ ਆਕਾਵਾਂ ਨੂੰ ਕੀ ਲਾਭ ਮਿਲਣ ਦੀ ਉਮੀਦ ਹੈ? ਕੀ ਇਹ ਆਬਾਦੀ ਵਿਚ ਡਰ ਅਤੇ ਅਨਿਸ਼ਚਿਤਤਾ ਦੀ ਭਾਵਨਾ ਪੈਦਾ ਕਰਨ ਲਈ ਹੈ ਜਾਂ ਭਾਈਚਾਰਿਆਂ ਦਾ ਧਰੁਵੀਕਰਨ ਕਰਨਾ ਅਤੇ ਵੰਡ ਪੈਦਾ ਕਰਨਾ ਹੈ? ਪ੍ਰੇਰਨਾ ਜੋ ਵੀ ਹੋਵੇ, ਇਹ ਸਪਸ਼ਟ ਹੈ ਕਿ ਅਜਿਹੀਆਂ ਘਟਨਾਵਾਂ ਹਿੰਸਾ ਅਤੇ ਅੱਤਵਾਦ ਦੇ ਚੱਕਰ ਨੂੰ ਕਾਇਮ ਰੱਖਣ ਲਈ ਹੀ ਕੰਮ ਕਰਦੀਆਂ ਹਨ।

ਸਖ਼ਤ ਕਾਰਵਾਈ ਕਰਨ ਦੇ ਵਾਅਦਿਆਂ ਅਤੇ ਦਾਅਵਿਆਂ ਨਾਲ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਦੇ ਵਾਅਦੇ ਨਾਲ ਅਜਿਹੀਆਂ ਘਟਨਾਵਾਂ ਦਾ ਪ੍ਰਤੀਕਰਮ ਅਨੁਮਾਨਤ ਰਿਹਾ ਹੈ।

ਹਾਲਾਂਕਿ, ਜ਼ਮੀਨੀ ਹਕੀਕਤ ਇਸ ਮੁੱਦੇ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਲਈ ਪ੍ਰਭਾਵਸ਼ਾਲੀ ਰਣਨੀਤੀ ਦੀ ਘਾਟ ਵੱਲ ਇਸ਼ਾਰਾ ਕਰਦੀ ਹੈ। ਅੰਕੜਿਆਂ ਦੇ ਆਧਾਰ ’ਤੇ ਅੱਤਵਾਦੀ ਗਤੀਵਿਧੀਆਂ ਅਤੇ ਸੁਰੱਖਿਆ ਬਲਾਂ ਦੀ ਸ਼ਮੂਲੀਅਤ, ਤਾਇਨਾਤੀ ਅਤੇ ਵਾਪਸੀ ਦੇ ਆਧਾਰ ’ਤੇ ਸਥਿਤੀ ਨੂੰ ਪਰਖਣਾ ਵੀ ਚੱਕਰ ਦਾ ਹਿੱਸਾ ਬਣ ਗਿਆ ਹੈ। ਹਰ ਘਟਨਾ ਸਾਡੀ ਸਮੁੱਚੀ ਨੀਤੀ ਅਤੇ ਰਣਨੀਤੀ ਦੀਆਂ ਕਮੀਆਂ ਦੀ ਯਾਦ ਦਿਵਾਉਂਦੀ ਹੈ ਜੋ ਜ਼ਿਆਦਾਤਰ ਪ੍ਰਤੀਕਿਰਿਆਤਮਕ ਲੱਗਦੀ ਹੈ।

ਹੁਣ ਤੱਕ, ਸਰਹੱਦ ਪਾਰ ਦੇ ਹਮਲਿਆਂ ਤੇ ਹਵਾਈ ਹਮਲਿਆਂ ਦੀ ਸਾਡੀ ਰਣਨੀਤੀ ਜਿਸ ਨੂੰ ਹੱਲ ਵਜੋਂ ਪੇਸ਼ ਕੀਤਾ ਜਾਂਦਾ ਹੈ, ਨੇ ਸਰਹੱਦ ਪਾਰ ਦੀ ਸ਼ਕਤੀ ਦੇ ਵਿਰੁੱਧ ਕੋਈ ਸਥਾਈ ਰੋਕ ਨਹੀਂ ਲਗਾਈ ਹੈ ਜੋ ਇਨ੍ਹਾਂ ਘਟਨਾਵਾਂ ਦੀ ਰਣਨੀਤੀ ਬਣਾਉਣ ਅਤੇ ਨਿਯੰਤਰਣ ਕਰਨ ਲਈ ਤਿਆਰ ਹੈ। ਹੋ ਸਕਦਾ ਹੈ ਕਿ ਹੋਏ ਨੁਕਸਾਨ ਦੇ ਖ਼ਰਚੇ ਸਮੂਹ ਸੰਗਠਨਾਂ ਦੀ ਸਹਿਣ ਸਮਰੱਥਾ ਦੇ ਅੰਦਰ ਹੋਣ। ਉਨ੍ਹਾਂ ਕੋਲ ਹੋਰ ਸਾਧਨਾਂ ਤੇ ਮਨੁੱਖੀ ਸ਼ਕਤੀ ਤੱਕ ਮੁਫ਼ਤ ਅਸੀਮਤ ਪਹੁੰਚ ਹੈ। ਅਸਲ ਬਦਲਾ ਜ਼ਮੀਨੀ ਸੰਚਾਲਕਾਂ ਨੂੰ ਬੇਅਸਰ ਕਰਨ ਬਾਰੇ ਨਹੀਂ ਹੈ।

ਇਹ ਤਾਂ ਉਨ੍ਹਾਂ ਸ਼ਕਤੀਆਂ ਨੂੰ ਨਿਆਂ ਦੇ ਦਾਇਰੇ ਵਿਚ ਲਿਆਉਣ ਬਾਰੇ ਹੈ ਜੋ ਇਨ੍ਹਾਂ ਘਟਨਾਵਾਂ ਦੀਆਂ ਯੋਜਨਾਵਾਂ ਬਣਾਉਂਦੀਆਂ ਅਤੇ ਨਿਯੰਤਰਣ ਕਰਦੀਆਂ ਹਨ। ਇਨ੍ਹਾਂ ਸ਼ਕਤੀਆਂ ਲਈ ਚੋਖੇ ਖ਼ਰਚੇ ਕਰਨੇ ਪੈਂਦੇ ਹਨ। ਸੁਰੱਖਿਆ ਗਰਿੱਡ ਅਤੇ ਜਵਾਬੀ ਉਪਾਵਾਂ ਦੇ ਨਾਲ-ਨਾਲ ਕੂਟਨੀਤਕ ਅਤੇ ਵਿਦੇਸ਼ ਨੀਤੀ, ਦੋਵਾਂ ’ਤੇ ਮੁੜ-ਰਣਨੀਤੀ ਬਣਾਉਣ ਦਾ ਸਮਾਂ ਆ ਗਿਆ ਹੈ। ਇਸ ਨਾ ਖ਼ਤਮ ਹੋਣ ਵਾਲੇ ਚੱਕਰ ਨੂੰ ਤੋੜਨ ਅਤੇ ਇਸ ਨੂੰ ਦੇਸ਼ ਦੇ ਹੋਰ ਹਿੱਸਿਆਂ ਵਿਚ ਫੈਲਣ ਤੋਂ ਰੋਕਣ ਲਈ ਸਾਨੂੰ ਸਥਿਤੀ ਨਾਲ ਨਜਿੱਠਣ ਲਈ ਆਪਣੀ ਪਹੁੰਚ ਦਾ ਮੁੜ ਮੁਲਾਂਕਣ ਕਰਨ ਅਤੇ ਵਿਕਲਪਾਂ ਦੀ ਖੋਜ ਕਰਨ ਦੀ ਲੋੜ ਹੈ ਅਤੇ ਦੁਸ਼ਮਣ ਸਾਨੂੰ ਜਿਸ ਜਾਲ ਵਿਚ ਫਸਾਉਣਾ ਚਾਹੁੰਦਾ ਹੈ, ਉਸ ਵਿਚ ਨਾ ਫਸਣ ਦੀ ਲੋੜ ਹੈ।

ਇਸ ਵਿਚ ਸਿਰਫ਼ ਫ਼ੌਜੀ ਕਾਰਵਾਈ ਹੀ ਨਹੀਂ ਸਗੋਂ ਕੂਟਨੀਤਕ ਕੋਸ਼ਿਸ਼ਾਂ ਵੀ ਸ਼ਾਮਲ ਹਨ। ਸਾਨੂੰ ਹਰ ਘਟਨਾ ’ਤੇ ਪ੍ਰਤੀਕਿਰਿਆ ਦੇਣ ਦੀ ਬਜਾਏ ਅੱਤਵਾਦ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਵਾਲੀ ਇਕ ਵਿਆਪਕ ਰਣਨੀਤੀ ਵਿਕਸਤ ਕਰਨ ਦੀ ਲੋੜ ਹੈ। ਜਦੋਂ ਤੱਕ ਅਜਿਹੇ ਹਮਲਿਆਂ ਦੇ ਸਿੱਟੇ ਦੋਸ਼ੀਆਂ ਲਈ ਅਸਹਿ ਨਹੀਂ ਹੋ ਜਾਂਦੇ, ਉਦੋਂ ਤੱਕ ਉਹ ਨਿਡਰ ਹੋ ਕੇ ਅਜਿਹੇ ਕਾਰੇ ਕਰਦੇ ਰਹਿਣਗੇ। ਸਰਕਾਰ ਨੂੰ ਦਹਿਸ਼ਤਵਾਦ ਦਾ ਮੁਕਾਬਲਾ ਕਰਨ ਲਈ ਆਪਣੀਆਂ ਨੀਤੀਆਂ ਅਤੇ ਰਣਨੀਤੀਆਂ ’ਤੇ ਸਖ਼ਤ ਨਜ਼ਰ ਰੱਖਣ ਦੀ ਲੋੜ ਹੈ। ਸਾਨੂੰ ਆਪਣੇ-ਆਪ ਤੋਂ ਪੁੱਛਣ ਦੀ ਲੋੜ ਹੈ ਕਿ ਅਸੀਂ ਵੱਖਰੇ ਤਰੀਕੇ ਨਾਲ ਕੀ ਕਰ ਰਹੇ ਹਾਂ?

ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਅਸੀਂ ਕੀ ਕਰ ਸਕਦੇ ਹਾਂ? ਕੀ ਕੁਝ ਮਹੀਨਿਆਂ ਦੀ ਅਕਿਰਿਆਸ਼ੀਲਤਾ ਅਤੇ ਸਾ-ਪੇਖਿਕ ਸ਼ਾਂਤੀ ਸਥਿਤੀ ਵਿਚ ਸੁਧਾਰ ਦੇ ਕਾਫ਼ੀ ਸੰਕੇਤ ਹਨ? ਜਦੋਂ ਤੱਕ ਅਸੀਂ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਲੱਭ ਲੈਂਦੇ, ਉਦੋਂ ਤੱਕ ਹਿੰਸਾ ਅਤੇ ਦਹਿਸ਼ਤਵਾਦ ਦਾ ਸਿਲਸਿਲਾ ਜਾਰੀ ਰਹੇਗਾ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਸਮੇਂ-ਸਮੇਂ ’ਤੇ ਵਾਪਰਦੀਆਂ ਰਹਿਣਗੀਆਂ। ਪਹਿਲਗਾਮ ਕਤਲੇਆਮ ਜੰਮੂ-ਕਸ਼ਮੀਰ ਵਿਚ ਅੱਤਵਾਦ ਦੇ ਕਦੇ ਨਾ ਖ਼ਤਮ ਹੋਣ ਵਾਲੇ ਚੱਕਰ ਦੀ ਯਾਦ ਦਿਵਾਉਂਦਾ ਹੈ। ਜਦੋਂ ਤੱਕ ਅਸੀਂ ਅਜਿਹੇ ਹਮਲਿਆਂ ਨੂੰ ਰੋਕਣ ਲਈ ਵਿਆਪਕ ਯੋਜਨਾਵਾਂ ਨਹੀਂ ਬਣਾਉਂਦੇ, ਪੀੜਤ ਹੁੰਦੇ ਰਹਾਂਗੇ। ਅਜਿਹੇ ਹਮਲਿਆਂ ਨੂੰ ਰੋਕਣ ਅਤੇ ਇਕ ਸਥਾਈ ਰੋਕਥਾਮ ਅਤੇ ਸਥਾਈ ਸ਼ਾਂਤੀ ਪ੍ਰਾਪਤ ਕਰਨ ਲਈ ਸਾਡੀ ਪਹੁੰਚ, ਸਾਡੀ ਰਣਨੀਤੀ ਤੇ ਸਾਡੀ ਮਾਨਸਿਕਤਾ ’ਚ ਤਬਦੀਲੀ ਦਾ ਵੇਲਾ ਹੈ।

# ਕਸ਼ਮੀਰੀ ਲੋਕਾਂ ਦਾ ਦੁਸ਼ਮਣ ਕੌਣ

ਪਹਿਲਗਾਮ ਦੇ ਬੈਸਾਰਨ ਦੀਆਂ ਖ਼ੂਨ ਨਾਲ ਭਿੱਜੀਆਂ ਚਰਾਗਾਹਾਂ ਹੁਣ ਇੱਕ ਦਰਦਨਾਕ ਕਾਰਨ ਨੇ ਹਮੇਸ਼ਾ ਲਈ ਯਾਦਾਂ ’ਚ ਵਸਾ ਦਿੱਤੀਆਂ ਹਨ। ਅਤਿਵਾਦੀ ਹਮਲੇ ’ਚ ਕਰੀਬ 26 ਸੈਲਾਨੀਆਂ ਦੀ ਹੱਤਿਆ ਨੇ ਪੂਰੇ ਮੁਲਕ ਨੂੰ ਝੰਜੋੜ ਦਿੱਤਾ ਹੈ ਅਤੇ ਕਸ਼ਮੀਰ ਦੀ ਰੂਹ ਵੀ ਵਿੰਨ੍ਹ ਕੇ ਰੱਖ ਦਿੱਤੀ ਹੈ। ਮਰਨ ਵਾਲਿਆਂ ਵਿੱਚ ਪੂਰੇ ਦੇਸ਼ ਦੇ ਲੋਕ ਸ਼ਾਮਿਲ ਸਨ, ਜਿਨ੍ਹਾਂ ’ਚ ਕਰਨਾਟਕ ਦੇ ਸ਼ਿਵਮੋਗਾ ਵਰਗੇ ਛੋਟੇ ਸ਼ਹਿਰਾਂ ਤੋਂ ਆਏ ਲੋਕ ਵੀ ਸ਼ਾਮਿਲ ਸਨ। ਉਹ ਸ਼ਾਂਤੀਪੂਰਨ ਸੁੱਖ-ਮੌਜ ਲੈਣ ਲਈ ਕਸ਼ਮੀਰ ਆਏ ਸਨ। ਉਨ੍ਹਾਂ ਦੀਆਂ ਮੌਤਾਂ ਨੇ ਉਭਾਰਿਆ ਹੈ ਕਿ ਇਹ ਤ੍ਰਾਸਦੀ ਸਿਰਫ਼ ਜੰਮੂ ਤੇ ਕਸ਼ਮੀਰ ਬਾਰੇ ਨਹੀਂ ਹੈ, ਬਲਕਿ ਰਾਸ਼ਟਰੀ ਫੱਟ ਹੈ।

ਅਹਿਮ ਨੁਕਤਾ ਇਹ ਹੈ ਕਿ ਇਸ ਪੀੜਾ ਦੇ ਵਿਚਕਾਰ, ਕੁਝ ਡੂੰਘਾ ਵਾਪਰਿਆ ਹੈ-ਵਾਦੀ ਦੇ ਲੋਕਾਂ ਨੇ ਇਕਜੁੱਟ ਹੋ ਕੇ ਬੁਲੰਦ ਆਵਾਜ਼ ’ਚ ਮਨੁੱਖਤਾ ਖ਼ਿਲਾਫ਼ ਇਸ ਘਿਨਾਉਣੇ ਅਪਰਾਧ ਦੀ ਨਿਖੇਧੀ ਕੀਤੀ ਹੈ। ਪਿਛਲੇ 35 ਸਾਲਾਂ ਵਿੱਚ ਪਹਿਲੀ ਵਾਰ, ਕਸ਼ਮੀਰ ਵਾਦੀ ਅਤਿਵਾਦੀ ਹਮਲੇ ਖ਼ਿਲਾਫ਼ ਬੰਦ ਹੋਈ ਹੈ। ਬੁੱਧਵਾਰ ਨੂੰ ਬੰਦ ਦੇ ਸੱਦੇ ਦੇ ਮੱਦੇਨਜ਼ਰ ਸ੍ਰੀਨਗਰ ਵਿੱਚ ਜ਼ਿਆਦਾਤਰ ਕਾਰੋਬਾਰ ਅਤੇ ਦੁਕਾਨਾਂ ਬੰਦ ਰਹੇ। ਲਾਊਡਸਪੀਕਰਾਂ ਤੋਂ ਇਕਜੁੱਟਤਾ ਦੀ ਅਪੀਲ ਕੀਤੀ ਗਈ ਅਤੇ ਗ਼ਲੀਆਂ ਲੋਕਾਂ ਨਾਲ ਭਰ ਗਈਆਂ, ਜਿਨ੍ਹਾਂ ਗਹਿਰਾ ਦੁੱਖ ਤੇ ਗੁੱਸਾ ਜ਼ਾਹਿਰ ਕੀਤਾ। “ਸ਼ਰਮਿੰਦਗੀ ਤੇ ਝੁਕੇ ਹੋਏ ਸਿਰਾਂ ਨਾਲ” ਉਨ੍ਹਾਂ ਇਕਸੁਰ ਹੋ ਕੇ ਕਿਹਾ ਕਿ ਇਹ ਕਸ਼ਮੀਰ ਦੀ ਮਹਿਮਾਨ ਨਿਵਾਜ਼ੀ ਅਤੇ ਅਮਨ ਦੀ ਭਾਵਨਾ ਨਾਲ ਦਗ਼ਾ ਹੈ। ਕਸ਼ਮੀਰ ਵਾਦੀ ਦੀ ਸਿਆਸਤ ਲਈ ਇਸ ਭਾਵਨਾ ਦੇ ਅਰਥ ਬਹੁਤ ਡੂੰਘੇ ਅਤੇ ਸਪਸ਼ਟ ਸੁਨੇਹਾ ਦੇਣ ਵਾਲੇ ਹਨ।

ਹਮਲਾ, ਜਿਸ ਦੀ ਜ਼ਿੰਮੇਵਾਰੀ ਲਸ਼ਕਰ-ਏ-ਤੋਇਬਾ ਨਾਲ ਜੁੜੇ ‘ਦਿ ਰਿਜ਼ਿਸਟੰਸ ਫਰੰਟ’ ਨੇ ਲਈ ਹੈ, ਦਾ ਮਕਸਦ ਮੁੜ ਭੈਅ ਪੈਦਾ ਕਰਨਾ ਅਤੇ ਸਖ਼ਤ ਮਿਹਨਤ ਨਾਲ ਪਰਤੀ ਸ਼ਾਂਤੀ ਨੂੰ ਭੰਗ ਕਰਨਾ ਹੈ। ਸਾਲ 2024 ਵਿੱਚ 35 ਲੱਖ ਤੋਂ ਵੱਧ ਸੈਲਾਨੀ ਜੰਮੂ ਕਸ਼ਮੀਰ ਆਏ ਹਨ ਅਤੇ ਪਹਿਲਗਾਮ ਵਰਗੀਆਂ ਥਾਵਾਂ ਦਾ 70 ਪ੍ਰਤੀਸ਼ਤ ਰੁਜ਼ਗਾਰ ਸੈਰ-ਸਪਾਟੇ ਨਾਲ ਜੁੜਿਆ ਹੋਇਆ ਹੈ। ਇਸ ਤਰ੍ਹਾਂ ਖੇਤਰ ਦੀ ਨਾਜ਼ੁਕ ਰਿਕਵਰੀ ਦਾਅ ਉੱਤੇ ਲੱਗ ਗਈ ਹੈ। ਕਈ ਸਥਾਨਕ ਲੋਕ ਜਿਨ੍ਹਾਂ ਸੈਰ-ਸਪਾਟੇ ਨਾਲ ਸਬੰਧਿਤ ਕਾਰੋਬਾਰ ’ਚ ਨਿਵੇਸ਼ ਲਈ ਕਰਜ਼ਾ ਲਿਆ ਹੋਇਆ ਸੀ, ਤਬਾਹਕੁਨ ਨੁਕਸਾਨ ਦਾ ਸਾਹਮਣਾ ਕਰ ਰਹੇ ਕਿਉਂਕਿ ਵੱਡੇ ਪੱਧਰ ’ਤੇ ਬੁਕਿੰਗ ਰੱਦ ਹੋ ਰਹੀ ਹੈ। ਇਹ ਸਾਰਾ ਖਮਿਆਜ਼ਾ ਸਥਾਨਕ ਲੋਕਾਂ ਨੂੰ ਭੁਗਤਣਾ ਪੈਣਾ ਹੈ। ਇਸੇ ਦੌਰਾਨ ਸਰਕਾਰੀ ਮਸ਼ੀਨਰੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣਾ ਵਿਦੇਸ਼ ਦੌਰਾ ਵਿਚਾਲੇ ਛੱਡਣ ਤੋਂ ਲੈ ਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਤੁਰੰਤ ਜ਼ਮੀਨੀ ਹਕੀਕਤਾਂ ਦਾ ਮੁਲਾਂਕਣ ਕਰਨ ਲਈ ਪਹੁੰਚਣਾ- ਕਾਫ਼ੀ ਸਰਗਰਮੀ ਦਿਖਾ ਰਹੀ ਹੈ। ਫੌਰੀ ਪ੍ਰਤੀਕਿਰਿਆ ਵਜੋਂ ਸਬੰਧਿਤ ਖੇਤਰ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ। ਹਾਲਾਂਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਹਮਲਾਵਰਾਂ ਨੂੰ ਜਲਦੀ ‘ਤਿੱਖਾ ਤੇ ਸਪੱਸ਼ਟ ਜਵਾਬ’ ਮਿਲੇਗਾ, ਪਰ ਜ਼ਿੰਮੇਵਾਰ ਸਰਕਾਰੀ ਤੰਤਰ ਨੂੰ ਕਸ਼ਮੀਰ ਵਾਦੀ ’ਚੋਂ ਉੱਠ ਰਹੀਆਂ ਆਵਾਜ਼ਾਂ ਨੂੰ ਵੀ ਉਭਾਰਨਾ ਚਾਹੀਦਾ ਹੈ ਜਿਨ੍ਹਾਂ ਹਿੰਸਾ ਨੂੰ ਨਕਾਰ ਕੇ ਮਾਨਵਤਾ ਨੂੰ ਚੁਣਿਆ ਹੈ।

# ਕਸ਼ਮੀਰ ’ਚ ਹੋਏ ਅੱਤਵਾਦੀ ਹਮਲੇ 'ਤੇ ਕਲਾਕਾਰਾਂ ਦਾ ਭੜਕਿਆ ਗੁੱਸਾ

ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਨੇ ਪੂਰੇ ਭਾਰਤ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਕ ਪਾਸੇ ਲੋਕ ਸੋਸ਼ਲ ਮੀਡੀਆ ਰਾਹੀਂ ਮ੍ਰਿਤਕਾਂ ਦੇ ਪਰਿਵਾਰਾਂ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕਰ ਰਹੇ ਹਨ, ਜਦੋਂ ਕਿ ਦੂਜੇ ਪਾਸੇ ਲੋਕ ਇਸ ਅੱਤਵਾਦੀ ਹਮਲੇ ਦੀ ਨਿੰਦਾ ਕਰ ਰਹੇ ਹਨ ਜਿਸ ਵਿਚ ਮਾਸੂਮ ਲੋਕਾਂ ਨੂੰ ਕਾਇਰਤਾ ਨਾਲ ਮਾਰਿਆ ਗਿਆ। ਪਹਿਲਗਾਮ ਵਿੱਚ ਹੋਏ ਇਸ ਹਮਲੇ ਤੋਂ ਬਾਲੀਵੁੱਡ ਸਿਤਾਰੇ ਬਹੁਤ ਗੁੱਸੇ ਵਿਚ ਹਨ। ਸ਼ਾਹਰੁਖ ਖ਼ਾਨ ਤੋਂ ਲੈ ਕੇ ਸਲਮਾਨ ਖ਼ਾਨ ਅਤੇ ਸੰਨੀ ਦਿ ਲ ਤੱਕ, ਸਾਰਿਆਂ ਨੇ ਮਾਸੂਮ ਲੋਕਾਂ ਲਈ ਇਨਸਾਫ਼ ਦੀ ਅਪੀਲ ਕੀਤੀ। ਹੁਣ, ਬਹੁਤ ਸਾਰੇ ਪਾਕਿਸਤਾਨੀ ਕਲਾਕਾਰਾਂ ਨੇ ਵੀ ਭਾਰਤ ਦਾ ਸਮਰਥਨ ਕੀਤਾ ਹੈ। ਉਨ੍ਹਾਂ ਨੇ ਆਪਣੇ ਐਕਸ ਅਕਾਊਂਟ 'ਤੇ ਅੱਤਵਾਦੀਆਂ ਦੁਆਰਾ ਭਾਰਤ ਦੇ ਮਾਸੂਮ ਲੋਕਾਂ ਦੀ ਹੱਤਿਆ 'ਤੇ ਆਪਣਾ ਗੁੱਸਾ ਜ਼ਾਹਰ ਕਰਦੇ ਹੋਏ ਪੋਸਟ ਕੀਤਾ।

ਇਨ੍ਹਾਂ ਪਾਕਿਸਤਾਨੀ ਕਲਾਕਾਰਾਂ ਨੇ ਪਹਿਲਗਾਮ ਹਮਲੇ 'ਤੇ ਪ੍ਰਤੀਕਿਰਿਆ ਦਿੱਤੀ- 'ਅਬੀਰ ਗੁਲਾਲ' ਨਾਲ ਬਾਲੀਵੁੱਡ ਵਿਚ ਵਾਪਸੀ ਕਰਨ ਲਈ ਤਿਆਰ ਫਵਾਦ ਖਾਨ ਨੇ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਮਲੇ 'ਤੇ ਆਪਣਾ ਗੁੱਸਾ ਜ਼ਾਹਰ ਕਰਦੇ ਹੋਏ ਅਧਿਕਾਰਤ ਇੰਸਟਾਗ੍ਰਾਮ ਅਕ-ਾਊਂਟ 'ਤੇ ਇੱਕ ਕਹਾਣੀ ਪੋਸਟ ਕੀਤੀ ਅਤੇ ਲਿਖਿਆ, "ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਖ਼ਬਰ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ ਹੈ। ਸਾਡੀਆਂ ਸੰਵੇਦਨਾਵਾਂ ਅਤੇ ਪ੍ਰਾਰਥਨਾਵਾਂ ਇਸ ਭਿਆਨਕ ਘਟਨਾ ਦੇ ਪੀੜਤਾਂ ਨਾਲ ਹਨ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਪ੍ਰਮਾਤਮਾ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਮੁਸ਼ਕਲ ਸਮੇਂ ਨਾਲ ਲੜਨ ਦੀ ਹਿੰਮਤ ਦੇਵੇ"। ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਨੇ ਆਪਣੀ ਇੰਸਟਾ ਸਟੋਰੀ ਵਿਚ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਬਾਰੇ ਇੱਕ ਅਪਡੇਟ ਸਾਂਝੀ ਕੀਤੀ ਅਤੇ ਲਿਖਿਆ, "ਇੱਕ ਥਾਂ 'ਤੇ ਵਾਪਰਨ ਵਾਲਾ ਦੁਖਾਂਤ ਸਾਰਿਆਂ ਲਈ ਇੱਕੋ ਜਿਹਾ ਹੁੰਦਾ ਹੈ। ਮੇਰੀਆਂ ਸੰਵੇਦਨਾਵਾਂ ਉਨ੍ਹਾਂ ਮਾਸੂਮ ਲੋਕਾਂ ਨਾਲ ਹਨ ਜੋ ਇਸ ਹਾਲੀਆ ਹਾਦਸੇ ਦਾ ਸ਼ਿਕਾਰ ਹੋਏ ਹਨ। ਅਸੀਂ ਦੁੱਖ ਅਤੇ ਉਮੀਦ ਵਿੱਚ ਇੱਕਜੁੱਟ ਹਾਂ। ਜਦੋਂ ਮਾਸੂਮ ਲੋਕ ਆਪਣੀਆਂ ਜਾਨਾਂ ਗੁਆ ਦਿੰਦੇ ਹਨ, ਤਾਂ ਇਹ ਸਿਰਫ਼ ਉਨ੍ਹਾਂ ਦਾ ਦਰਦ ਨਹੀਂ ਹੁੰਦਾ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਅਸੀਂ ਕਿੱਥੋਂ ਆਏ ਹਾਂ, ਦੁੱਖ ਦੀ ਪਰਿਭਾਸ਼ਾ ਇੱਕੋ ਜਿਹੀ ਹੈ। ਸਾਨੂੰ ਸਭ ਤੋਂ ਉੱਪਰ ਮਨੁੱਖਤਾ ਨੂੰ ਚੁਣਨਾ ਚਾਹੀਦਾ ਹੈ"। ਫਰਹਾਨ ਸਈਦ ਨੇ ਲਿਖਿਆ, "ਪਹਿਲਗਾਮ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਮੇਰੀ ਸੰਵੇਦਨਾ"। ਓਸਾਮਾ ਖਾਨ ਨੇ ਆਪਣੇ ਐਕਸ ਅਕਾਊਂਟ 'ਤੇ ਇਹ ਵੀ ਲਿਖਿਆ, "ਪਹਿਲਗਾਮ ਦੇ ਪੀੜਤਾਂ, ਉਨ੍ਹਾਂ ਦੇ ਅਜ਼ੀਜ਼ਾਂ ਅਤੇ ਪਰਿਵਾਰਾਂ ਪ੍ਰਤੀ ਮੇਰੀ ਦਿਲੋਂ ਸੰਵੇਦਨਾ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days Weekends/Evenings (Year Round Service) Resonalbe Rates Call for Appointment
IRS e-file
CTEC
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਅਮਰੀਕਾ ਦੀ ਆਜ਼ਾਦੀ ਤੋਂ ਪ੍ਰੇਰਨਾ ਲੈ ਕੇ ਬੱਝਿਆ ਗ਼ਦਰ ਪਾਰਟੀ ਦਾ ਮੁੱਢ

ਪਿਰਥੀਪਾਲ ਸਿੰਘ ਮਾੜੀਮੇਘਾ

ਅਮਰੀਕਾ ਦੀ ਧਰਤੀ 'ਤੇ ਪਹਿਲਾਂ-ਪਹਿਲ ਵਾਸ਼ਿੰਗਟਨ, ਔਰਗਿਨ ਅਤੇ ਕੈਲੇਫੋਰਨੀਆ ਦੇ ਸ਼ਾਂਤ ਸਾਗਰ ਦੇ ਕੰਢੇ 'ਤੇ ਹਿੰਦੁਸਤਾਨੀ ਕਿਰਤੀਆਂ ਨੇ ਪਹੁੰਚ ਕੇ ਕਿਰਤ ਕਰਨੀ ਸ਼ੁਰੂ ਕੀਤੀ। ਅਮਰੀਕਾ ਦੀ ਆਜ਼ਾਦੀ ਵੇਖ ਕੇ ਹਿੰਦੀਆਂ ਦੇ ਹਿਰਦੇ ਵਿਚ ਵੀ ਕੌਮੀ ਜਾਗਰੂਕਤਾ ਉਜਾਗਰ ਹੋਈ ਅਤੇ ਇਸ ਨੇ ਗ਼ਦਰ ਲਹਿਰ ਦਾ ਰੂਪ ਧਾਰ ਲਿਆ ਜਿਸ ਨਾਲ ਇਕ ਕੇਂਦਰੀ ਇਨਕਲਾਬੀ ਪਾਰਟੀ ਬਣ ਗਈ। ਇਸ ਨੇ ਫ਼ੈਸਲਾ ਕੀਤਾ ਕਿ ਅੰਗਰੇਜ਼ਾਂ ਨਾਲ ਹਥਿਆਰਬੰਦ ਟੱਕਰ ਲੈ ਕੇ ਹਿੰਦੁਸਤਾਨ ਨੂੰ ਆਜ਼ਾਦ ਕਰਵਾਇਆ ਜਾਵੇ। ਉਸ ਵਕਤ ਅਮਰੀਕਾ ਦੀ ਸਰਮਾਏਦਾਰੀ ਤਰੱਕੀ ਕਰ ਰਹੀ ਸੀ ਤੇ ਉਸ ਨੂੰ ਸਸਤੇ ਤੇ ਅਣਗਿਣਤ ਮਜ਼ਦੂਰਾਂ ਦੀ



ਲੋੜ ਸੀ। ਉਨ੍ਹਾਂ ਦੀ ਇਹ ਲੋੜ ਜ਼ਿਆਦਾਤਰ ਏਸ਼ੀਆ ਦੇ ਦੇਸ਼ਾਂ ਦੇ ਮਜ਼ਦੂਰ ਪੂਰੀ ਕਰ ਰਹੇ ਸਨ। ਅਮਰੀਕਾ ਦੇ ਸੇਂਟ ਜਾਨ ਦੇ ਆਲੇ-ਦੁਆਲੇ ਦੇ ਅਨੇਕਾਂ ਸ਼ਹਿਰਾਂ ਅਤੇ ਕਸਬਿਆਂ ਦੀਆਂ ਆਰਾ ਮਿੱਲਾਂ, ਰੇਲਵੇ ਵਰਕਸ਼ਾਪਾਂ ਅਤੇ ਰੇਲ ਪਟੜੀਆਂ ਉੱਤੇ ਸੈਂਕੜੇ ਹਿੰਦੀ ਮਜ਼ਦੂਰ ਕੰਮ ਕਰਦੇ ਸਨ ਅਤੇ ਇਕੱਠੇ ਰਹਿੰਦੇ ਸਨ। ਇਸ ਸਾਂਝ ਨੇ ਹਿੰਦੀਆਂ 'ਚੋਂ ਜਾਤ-ਪਾਤ ਦਾ ਵਿਤਕਰਾ ਖ਼ਤਮ ਕਰ ਦਿੱਤਾ। ਇਸ ਏਰੀਏ ਵਿਚ ਹਿੰਦ ਤੋਂ ਪੜ੍ਹਨ ਆਏ ਵਿਦਿਆਰਥੀ ਵੀ ਛੁੱਟੀਆਂ ਦੇ ਦਿਨਾਂ ਵਿਚ ਕੰਮਕਾਰ ਲਈ ਆ ਜਾਂਦੇ ਸਨ। ਇਸ ਸਿਆਸੀ ਪਿੜ ਦਾ ਕੇਂਦਰ ਛੋਟਾ ਜਿਹਾ ਕਸਬਾ 'ਸੇਂਟ ਜਾਨ' ਬਣਿਆ ਜਿਥੇ ਆਰਾ ਮਿੱਲ ਵਿਚ ਜ਼ਿਲ੍ਹਾ ਅੰਬਾਲਾ ਦੇ ਪਿੰਡ ਮੜੌਲੀ ਦੇ ਕਾਂਸ਼ੀ ਰਾਮ ਕੰਮ ਕਰਦੇ ਸਨ। ਇਥੇ ਸਿਆਸੀ ਵਿਚਾਰਾਂ ਦੀ 1906 ਤੋਂ ਸ਼ੁਰੂਆਤ ਹੋ ਗਈ ਸੀ। ਇਸ ਤੋਂ ਇਲਾਵਾ ਕੈਲੇਫੋਰਨੀਆ ਦੇ ਭਾਈ ਜਵਾਲਾ ਸਿੰਘ ਠੱਠੀਆਂ ਦਾ ਡੇਰਾ ਵੀ ਸਿਆਸੀ ਅੱਡਾ ਬਣ ਗਿਆ।

ਦਰਿਆ ਕੋਲੰਬੀਆ ਦੇ ਮੰਡ ਦੀਆਂ ਆਰਾ ਮਿੱਲਾਂ ਦੇ ਹਿੰਦੀ ਮਜ਼ਦੂਰ ਜਿਨ੍ਹਾਂ ਵਿਚ ਖਾਸ ਕਰ ਕੇ ਭਾਈ ਸੋਹਣ ਸਿੰਘ ਭਕਨਾ, ਭਾਈ ਹਰਨਾਮ ਸਿੰਘ ਟੁੰਡੀਲਾਟ, ਭਾਈ ਊਧਮ ਸਿੰਘ ਕਸੇਲ, ਸ੍ਰੀ ਰਾਮ ਰੱਖਾ ਸੜੋਆ, ਭਾਈ ਈਸ਼ਰ ਸਿੰਘ ਮਰਹਾਨਾ ਐਤਵਾਰ ਜਾਂ ਹੋਰ ਛੁੱਟੀਆਂ ਵਾਲੇ ਦਿਨ ਇਕੱਠੇ ਹੁੰਦੇ ਤੇ ਆਪਣੀ ਸਮਾਜੀ ਤੇ ਸਿਆਸੀ ਜ਼ਿੰਦਗੀ ਬਾਰੇ ਵਿਚਾਰਾਂ ਕਰਦੇ। ਬਾਬਾ ਸੋਹਣ ਸਿੰਘ ਭਕਨਾ ਹਿੰਦੁਸਤਾਨ ਵਿਚ ਕੂਕਾ ਲਹਿਰ ਦੇ ਮੋਢੀਆਂ ਵਿਚ ਰਹਿ ਚੁੱਕੇ ਸਨ।

ਉਨ੍ਹਾਂ ਦਾ ਹਿੰਦੀ ਕਿਰਤੀਆਂ ਵਿਚ ਬਹੁਤ ਮਾਣ ਸਨਮਾਨ ਸੀ। ਇੰਨ੍ਹਾਂ ਹਿੰਦੀ ਕਿਰਤੀਆਂ ਵਿਚ ਜੀਡੀ ਕੁਮਾਰ, ਸ੍ਰੀ ਤਾਰਕਨਾਥ ਦਾਸ, ਸੰਤ ਤੇਜਾ ਸਿੰਘ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਹਿੰਦੀਆਂ ਨੂੰ ਇਹ ਸਮਝਾਉਂਦੇ ਕਿ ਉਹ ਇਕੱਠੇ ਰਹਿਣ, ਨਸ਼ਾ-ਪੱਤਾ ਨਾ ਕਰਨ ਅਤੇ ਬੁਰੀਆਂ ਆਦਤਾਂ ਤਿਆਗਣ। ਇਨ੍ਹਾਂ ਅੱਡਿਆਂ 'ਤੇ 'ਸਵਦੇਸ਼ ਸੇਵਕ' ਉਰਦੂ, 'ਪਰਦੇਸੀ ਖਾਲਸਾ' ਪੰਜਾਬੀ, 'ਸੰਸਾਰ' ਪੰਜਾਬੀ ਅਤੇ 'ਫਰੀ ਹਿੰਦੁਸਤਾਨ' ਅੰਗਰੇਜ਼ੀ ਅਖ਼ਬਾਰਾਂ ਵੀ ਆਉਂਦੀਆਂ ਸਨ। ਨਿਊਯਾਰਕ ਵਿਚ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਲਈ 'ਇੰਡੀਆ ਹਾਊਸ' ਬਣਾਇਆ ਹੋਇਆ ਸੀ। ਇਥੇ ਤਾਰਕਨਾਥ ਦਾਸ ਦੀ ਰਹਿਨੁਮਾਈ ਹੇਠ 1911 ਵਿਚ 'ਈਸਟ ਇੰਡੀਆ ਐਸੋਸੀਏਸ਼ਨ' ਨਾਂ ਦੀ ਸਭਾ ਬਣਾਈ ਗਈ। ਇਸ ਸਭਾ ਦਾ ਅਖ਼ਬਾਰ ਅੰਗਰੇਜ਼ਾਂ ਨਾਲ ਹਥਿਆਰਬੰਦ ਬਗ਼ਾਵਤ ਕਰਨ ਵਾਸਤੇ ਲਿਖਦਾ ਸੀ। ਜੀਡੀ ਕੁਮਾਰ 1911 ਵਿਚ ਸਿਆਟਲ ਆ ਕੇ ਬਾਬੂ ਹਰਨਾਮ ਸਿੰਘ ਨੂੰ ਨਾਲ ਲੈ ਕੇ ਹਿੰਦੀ ਡੇਰਿਆਂ 'ਤੇ ਸਮਾਜ ਸੁਧਾਰ ਦਾ ਪ੍ਰਚਾਰ ਕਰਨ ਲੱਗ ਪਏ। ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਨੇ ਉਨ੍ਹਾਂ ਨੂੰ ਸਮਝਾਇਆ ਕਿ ਹੁਣ ਸਿੱਧਾ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨਾ ਚਾਹੀਦਾ ਹੈ। ਫ਼ੈਸਲੇ ਮੁਤਾਬਕ 1912 ਵਿਚ "ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ" ਨਾਂ ਦੀ ਜਥੇਬੰਦੀ ਬਣਾਈ ਗਈ ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜੀਡੀ ਕੁਮਾਰ ਜਨਰਲ ਸਕੱਤਰ ਅਤੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ ਚੁਣੇ ਗਏ। ਇਕ ਸਾਲ ਬਾਅਦ ਜਥੇਬੰਦੀ ਦਾ ਘੇਰਾ ਵਿਸ਼ਾਲ ਕਰਨ ਲਈ 21 ਅਪ੍ਰੈਲ 1913 ਨੂੰ ਆਸਟੋਰੀਆ ਵਿਖੇ ਭਾਈ ਕੇਸਰ ਸਿੰਘ ਠੱਠਗੜ੍ਹ ਦੇ ਡੇਰੇ 'ਤੇ ਹਿੰਦੀ ਕਿਰਤੀਆਂ ਦੇ ਇਕੱਠ ਵਿਚ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਦਾ ਨਾਂ ਸੌਖਾ ਕਰ ਕੇ 'ਹਿੰਦੀ ਪੈਸਿਫਿਕ ਐਸੋਸੀਏਸ਼ਨ' ਬਣਾਈ ਗਈ। ਗ਼ਦਰ ਅਖ਼ਬਾਰ ਦੀ ਮਸ਼ਹੂਰੀ ਹੋਣ ਕਰਕੇ ਇਸ ਜਥੇਬੰਦੀ ਦਾ ਨਾਂ ਵੀ ਬਾਅਦ 'ਚ ਗ਼ਦਰ ਪਾਰਟੀ ਪ੍ਰਸਿੱਧ ਹੋ ਗਿਆ। ਇਸ ਜਥੇਬੰਦੀ ਦੇ ਵੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਮੀਤ ਪ੍ਰਧਾਨ ਬਾਬਾ ਕੇਸਰ ਸਿੰਘ ਠੱਠਗੜ੍ਹ, ਜਨਰਲ ਸਕੱਤਰ ਲਾਲਾ ਹਰਦਿਆਲ, ਜੁਆਇੰਟ ਸਕੱਤਰ ਲਾਲਾ ਠਾਕੁਰ ਦਾਸ ਧੂਰੀ, ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ ਚੁਣੇ ਗਏ। 10000 ਹਜ਼ਾਰ ਦੇ ਕਰੀਬ ਗ਼ਦਰੀ ਦੇਸ਼ ਭਗਤ ਹਥਿਆਰਬੰਦ ਢੰਗ ਨਾਲ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਆਏ ਸਨ। ਬਹੁਤੇ ਗ਼ਦਰੀਆਂ ਨੂੰ ਅੰਗਰੇਜ਼ਾਂ ਨੇ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਜਿਹੜੇ ਬਚ ਬਚਾਅ ਕੇ ਟਿਕਾਣਿਆਂ 'ਤੇ ਪਹੁੰਚ ਗਏ, ਉਨ੍ਹਾਂ ਇਨਕਲਾਬ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਗ਼ਦਰ ਪਾਰਟੀ ਵਿਚ ਅੰਗਰੇਜ਼ਾਂ ਦੇ ਸ਼ਾਮਲ ਮੁਖ਼ਬਰਾਂ ਨੇ ਗ਼ਦਰ ਕਾਮਯਾਬ ਨਾ ਹੋਣ ਦਿੱਤਾ। ਜੇਲ੍ਹਾਂ ਵਿਚ ਬੰਦ ਗ਼ਦਰੀਆਂ ਨੂੰ ਫਾਂਸੀ, ਉਮਰ ਕੈਦ ਤੇ ਜਾਇਦਾਦ ਜ਼ਬਤ ਦੀਆਂ ਸਖ਼ਤ ਸਜ਼ਾਵਾਂ ਹੋਈਆਂ।

# ਵਿਰਾਸਤਾਂ ਨੂੰ ਸੰਭਾਲਣਾ ਬਹੁਤ ਜ਼ਰੂਰੀ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਸੰਸਾਰ ਪ੍ਰਸਿੱਧ ਹਸਤੀ ਸੈਮੂਅਲ ਹਟਿੰਗਟਨ ਨੇ ਕਿਹਾ ਸੀ, "ਜਿਨ੍ਹਾਂ ਲੋਕਾਂ ਨੂੰ ਆਪਣੇ ਇਤਿਹਾਸ, ਸੱਭਿਆਚਾਰ ਤੇ ਵਿਰਸੇ ਦਾ ਪਤਾ ਨਹੀਂ ਹੈ, ਉਹ ਅਜਿਹੇ ਰੁੱਖ ਹਨ ਜਿਨ੍ਹਾਂ ਦੀਆਂ ਜੜ੍ਹਾਂ ਨਹੀਂ ਹਨ।" ਉਸ ਦੇ ਆਖੇ ਇਨ੍ਹਾਂ ਬੋਲਾਂ ਦਾ ਅੱਖਰ-ਅੱਖਰ ਸੱਚ ਹੈ ਤੇ ਵਾਕਿਆ ਹੀ ਇਸ ਸੰਸਾਰ ਵਿਚ ਜਿਨ੍ਹਾਂ ਕੌਮਾਂ ਨੇ ਆਪਣਾ ਵਿਰਸਾ ਅਤੇ ਸੱਭਿਆਚਾਰ ਭੁਲਾ ਦਿੱਤਾ ਜਾਂ ਮਲੀਨ ਕਰ ਦਿੱਤਾ ਹੈ, ਉਨ੍ਹਾਂ ਦਾ ਨਾਮੋ-ਨਿਸ਼ਾਨ ਤੱਕ ਮਿਟ ਗਿਆ ਹੈ।

ਇਸ ਦੇ ਬਿਲਕੁਲ ਉਲਟ ਜਿਨ੍ਹਾਂ ਕੌਮਾਂ ਨੇ ਆਪਣੀ ਬੋਲੀ, ਆਪਣਾ ਪਹਿਰਾਵਾ, ਸੰਸਕਾਰ ਅਤੇ ਵਿਰਸਾ ਸੰਭਾਲਿਆ ਹੈ, ਉਹ ਸਦੀਆਂ ਬੀਤ ਜਾਣ 'ਤੇ ਵੀ ਬੜੇ ਫ਼ਖ਼ਰ ਨਾਲ ਸਿਰ ਉੱਚਾ ਕਰ ਕੇ ਇਸ ਦੁਨੀਆ ਵਿਚ ਵਿਚਰ ਰਹੀਆਂ ਹਨ। ਅੱਜ 'ਵਿਸ਼ਵ ਵਿਰਾਸਤ ਦਿਵਸ' ਹੈ ਤੇ ਇਹ ਦਿਵਸ ਆਪਣੇ ਵਿਰਸੇ ਨੂੰ ਪਛਾਣਨ, ਸੰਭਾਲਣ ਤੇ ਸਦਾ ਚੇਤਿਆਂ ਤੇ ਹਕੀਕੀ ਜੀਵਨ ਵਿਚ ਕਾਇਮ ਰੱਖਣ ਦਾ ਦਿਵਸ ਹੈ।



ਅਜੋਕੀ ਨੌਜਵਾਨ ਪੀੜ੍ਹੀ ਜੋ ਆਪਣੇ ਵਿਰਸੇ ਤੋਂ ਕੋਹਾਂ ਦੂਰ ਜਾ ਚੁੱਕੀ ਹੈ, ਨੂੰ ਆਪਣੇ ਅਮੀਰ ਵਿਰਸੇ ਪ੍ਰਤੀ ਜਾਗਰੂਕ ਕਰਦਿਆਂ ਹੋਇਆਂ ਉਸ ਦੀ ਸੁਚੱਜੀ ਸੰਭਾਲ ਲਈ ਤਿਆਰ ਕਰਨ ਹਿਤ ਅੱਜ ਤੋਂ ਸੁਭਾਗਾ ਦਿਨ ਕੋਈ ਹੋਰ ਨਹੀਂ ਹੋ ਸਕਦਾ। ਇਹ ਦਿਵਸ ਦੁਨੀਆ ਦੇ ਹਰੇਕ ਮੁਲਕ ਅਤੇ ਹਰੇਕ ਖਿੱਤੇ 'ਚ ਵਸਦੇ ਲੋਕਾਂ ਨੂੰ ਆਪਣੇ ਇਲਾਕੇ ਦੀਆਂ ਵਿਰਾਸਤੀ ਥਾਵਾਂ, ਇਮਾਰਤਾਂ ਤੇ ਕਦਰਾਂ-ਕੀਮਤਾਂ ਦੀ ਸੰਭਾਲ ਕਰਨ ਲਈ ਅੱਗੇ ਆਉਣ ਦਾ ਸੰਦੇਸ਼ ਦਿੰਦਾ ਹੈ।

'ਕੌਮਾਂਤਰੀ ਵਿਰਾਸਤੀ ਸਮਾਰਕ ਕੌਂਸਲ' ਨਾਮਕ ਸੰਸਥਾ ਨੇ ਸੰਨ 1982 ਵਿਚ ਟਿਊਨੀਸ਼ੀਆ ਵਿਖੇ ਹੋਏ ਇਕ ਕੌਮਾਂਤਰੀ ਸੈਮੀਨਾਰ ਦੌਰਾਨ ਇਸ ਦਿਵਸ ਨੂੰ ਮਨਾਉਣ ਦਾ ਸੁਝਾਅ ਦਿੱਤਾ ਸੀ ਜਿਸ ਨੂੰ 1983 ਵਿਚ ਯੂਨੈਸਕੋ ਦੀ ਆਮ ਸਭਾ ਦੇ 22ਵੇਂ ਇਜਲਾਸ ਵਿਚ ਪ੍ਰਵਾਨ ਕਰ ਲਿਆ ਗਿਆ ਸੀ। ਇੱਥੇ ਇਹ ਵੀ ਵਰਣਨਯੋਗ ਹੈ ਕਿ ਉਕਤ ਕੌਂਸਲ ਦੀ ਸਥਾਪਨਾ ਕੌਮਾਂਤਰੀ ਸਮਾਰਕਾਂ ਦੀ ਸੰਭਾਲ ਲਈ ਸੰਨ 1964 ਵਿਚ ਬਣੇ 'ਵੀਨਸ ਚਾਰਟਰ' ਦੇ ਸਿਧਾਂਤਾਂ ਦੇ ਆਧਾਰ 'ਤੇ ਕੀਤੀ ਗਈ ਸੀ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਉਦੇਸ਼ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਪ੍ਰਤੀ ਜਾਗਰੂਕਤਾ ਨੂੰ ਦੁਨੀਆ ਭਰ ਵਿਚ ਫੈਲਾਉਣਾ ਹੈ ਅਤੇ ਸਾਲ 2022 ਵਿਚ ਇਸ ਦਿਵਸ ਦਾ ਥੀਮ ਸੀ- 'ਵਿਰਾਸਤ ਤੇ ਵਾਤਾਵਰਨ'।

ਇਸ ਥੀਮ ਰਾਹੀਂ ਦੁਨੀਆ ਦੇ ਬਦਲਦੇ ਤਾਪਮਾਨ, ਮੌਸਮ ਅਤੇ ਵਾਤਾਵਰਨ ਦੀਆਂ ਤਬਦੀਲੀਆਂ ਦੇ ਮੱਦੇਨਜ਼ਰ ਵਿਰਾਸਤੀ ਇਮਾਰਤਾਂ ਦੀ ਸੰਭਾਲ ਦਾ ਹੋਕਾ ਦੇਣਾ ਸੀ। ਸਾਲ 2023 ਤੇ 2024 ਦੇ ਥੀਮ ਕ੍ਰਮਵਾਰ- 'ਆਓ ਭਵਿੱਖ ਸੁਧਾਰੀਏ' ਅਤੇ 'ਸਬੰਧ, ਜੜ੍ਹਾਂ ਅਤੇ ਲੜੀਬੱਧਤਾ' ਆਦਿ ਸਨ। ਹੁਣ ਸਾਲ 2025 ਲਈ ਚੁਣਿਆ ਗਿਆ ਥੀਮ ਹੈ, 'ਆਫ਼ਤਾਂ ਅਤੇ ਵਿਵਾਦਾਂ ਕਾਰਨ ਵਿਰਸੇ 'ਤੇ ਮੰਡਰਾ ਰਿਹੈ ਭਾਰੀ ਖ਼ਤਰਾ।' ਇਹ ਥੀਮ ਕੁਦਰਤੀ ਆਫ਼ਤਾਂ ਅਤੇ ਮਨੁੱਖ ਦੇ ਨਸਲੀ ਵਿਵਾਦਾਂ ਤੋਂ ਵਿਰਾਸਤੀ ਚੀਜ਼ਾਂ ਅਤੇ ਸੰਸਕਾਰਾਂ ਨੂੰ ਬਚਾਈ ਰੱਖਣ ਦੀ ਲੋੜ ਵੱਲ ਇਸ਼ਾਰਾ ਕਰਦਾ ਹੈ।

ਵਿਰਸਾ ਸੰਭਾਲਣ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਵਿਸ਼ਵ ਦੀ ਵੱਡੀ ਹਸਤੀ ਨੈਲਸਨ ਮੰਡੇਲਾ ਨੇ ਕਿਹਾ ਸੀ, "ਸਾਡੇ ਅਮੀਰ ਤੇ ਵਿਭਿੰਨਤਾ ਪੂਰਨ ਵਿਰਸੇ ਵਿਚ ਉਹ ਅਦਭੁਤ ਤਾਕਤ ਹੈ ਜੋ ਸਾਡੇ ਰਾਸ਼ਟਰ ਨਿਰਮਾਣ ਵਿਚ ਮਦਦ ਕਰ ਸਕਦੀ ਹੈ।" ਉਨ੍ਹਾਂ ਦੇ ਇਹ ਬੋਲ ਜੇ ਭਾਰਤ 'ਤੇ ਲਾਗੂ ਕਰ ਕੇ ਵੇਖੇ ਜਾਣ ਤਾਂ ਇਹ ਪੂਰੀ ਤਰ੍ਹਾਂ ਸੱਚ ਜਾਪਦੇ ਹਨ ਕਿਉਂਕਿ ਭਾਰਤ ਦੇ ਇਤਿਹਾਸ, ਸੱਭਿਆਚਾਰ ਤੇ ਵਿਰਸੇ ਵਿਚ ਉਹ ਕਦਰਾਂ-ਕੀਮਤਾਂ ਤੇ ਰਵਾਇਤਾਂ ਹਨ ਜਿਨ੍ਹਾਂ ਦੀ ਅਜੋਕੇ ਸਮਾਜ ਨੂੰ ਭਾਰੀ ਲੋੜ ਹੈ ਤੇ ਇਨ੍ਹਾਂ ਵਿਰਸੇ ਵਿਚ ਮਿਲੀਆਂ ਬੇਸ਼ਕੀਮਤੀ ਦਾਤਾਂ ਵਿਚ ਬਜ਼ੁਰਗਾਂ ਦਾ ਸਤਿਕਾਰ, ਮੁਲਕ ਪ੍ਰਤੀ ਵਫ਼ਾਦਾਰੀ, ਸਮਾਜ ਪ੍ਰਤੀ ਉਸਾਰੂ ਰਵੱਈਆ ਤੇ ਸੱਚ ਲਈ ਕੁਰਬਾਨ ਹੋ ਜਾਣਾ ਆਦਿ ਜਿਹੀਆਂ ਪਾਇਦਾਰ ਕਦਰਾਂ-ਕੀਮਤਾਂ ਵੀ ਸ਼ਾਮਲ ਹਨ।

'ਭਾਰਤੀ ਪੁਰਾਤੱਤਵ ਵਿਭਾਗ' ਸਾਡੀਆਂ ਇਤਿਹਾਸਕ ਤੇ ਵਿਰਾਸਤੀ ਮਹੱਤਵ ਵਾਲੀਆਂ ਥਾਵਾਂ ਦੀ ਦੇਖਭਾਲ ਸਬੰਧੀ ਠੋਸ ਕਦਮ ਚੁੱਕਣ ਤੇ ਉਨ੍ਹਾਂ ਦੀ ਪੁਨਰ ਸਿਰਜਣਾ ਲਈ ਜ਼ਿੰਮੇਵਾਰ ਸੰਸਥਾ ਹੈ ਤੇ ਆਪਣੇ ਕਾਰਜ ਪ੍ਰਤੀ ਯਤਨਸ਼ੀਲ ਵੀ ਹੈ ਪਰ ਫੰਡਾਂ ਦੀ ਘਾਟ ਕਰਕੇ ਇਹ ਸੰਸਥਾ ਆਪਣਾ ਫ਼ਰਜ਼ ਪੂਰੀ ਤਰ੍ਹਾਂ ਨਿਭਾ ਨਹੀਂ ਪਾ ਰਹੀ ਹੈ।

ਬਤੌਰ ਇਕ ਜ਼ਿੰਮੇਵਾਰ ਨਾਗਰਿਕ ਸਾਡਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਆਸਪਾਸ ਦੀਆਂ ਇਤਿਹਾਸਕ ਅਤੇ ਵਿਰਾਸਤੀ ਇਮਾਰਤਾਂ ਅਤੇ ਬਉਲੀਆਂ ਆਦਿ ਦੀ ਅਸਲ ਦਿੱਖ ਬਰਕਰਾਰ ਰੱਖਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਤੇ ਸਾਫ਼-ਸਫ਼ਾਈ ਰੱਖਣ ਵਿਚ ਆਪਣਾ ਭਰਪੂਰ ਯੋਗਦਾਨ ਪਾਈਏ। ਸਾਡੇ ਮੁਲਕ ਦੀਆਂ ਧਾਰਮਿਕ ਜਥੇਬੰਦੀਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਵੀ ਵਿਰਾਸਤੀ ਮਹੱਤਵ ਵਾਲੇ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੀ ਸੰਭਾਲ ਤੇ ਪੁਨਰ ਨਿਰਮਾਣ ਸਮੇਂ ਸੰਗਮਰਮਰ ਅਤੇ ਸੋਨਾ ਲਗਾਉਣ ਦੀ ਥਾਂ ਆਧੁਨਿਕ ਤਕਨੀਕ ਅਤੇ ਸਾਧਨਾਂ ਦੀ ਵਰਤੋਂ ਕਰਦਿਆਂ ਹੋਇਆਂ ਉਨ੍ਹਾਂ ਦਾ ਵਿਰਾਸਤੀ ਰੂਪ ਅਤੇ ਅਸਲ ਦਿੱਖ ਬਰਕਰਾਰ ਰੱਖਣ ਲਈ ਹਰੇਕ ਹੀਲਾ ਕਰਨ।

ਦੁਨੀਆ ਭਰ ਵਿਚ ਮਸ਼ਹੂਰ ਕੁਝ ਵਿਰਾਸਤੀ ਇਮਾਰਤਾਂ ਤੇ ਸਥਾਨਾਂ ਦਾ ਜੇ ਜ਼ਿਕਰ ਕੀਤਾ ਜਾਵੇ ਤਾਂ ਉਨ੍ਹਾਂ ਵਿਚ ਸ਼ੁਮਾਰ ਹਨ 'ਸ੍ਰੀ ਹਰਿਮੰਦਰ ਸਾਹਿਬ, ਲਾਲ ਕਿਲਾ, ਤਾਜ ਮਹੱਲ, ਹੁਮਾਯੂੰ ਦਾ ਮਕਬਰਾ, ਕੁਤੁਬ ਮੀਨਾਰ, ਕੋਣਾਰਕ ਮੰਦਰ, ਚੀਨ ਦੀ ਦੀਵਾਰ, ਪੀਸਾ ਦੀ ਮੀਨਾਰ, ਅਜੰਤਾ-ਏਲੋਰਾ ਦੀਆਂ ਗੁਫ਼ਾਵਾਂ, ਵੈਟੀਕਨ ਸਿਟੀ, ਮਾਊਂਟ ਸੇਂਟ ਮਾਈਕਲ, ਸਟੈਚੂ ਆਫ ਲਿਬਰਟੀ, ਮਿਸਰ ਦੇ ਪਿਰਾਮਿਡ' ਆਦਿ ਜੋ ਅੱਜ ਵੀ ਹਰੇਕ ਨੂੰ ਆਪਣੇ ਅਮੀਰ ਵਿਰਸੇ ਨੂੰ ਨੇੜਿ ਂ ਤੱਕਣ, ਪਛਾਣਨ, ਸੰਭਾਲਣ ਅਤੇ ਉਸ ਤੋਂ ਕੁਝ ਸਿੱਖਣ ਦਾ ਸੰਦੇਸ਼ ਦੇ ਰਹੇ ਹਨ।

# ਕਈ ਮੁਲਕਾਂ ਵੱਲੋਂ ਅਮਰੀਕੀ ਵਸਤਾਂ ਦਾ ਬਾਈਕਾਟ ਕਰਨ ਦਾ ਐਲਾਨ

(ਸਫਾ 2 ਦੀ ਬਾਕੀ)

ਸਰਮਾਏਦਾਰੀ ਦੇ ਫਾਇਦੇ ਲਈ ਬਣੀਆਂ ਇਨ੍ਹਾਂ ਨੀਤੀਆਂ ਅਤੇ ਵਿਕਾਸ ਦੇ ਮੌਜੂਦਾ ਮਾਡਲ ਨੇ ਹੀ ਲੋਕਾਂ ਵਿੱਚ ਬੇਉਮੀਦੀ, ਬੇਵਸੀ ਅਤੇ ਸਰਕਾਰ ਵਿੱਚ ਬੇਭਰੋਸਗੀ ਪੈਦਾ ਕੀਤੀ ਹੈ; ਲੋਕਾਂ ਨੂੰ ਕਰਜ਼ੇ ਚੁੱਕ ਕੇ ਅਤੇ ਜ਼ਮੀਨ ਜਾਇਦਾਦ ਵੇਚ ਕੇ ਪਰਵਾਸ ਦੇ ਰਾਹ ਤੋਰਿਆ ਹੈ।

ਪੰਜਾਬ ਵਿੱਚ ਲੁਧਿਆਣਾ, ਫਤਿਹਗੜ੍ਹ ਸਾਹਿਬ, ਬਟਾਲਾ, ਗੋਬਿੰਦਗੜ੍ਹ, ਗੁਰਾਇਆ, ਫਿਲੌਰ, ਬੂਟਾ ਮੰਡੀ, ਜਲੰਧਰ, ਅੰਮ੍ਰਿਤਸਰ, ਕਰਤਾਰਪੁਰ ਅਤੇ ਹੋਰ ਕਸਬਿਆਂ ਵਿੱਚ ਛੋਟੀ ਸਨਅਤ, ਹੌਜ਼ਰੀ, ਚਮੜਾ ਸਨਅਤ ਅਤੇ ਖੇਡਾਂ ਦਾ ਸਮਾਨ ਬਣਾਉਣ ਆਦਿ ਦਾ ਖੇਤਰ ਲੱਖਾਂ ਲੋਕਾਂ ਨੂੰ ਰੁਜ਼ਗਾਰ ਦਿੰਦਾ ਰਿਹਾ ਹੈ ਪਰ ਭਾਰਤ ਸਰਕਾਰ ਦੀਆਂ ਨਵ-ਉਦਾਰਵਾਦੀ ਨੀਤੀਆਂ ਤਹਿਤ ਸਿੱਧੀ ਵਿਦੇਸ਼ੀ ਪੂੰਜੀ ਲਗਾਉਣ ਵਾਲੀਆਂ ਵਿਦੇਸ਼ੀ ਕੰਪਨੀਆਂ ਨੂੰ ਸੱਦਿਆ ਜਾ ਰਿਹਾ ਹੈ। ਇਹ ਕੰਪਨੀਆਂ ਪੰਜਾਬ ਅੰਦਰ ਛੋਟੀਆਂ ਸਨਅਤੀ ਇਕਾਈਆਂ ਅਤੇ ਰੁਜ਼ਗਾਰ ਖ਼ਤਮ ਕਰ ਰਹੀਆਂ ਹਨ। ਹਜ਼ਾਰਾਂ ਪਲਾਂਟ ਬੰਦ ਹੋ ਗਏ ਹਨ ਅਤੇ ਇਸ ਤੋਂ ਵੀ ਵੱਧ ਬੰਦ ਹੋਣ ਦੇ ਕਿਨਾਰੇ ਹਨ।

ਅਮਰੀਕੀ ਹਾਕਮਾਂ ਵਾਂਗ ਭਾਰਤ ਵਿੱਚ ਵੀ ਕੇਂ-ਦਰੀ ਅਤੇ ਸੂਬਾ ਸਰਕਾਰਾਂ ਆਪਣੀਆਂ ਲੋਕ ਵਿਰੋਧੀ ਨੀਤੀਆਂ ਤੋਂ ਧਿਆਨ ਪਾਸੇ ਹਟਾਉਣ ਲਈ ਕਾਰੋਬਾਰ ਦੀ ਮੰਦੀ ਦਾ ਦੋਸ਼ ਸੰਘਰਸ਼ਾਂ ਸਿਰ ਮੜ੍ਹ ਰਹੀ ਹੈ। ਪਿਛਲੇ ਦਿਨੀਂ ਕਿਸਾਨ ਅੰਦੋਲਨ ਨੂੰ ਗੈਰ-ਸੰਵਿਧਾਨਕ ਤਰੀਕੇ ਨਾਲ ਕੁਚਲਣ ਤੋਂ ਬਾਅਦ ਪੰਜਾਬ ਸਰਕਾਰ ਦੇ ਬਿਆਨ ਸੁਣ ਹੀ ਚੁੱਕੇ ਹਾਂ। ਵਿਕਸਤ ਦੇਸ਼ਾਂ ਦੀਆਂ ਇਮੀਗਰੇਸ਼ਨ ਨੀਤੀਆਂ ਉੱਥੋਂ ਦੀ ਸਰਮਾਏਦਾਰੀ ਦੀਆਂ ਜ਼ਰੂਰਤਾਂ ਅਨੁਸਾਰ ਬਣਦੀਆਂ ਹਨ।

ਇਹ ਹੱਦਾਂ-ਸਰਹੱਦਾਂ ਅਤੇ ਇਮੀਗਰੇਸ਼ਨ ਨੀਤੀਆਂ ਕਿਰਤੀ, ਗਰੀਬ ਅਤੇ ਪੀੜਤ ਵਰਗ ਲਈ ਹਨ। ਸਾਮਰਾਜੀ ਮੁਲਕਾਂ ਵਿੱਚ ਕਿਰਤ ਦੀ ਲੋੜ ਮੁਤਾਬਿਕ, ਇਹ ਨਿਯਮ ਨਰਮ ਅਤੇ ਸਖ਼ਤ ਕੀਤੇ ਜਾਂਦੇ ਹਨ। ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀ ਮਹਿੰਗੀਆਂ ਫੀਸਾਂ ਭਰਦੇ ਅਤੇ ਸਸਤੀਆਂ ਉਜਰਤਾਂ 'ਤੇ ਕੰਮ ਕਰਦੇ ਹਨ। ਵਿਕਸਤ ਦੇਸ਼ਾਂ ਵਿੱਚ 'ਪੱਕੇ ਪੇਪਰਾਂ' ਦੀ ਤਲਵਾਰ ਪਰਵਾਸੀ ਕਾਮਿਆਂ 'ਤੇ ਹਰ ਸਮੇਂ ਲਟਕਦੀ ਰਹਿੰਦੀ ਹੈ। ਉਨ੍ਹਾਂ ਨੂੰ ਨਿਊਨਤਮ ਵੇਤਨ ਤੋਂ ਵੀ ਘੱਟ ਰੇਟ 'ਤੇ ਕੰਮ ਕਰਨਾ ਪੈਂਦਾ ਹੈ। ਦੂਜੇ ਪਾਸੇ ਕਿਹਾ ਜਾ ਰਿਹਾ ਹੈ ਕਿ ਦੁਨੀਆ ਗਲੋਬਲ ਪਿੰਡ ਬਣ ਗਈ ਹੈ। ਅਮੀਰ ਵਰਗ ਅਤੇ ਕਾਰਪੋਰੇਟ ਜਗਤ ਲਈ ਹੱਦਾਂ-ਸਰਹੱਦਾਂ ਜਾਂ ਇਮੀਗਰੇਸ਼ਨ ਨਿਯਮਾਂ ਦੀ ਕੋਈ ਰੋਕ ਜਾਂ ਸਖ਼ਤਾਈ ਨਹੀਂ। ਟਰੰਪ ਸਰਕਾਰ ਦਾ ਇਮੀਗਰੇਸ਼ਨ ਬਾਰੇ ਲਿਆਂਦਾ ਜਾ ਰਿਹਾ ਗੋਲਡਨ ਵੀਜ਼ਾ ਵੀ ਚਰਚਾ ਵਿੱਚ ਹੈ ਜਿਸ ਤਹਿਤ ਦੁਨੀਆ ਦਾ ਕੋਈ ਵੀ ਅਮੀਰ ਸ਼ਖ਼ਸ ਅਮਰੀਕਾ ਵਿੱਚ 15 ਲੱਖ ਡਾਲਰ ਦਾ ਨਿਵੇਸ਼ ਕਰ ਕੇ ਗ੍ਰੀਨ ਕਾਰਡ ਲੈ ਕੇ ਸਥਾਈ ਵਸਨੀਕ ਬਣ ਸਕਦਾ ਹੈ।

ਟਰੰਪ ਦੇ ਦੂਜੇ ਦੇਸ਼ਾਂ ਦੇ ਉਤਪਾਦਾਂ ਉੱਤੇ ਵਧਾਏ ਟੈਰਿਫ ਨੇ ਵੀ ਸੰਸਾਰ ਭਰ ਦੇ ਲੋਕਾਂ ਦੇ ਦਿਲਾਂ ਵਿੱਚ ਅਮਰੀਕਾ ਪ੍ਰਤੀ ਗੁੱਸਾ ਭਰਿਆ ਹੈ। ਕੈਨੇਡਾ ਦੇ ਸੂਝਵਾਨ ਲੋਕਾਂ ਨੇ ਟਰੰਪ ਦੀ ਦਹਿਸ਼ਤ ਅਤੇ ਅਮਰੀਕੀ ਕਾਰਪੋਰੇਟਾਂ ਦੇ ਆਰਥਿਕ ਹੱਲੇ ਨੂੰ ਨੱਥ ਪਾਉਣ ਦਾ ਰਾਹ ਦਿਖਾਇਆ ਹੈ। ਕਾਰੋਬਾਰੀ ਅਤੇ ਆਮ ਲੋਕਾਂ ਨੇ ਆਪ ਮੁਹਾਰੇ ਹੀ ਅਮਰੀਕੀ ਵਸਤਾਂ ਦਾ ਬਾਈਕਾਟ ਸ਼ੁਰੂ ਕਰ ਦਿੱਤਾ। ਉਨ੍ਹਾਂ ਲੋੜੀਂਦੀਆਂ ਵਸਤਾਂ ਯੂਰੋਪ ਤੋਂ ਮੰਗਵਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕੈਨੇਡਾ ਦੀਆਂ ਵਸਤਾਂ ਦੀ ਮੰਗ ਵਧ ਰਹੀ ਹੈ। ਜੋ ਲੋਕ ਅਮਰੀਕੀ ਵਸਤਾਂ ਅਤੇ ਗੱਡੀਆਂ ਰੁਤਬੇ ਦੇ ਚਿੰਨ੍ਹ (ਸਟੇਟਸ ਸਿੰਬਲ) ਵਜੋਂ ਖਰੀਦਦੇ ਸਨ, ਉਹ ਇਹ ਵਸਤਾਂ ਖਰੀਦਣ ਅਤੇ ਵਰਤਣ ਤੋਂ ਸੰਕੋਚ ਕਰ ਰਹੇ ਹਨ। ਕੈਨੇਡਾ ਵਿੱਚ ਐਲਨ ਮਸਕ ਦੀ ਚਰਚਿਤ ਕਾਰ ਟੈਸਲਾ ਦੀ ਵਿਕਰੀ ਦਾ ਗ੍ਰਾਫ ਹੇਠਾਂ ਡਿੱਗ ਗਿਆ ਹੈ। ਇਸ ਦਾ ਸਿੱਧਾ ਅਸਰ ਇਹ ਪਿਆ ਕਿ ਅਮਰੀਕਾ ਨਵੇਂ ਟੈਰਿਫ ਰੇਟ ਲਾਗੂ ਕਰਨਾ ਅੱਗੇ ਪਾ ਰਿਹਾ ਹੈ। ਯੂਰੋਪੀਅਨਾਂ ਵਿੱਚ ਵੀ ਅਮਰੀਕੀ ਵਸਤਾਂ ਦੇ ਬਾਈਕਾਟ ਦੀ ਲਹਿਰ ਜ਼ੋਰ ਫੜ ਰਹੀ ਹੈ। ਇਨ੍ਹਾਂ ਦੇਸ਼ਾਂ ਵਿੱਚ ਅਮਰੀਕੀ ਉਤਪਾਦਾਂ ਦੇ ਬਾਈਕਾਟ ਅਤੇ ਆਪਣੇ ਦੇਸ਼ ਵਿੱਚ ਬਣੀਆਂ ਵਸਤਾਂ ਖਰੀਦਣ ਲਈ ਸੋਸ਼ਲ ਮੀਡੀਆ ਤੇ ਪੋਸਟਰਾਂ ਦੁਆਰਾ ਲੋਕਾਂ ਨੂੰ ਪ੍ਰੇਰਿਆ ਜਾ ਰਿਹਾ ਹੈ।

ਭਾਰਤ ਵਿੱਚ ਵੀ ਅਮਰੀਕੀ ਵਸਤਾਂ ਵੀ ਵਰਤੋਂ ਹਾਈ ਸਟੇਟਸ ਦਾ ਸਿੰਬਲ ਬਣ ਚੁੱਕੀ ਹੈ। ਅਮਰੀਕੀ ਕੰਪ-ਨੀਆਂ ਦੇ ਉਤਪਾਦ ਜਿਵੇਂ ਕੋਲਗੇਟ, ਐਪਲ ਫੋਨ, ਫੋਰਡ ਕਾਰਾਂ, ਟਰੈਕਟਰ, ਨਾਈਕੀ, ਨੈੱਟਫਲੈਕਸ, ਮੈਕਡੋਨਲਡ, ਕੇਐੱਫਸੀ, ਪੀਜ਼ਾ ਹੱਟ, ਕੋਕਾ ਕੋਲਾ, ਪੈਪਸੀ ਆਦਿ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਚੁੱਕੇ ਹਨ। ਸਾਡੇ ਕੁਝ ਗਾਇਕ ਤਾਂ ਫੋਕੀ ਸ਼ੁਹਰਤ ਲਈ ਅਮਰੀਕੀ ਸ਼ਹਿਰਾਂ, ਫੈਸ਼ਨ ਡਿਜ਼ਾਈਨਰਾਂ ਅਤੇ ਵਸਤਾਂ ਦਾ ਗੁਣਗਾਨ ਆਪਣੇ ਗੀਤਾਂ ਵਿੱਚ ਕਰ ਰਹੇ ਹਨ।

ਇਨ੍ਹਾਂ ਹਾਲਾਤ ਵਿੱਚ ਸਾਡੇ ਲਈ ਵੱਡਾ ਸਵਾਲ ਹੈ ਕਿ ਕੀ ਭਾਰਤ ਦੇ ਲੋਕ ਵੀ ਸਮੂਹਿਕ ਤੌਰ 'ਤੇ ਅਮਰੀਕੀ ਵਸਤਾਂ ਦਾ ਬਾਈਕਾਟ ਕਰਨ ਦੇ ਰਾਹ ਤੁਰਨਗੇ? ਆਜ਼ਾਦੀ ਅੰਦੋਲਨ ਦੌਰਾਨ ਵਿਦੇਸ਼ੀ ਵਸਤਾਂ ਦੇ ਬਾਈਕਾਟ ਦੇ ਸੱਦੇ 'ਤੇ ਸਾਰੇ ਦੇਸ਼ ਦੇ ਲੋਕਾਂ ਨੇ ਹਿੱਸਾ ਪਾਇਆ ਸੀ। ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਦੇ ਝੁਕਣ ਦੇ ਕਾਰਨਾਂ ਪਿੱਛੇ ਇੱਕ ਕਾਰਨ ਵੱਡੇ ਕਾਰੋਬਾਰੀਆਂ ਦੇ ਸ਼ੌਪਿੰਗ ਮਾਲਾਂ ਅਤੇ ਪੈਟਰੋਲ ਪੰਪਾਂ ਦਾ ਬਾਈਕਾਟ ਵੀ ਸੀ। ਮੁੱਢਲੇ ਦੌਰ ਵਿੱਚ ਅਮਰੀਕੀ ਹਾਕਮਾਂ ਦੀ ਸਾਮਰਾਜੀ ਧੌਂਸ ਨੂੰ ਵੰਗਾਰ ਦੇਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੀਆਂ ਦਿ -ਕੱਦ ਕੰਪਨੀਆਂ ਦੇ ਮੁਨਾਫ਼ੇ 'ਤੇ ਸਿੱਧੀ ਸੱਟ ਮਾਰੀ ਜਾਵੇ। ਪੂੰਜੀ ਦੀ ਅੰਨ੍ਹੀ ਹਨੇਰੀ ਰੋਕਣ ਲਈ ਆਮ ਲੋਕਾਂ ਦੇ ਨਾਲ-ਨਾਲ ਛੋਟੇ ਅਤੇ ਦਰਮਿਆਨੇ ਕਾਰੋਬਾਰੀਆਂ ਨੂੰ ਵੀ ਆਪਣਾ ਕਾਰੋਬਾਰ ਬਚਾਉਣ ਲਈ ਅਮਰੀਕੀ ਉਤਪਾਦ ਖਰੀਦਣ ਤੇ ਵੇਚਣ ਦਾ ਸਮੂਹਿਕ ਬਾਈਕਾਟ ਕਰਨਾ ਚਾਹੀਦਾ ਹੈ।

ਕੈਨੇਡਾ ਚੋਣਾਂ 2025

# ਇਸ ਵਾਰ ਵੀ ਪੰਜਾਬੀ ਮੂਲ ਦੇ ਕਈ ਚਿਹਰਿਆਂ ਦਾ ਵਕਾਰ ਦਾਅ ’ਤੇ

ਕੈਨੇਡਾ ਵਿੱਚ ਆਮ ਚੋਣਾਂ 28 ਅਪ੍ਰੈਲ ਨੂੰ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਦੇ ਐਲਾਨ ਅਤੇ ਸਾਬਕਾ ਪੀਐੱਮ ਜਸਟਿਨ ਟਰੂਡੋ ਦੇ ਅਸਤੀਫ਼ੇ ਤੋਂ ਪਹਿਲਾਂ ਨਿਘਾਰ ਵਿੱਚ ਨਜ਼ਰ ਆ ਰਹੀ ਲਿਬਰਲ ਪਾਰਟੀ ਦੀ ਸਥਿਤੀ ਵਿੱਚ ਹੁਣ ਹੈਰਾਨੀਜਨਕ ਸੁਧਾਰ ਹੋਇਆ ਹੈ। ਕੈਨੇਡਾ ਦੀ ਮੀਡੀਆ ਮੁਤਾਬਕ ਪੋਲਜ਼ 'ਚ ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ,



ਪੀਏਰ ਪੋਲੀਏਵ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਤੋਂ ਕਈ ਅੰਕਾਂ ਨਾਲ ਅੱਗੇ ਲੰਘ ਚੁੱਕੀ ਹੈ। ਕੈਨੇਡੀਆਈ ਮੀਡੀਆ ਵਿੱਚ ਪੀਏਰ ਪੋਲੀਏਵ ਦੀਆਂ ਵੱਡੀਆਂ ਸਿਆਸੀ ਰੈਲੀਆਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਕੈਨੇਡਾ ਦੀਆਂ ਚੋਣਾਂ ਵਿੱਚ ਕਿਹੜੇ ਪੰਜਾਬੀ ਤੇ ਭਾਰਤੀ ਮੂਲ ਦੇ ਚਿਹਰਿਆਂ 'ਤੇ ਹੋਵੇਗੀ ਨਜ਼ਰ?

ਇਸ ਦੇ ਨਾਲ ਹੀ ਇਨ੍ਹਾਂ ਰੈਲੀਆਂ ਦਾ ਪੋਲਜ਼ ਅੰਕੜਿਆਂ ਵਿੱਚ ਨਾ ਤਬਦੀਲ ਹੋਣਾ ਵੀ ਨੀ ਹੀ ਚਰਚਾ ਵਿੱਚ ਹੈ। ਕੰਜ਼ਰਵੇਟਿਵ ਸਰਕਾਰ ਵੇਲੇ ਕੈਨੇਡਾ ਦੇ ਪੀਐੱਮ ਰਹੇ ਸਟੀਫਨ ਹਾਰਪਰ ਵੀ ਪੀਏਰ ਦੇ ਸਮਰਥਨ ਵਿੱਚ ਆ ਚੁੱਕੇ ਹਨ। ਮਾਰਕ ਅਤੇ ਪੋਲੀਏਵ ਸਣੇ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਜਗਮੀਤ ਸਿੰਘ ਵੀ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਹਨ, ਪਰ ਪੋਲਜ਼ ਉਨ੍ਹਾਂ ਦੇ ਪੱਖ ਵਿੱਚ ਨਹੀਂ ਹਨ। ਕਿਊਬੈਕ ਅਧਾਰਤ ਬਲੌਕ ਕੁਇਬੁਕਿਆ ਵੀ ਦੌੜ ਵਿੱਚ ਸ਼ਾਮਲ ਹਨ। ਕੈਨੇਡਾ ਦੀਆਂ ਚੋਣਾਂ ਦੇ ਮੁੱਖ ਪੰਜਾਬੀ ਚਿਹਰੇ, ਚੋਣਾਂ ਦੇ ਮੁੱਖ ਮੁੱਦੇ ਕੀ ਹਨ, ਚੋਣ ਪ੍ਰਕਿਰਿਆ ਸਣੇ ਹੋਰ ਸਾਰੇ ਸਵਾਲਾਂ ਦੇ ਜਵਾਬ ਤੁਹਾਨੂੰ ਇਸ ਰਿਪੋਰਟ ਵਿੱਚ ਦੇਵਾਂਗੇ।

ਜਗਮੀਤ ਸਿੰਘ

ਪੰਜਾਬੀ ਮੂਲ ਦੇ ਸਭ ਤੋਂ ਚਰਚਿਤ ਉਮੀਦਵਾਰ ਜਗਮੀਤ ਸਿੰਘ ਬਰਨਬੀ ਸੈਂਟਰ ਤੋਂ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਹਨ। ਵੱਖ-ਵੱਖ ਪੋਲਜ਼ ਵਿੱਚ ਉਨ੍ਹਾਂ ਨੂੰ ਲਿਬਰਲ ਪਾਰਟੀ ਦੇ ਉਮੀਦਵਾਰ ਤੋਂ ਪਿੱਛੇ ਵਿਖਾਇਆ ਜਾ ਰਿਹਾ ਹੈ। ਸੀਬੀਸੀ ਦੀ ਰਿਪੋਰਟ ਦੇ ਮੁਤਾਬਕ ਨਿਊ ਡੈਮੋਕ੍ਰੈਟਿਕ ਪਾਰਟੀ ਨੂੰ ਆਗਾਮੀ ਚੋਣਾਂ ਵਿੱਚ ਪਾਰਟੀ ਦੀਆਂ ਉਮੀਦਾਂ ਤੋਂ ਕਾਫੀ ਘੱਟ ਸੀਟਾਂ ਮਿਲਣ ਦੀ ਸੰਭਾਵਨਾ ਹੈ। ਜਗਮੀਤ ਸਿੰਘ ਤਿੰਨ ਵਾਰ ਐੱਮਪੀ ਦੀ ਚੋਣ ਜਿੱਤ ਚੁੱਕੇ ਹਨ, ਇਸ ਵਾਰ ਦੀਆਂ ਚੋਣਾਂ ਉਨ੍ਹਾਂ ਲਈ ਫ਼ੈਸਲਾਕੁੰਨ ਹੋਣਗੀਆਂ। ਜਗਮੀਤ ਸਿੰਘ ਜਿਸ ਹਲਕੇ ਤੋਂ ਪਿਛਲੀਆਂ ਚੋਣਾਂ ਜਿੱਤੇ ਸਨ, ਉਹ ਹਲਕਾ ਭੰਗ ਹੋ ਚੁੱਕਾ ਹੈ ਤੇ ਹੁਣ ਉਹ ਬਰਨਬੀ ਸੈਂਟਰ ਤੋਂ ਚੋਣ ਲੜ ਰਹੇ ਹਨ। ਜਗਮੀਤ ਸਿੰਘ ਸਾਲ 2017 ਤੋਂ ਐੱਨਡੀਪੀ ਦੇ ਆਗੂ ਹਨ। ਜਗਮੀਤ ਸਿੰਘ ਕੈਨੇਡਾ ਵਿੱਚ ਫੈਡਰਲ ਪਾਰਟੀ ਦੇ ਮੁਖੀ ਬਣਨ ਵਾਲੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧ ਰੱਖਣ ਵਾਲੇ ਪਹਿਲੇ ਸਿਆਸਤਦਾਨ ਹਨ।

ਟਿਮ ਉੱਪਲ


ਐਡਮੰਟਨ ਮਿੱਲ ਵੁੱਡਸ ਤੋਂ ਐੱਮਪੀ ਟਿਮ ਉੱਪਲ ਵੀ ਕੈਨੇਡਾ ਵਿੱਚ ਪੰਜਾਬੀ ਮੂਲ ਦੇ ਚਰਚਿਤ ਆਗੂਆਂ ਵਿੱਚੋਂ ਇੱਕ ਹਨ। ਉਹ ਇਸ ਵੇਲੇ ਕੰਜ਼ਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਹਨ। ਉਨ੍ਹਾਂ ਦੀ ਵੈੱਬਸਾਈਟ ਦੇ ਮੁਤਾਬਕ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਉਹ 'ਰੈਜ਼ੀਡੈਂਸ਼ੀਅਲ ਮੌਰਟਗੇਜ ਮੈਨੇਜਰ' ਵਜੋਂ ਕੰਮ ਕਰਦੇ ਸਨ। ਉਹ ਕੰਜ਼ਰਵੇਟਿਵ ਪਾਰਟੀ ਦੇ ਸੀਨੀਅਰ ਸਲਾਹਕਾਰ ਵੀ ਰਹਿ ਚੁੱਕੇ ਹਨ। ਉਨ੍ਹਾਂ ਨੇ ਆਈਵੀ ਸਕੂਲ ਆਫ ਬਿਜ਼ਨਸ ਤੋਂ ਐੱਮਬੀਏ ਦੀ ਡਿਗਰੀ ਕੀਤੀ ਹੋਈ ਹੈ।

ਸੁੱਖ ਧਾਲੀਵਾਲ

ਸੁੱਖ ਧਾਲੀਵਾਲ ਬ੍ਰਿਟਿਸ਼ ਕੋਲੰਬੀਆ ਦੀ ਸਰੀ-ਨਿਊਟਨ ਸੀਟ ਤੋਂ ਲਿਬਰਲ ਪਾਰਟੀ ਦੇ ਐੱਮਪੀ ਹਨ। ਉਹ ਸਾਲ 2015 ਤੋਂ ਐੱਮਪੀ ਦੀ ਚੋਣ ਜਿੱਤਦੇ ਆ ਰਹੇ ਹਨ। ਇਸ ਤੋਂ ਪਹਿਲਾਂ ਉਹ ਨਿਊਟਨ-ਨੌਰਥ ਡੈਲਟਾ ਤੋਂ ਸਾਲ 2006 ਤੋਂ 2011 ਤੱਕ ਐੱਮਪੀ ਰਹਿ ਚੁੱਕੇ ਹਨ। ਉਹ ਇੱਕ ਪੇਸ਼ੇਵਰ ਇੰਜੀਨੀਅਰ ਵਜੋਂ ਵੀ ਕੰਮ ਕਰਦੇ ਰਹੇ ਹਨ। ਉਹ ਆਪਣੇ ਹਲਕੇ ਵਿੱਚ ਪੰਜਾਬੀ ਭਾਈਚਾਰੇ ਦੇ ਇਕੱਠਾਂ ਵਿੱਚ ਅਕਸਰ ਨਜ਼ਰ ਆਉਂਦੇ ਹਨ।

ਕਮਲ ਖਹਿਰਾ

ਬਰੈਂਪਟਨ ਵੈਂਸਟ ਤੋਂ ਲਿਬਰਲ ਪਾਰਟੀ ਦੀ ਉਮੀਦਵਾਰ ਕਮਲ ਖਹਿਰਾ ਨੂੰ ਮਾਰਕ ਕਾਰਨੀ ਵੱਲੋਂ ਸਿਹਤ ਮੰਤਰੀ ਬਣਾਇਆ ਗਿਆ ਹੈ। ਕਮਲ ਖਹਿਰਾ ਪਹਿਲੀ ਵਾਰ 2015 ਵਿੱਚ ਸੰਸਦ ਮੈਂਬਰ ਚੁਣੇ ਗਏ ਸਨ। ਉਹ ਪਹਿਲਾਂ



ਮਿਨੀਸਟਰ ਆਫ਼ ਸੀਨੀਅਰਜ਼, ਅੰਤਰਰਾਸ਼ਟਰੀ ਵਿਕਾਸ ਮੰਤਰੀ ਦੇ ਸੰਸਦੀ ਸਕੱਤਰ, ਰਾਸ਼ਟਰੀ ਮਾਲ ਮੰਤਰੀ ਦੇ ਸੰਸਦੀ ਸਕੱਤਰ ਅਤੇ ਸਿਹਤ ਮੰਤਰੀ ਦੇ ਸੰਸਦੀ ਸਕੱਤਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਸੀਬੀਸੀ ਦੀ ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਕੈਬਨਿਟ ਵਿੱਚ ਉਹ ਸਭ ਤੋਂ ਛੋਟੀ ਉਮਰ ਦੇ ਮੈਂਬਰ ਸਨ ਅਤੇ ਉਨ੍ਹਾਂ ਨੂੰ ਸੀਨੀਅਰ ਮੰਤਰੀ ਵਜੋਂ ਕੈਨੇਡਾ ਦੀ ਬਜ਼ੁਰਗ ਆਬਾਦੀ ਦੀ ਦੇਖਭਾਲ ਕਰਨ ਦਾ ਕੰਮ ਸੌਂਪਿਆ ਗਿਆ ਸੀ। ਮਾਰਚ, 2020 ਵਿੱਚ ਕੋਵਿਡ ਮਹਾਂਮਾਰੀ ਦੌਰਾਨ ਬਰੈਂਪਟਨ ਵੈਸਟ ਤੋਂ ਜਿਹੜੇ ਲਿਬਰਲ ਸੰਸਦ ਮੈਂਬਰ ਮਹਾਂਮਾਰੀ ਦੀ ਜਕੜ ਵਿੱਚ ਆਏ ਉਨ੍ਹਾਂ ਵਿੱਚ ਕਮਲ ਇੱਕ ਸਨ। ਸੀਬੀਸੀ ਦੀ ਰਿਪੋਰਟ ਮੁਤਾਬਕ ਉਸੇ ਸਾਲ ਉਨ੍ਹਾਂ ਦੇ ਪਿਤਾ ਅਤੇ ਚਾਚੇ ਦੀ ਕੁਝ ਹਫ਼ਤਿਆਂ ਦੇ ਅੰਦਰ-ਅੰਦਰ ਮੌਤ ਹੋ ਗਈ। ਇਸ ਮਗਰੋਂ ਇੱਕ ਰਜਿਸਟਰਡ ਨਰਸ ਦੇ ਤੌਰ 'ਤੇ, ਖਹਿਰਾ ਨੇ ਆਪਣੀਆਂ ਫਰੰਟ ਲਾਈਨ 'ਤੇ ਆਪਣੀਆਂ ਸੇਵਾਵਾਂ ਦੇਣ ਦਾ ਫ਼ੈਸਲਾ ਲਿਆ ਸੀ।

ਰਣਦੀਪ ਸਿੰਘ ਸਰਾਏ, ਸੋਨੀਆ ਸਿੱਧੂ ਅਤੇ ਰੂਬੀ ਸਹੋਤਾ

ਰਣਦੀਪ ਸਿੰਘ ਸਰਾਏ ਸਰੀ ਸੈਂਟਰ ਹਲਕੇ ਤੋਂ 2015 ਤੋਂ ਐੱਮਪੀ ਹਨ। ਉਨ੍ਹਾਂ ਦੇ ਪਰਿਵਾਰ ਨੇ ਜਲੰਧਰ ਤੋਂ ਕੈਨੇਡਾ ਪਰਵਾਸ ਕੀਤਾ ਸੀ। ਰਣਦੀਪ ਸਰਾਏ ਪੇਸ਼ੇ ਵਜੋਂ ਵਕੀਲ ਵੀ ਰਹੇ ਹਨ। ਉਨ੍ਹਾਂ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਬੈਚਲਰਜ਼ ਅਤੇ ਕੁਈਨਜ਼ ਯੂਨੀਵਰਸਿਟੀ ਤੋਂ ਐੱਲਐੱਲਬੀ ਦੀ ਡਿਗਰੀ ਕੀਤੀ ਹੈ। ਇਸ ਤੋਂ ਇਲਾਵਾ ਬਰੈਂਪਟਨ ਸਾਊਥ ਤੋਂ ਉਮੀਦਵਾਰ ਸੋਨੀਆ ਸਿੱਧੂ ਅਤੇ ਬਰੈਂਪਟਨ ਨੌਰਥ ਤੋਂ ਉਮੀਦਵਾਰ ਰੂਬੀ ਸਹੋਤਾ ਵੀ ਮੁੱਖ ਪੰਜਾਬੀ ਉਮੀਦਵਾਰਾਂ ਵਿੱਚੋ ਇੱਕ ਹਨ।

**ਮੁੱਖ ਮੁੱਦੇ ਕੀ ਹੋਣਗੇ?**
**ਡੌਨਲਡ ਟਰੰਪ ਦੇ ਕੈਨੇਡਾ ਪ੍ਰਤੀ ਰੁਖ਼ ਦਾ ਕੀ ਅਸਰ?**

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਕੈਨੇਡਾ ਪ੍ਰਤੀ ਹਮਲਾਵਰ ਰੁਖ਼ ਤੋਂ ਬਾਅਦ ਸਰਕਾਰ ਨਵੇਂ ਸ਼ੁਰੂ ਹੋਏ 'ਵਪਾਰ ਯੁੱਧ' ਨਾਲ ਕਿਵੇਂ ਨਜਿੱਠੇਗੀ ਇਹ ਵੀ ਕੈਨੇਡਾ ਦੇ ਮੁੱਖ ਚੋਣ ਮੁੱਦਿਆਂ ਵਿੱਚ ਸ਼ਾਮਲ ਹੋ ਗਿਆ ਹੈ। ਟਰੰਪ ਵੱਲੋਂ ਕੈਨੇਡੀਆਈ ਵਸਤਾਂ ਉੱਤੇ ਟੈਰਿਫ਼ ਲਾਉਣ ਦੀ ਧਮਕੀ ਦਿੱਤੀ ਗਈ, ਹਾਲਾਂਕਿ ਉਨ੍ਹਾਂ ਵੱਲੋਂ ਟੈਰਿਫ਼ 'ਤੇ 90 ਦਿਨਾਂ ਦੀ ਰੋਕ ਲਾਉਣ ਦਾ ਐਲਾਨ ਕੀਤਾ ਗਿਆ ਹੈ। ਅਮਰੀਕੀ ਰਾਸ਼ਟਰਪਤੀ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਕਹੇ ਜਾਣ ਉੱਤੇ ਕੈਨੇਡੀਆਈ ਸਿਆਸਤਦਾਨਾਂ ਵੱਲੋਂ ਵਿਰੋਧ ਕੀਤਾ ਗਿਆ ਸੀ। ਮਾਰਕ ਕਾਰਨੀ ਨੇ ਪੀਐੱਮ ਬਣਨ ਮਗਰੋਂ ਕਿਹਾ ਕਿ 'ਅਮਰੀਕਾ ਨਾਲ ਪੁਰਾਣਾ ਰਿਸ਼ਤਾ ਖ਼ਤਮ ਹੋ ਚੁੱਕਾ ਹੈ' ਇਸ ਦੇ ਨਾਲ ਹੀ ਉਨ੍ਹਾਂ ਕਿਹਾ, 'ਅਮਰੀਕੀ ਸਾਡੀ (ਕੈਨੇਡਾ) ਦੀ ਜੀਵਨ ਜਾਚ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੇ ਹਨ'। ਪੀਏਰ ਪੋਲੀਏਵ ਅਤੇ ਮਾਰਕ ਕਾਰਨੀ ਦੋਵੇਂ ਇਹ ਦਾਅਵਾ ਕਰ ਰਹੇ ਹਨ ਕਿ ਉਹ ਟਰੰਪ ਕਰਕੇ ਖੜ੍ਹੇ ਹੋਏ ਖ਼ਤਰੇ ਨਾਲ ਵਧੇਰੇ ਬਿਹਤਰ ਤਰੀਕੇ ਨਾਲ ਨਜਿੱਠ ਸਕਦੇ ਹਨ।

**ਘਰਾਂ ਦੀ ਘਾਟ, ਮਹਿੰਗਾਈ ਅਤੇ ਪਰਵਾਸ**

ਕੈਨੇਡੀਅਨਾਂ ਦੀਆਂ ਮੁੱਖ ਘਰੇਲੂ ਚਿੰਤਾਵਾਂ- ਕਿਫਾਇਤੀ ਰਿਹਾਇਸ਼, ਸਿਹਤ ਸੰਭਾਲ- ਹਾਲ ਹੀ ਦੇ ਸਾਲਾਂ ਵਿੱਚ ਘਟੀਆਂ ਨਹੀਂ ਹਨ। ਜਸਟਿਨ ਟਰੂਡੋ ਦੇ ਕਾਰਜਕਾਲ ਦੌਰਾਨ ਕੈਨੇਡੀਆਈ ਵਪਾਰਾਂ ਉੱਤੇ ਖ਼ਤਰੇ, ਬੇਰੁਜ਼ਗਾਰੀ ਅਤੇ ਪਰਵਾਸੀਆਂ ਦੀ ਵੱਧਦੀ ਆਮਦ ਦੇ ਮੁੱਦਿਆਂ ਉੱਤੇ ਵਿਰੋਧੀ ਪਾਰਟੀਆਂ ਵੱਲੋਂ ਉਨ੍ਹਾਂ ਦਾ ਸਖ਼ਤ ਵਿਰੋਧ ਕੀਤਾ ਗਿਆ ਸੀ। ਪਰ ਅਬਾਕਸ ਡੇਟਾ ਦੇ ਸੀਈਓ, ਪੋਲਸਟਰ ਡੇਵਿਡ ਕੋਲੇਟੋ ਨੇ ਦੱਸਿਆ ਸੀ ਕਿ ਕਿ ਇਹ ਚਿੰਤਾਵਾਂ ਅਮਰੀਕਾ ਨਾਲ ਵਪਾਰ ਯੁੱਧ ਦੇ "ਮੌਜੂਦਾ ਖ਼ਤਰੇ" ਹੇਠਾਂ ਦਬ ਗਈਆਂ ਹਨ। ਉਨ੍ਹਾਂ ਕਿਹਾ ਸੀ, "ਭਾਵੇਂ ਰਹਿਣ-ਸਹਿਣ ਦੀ ਲਾਗਤ ਅਜੇ ਵੀ ਸਭ ਤੋਂ ਵੱਡਾ ਮੁੱਦਾ ਹੈ, ਪਰ ਇਹ ਇੰਨਾ ਵੱਡਾ ਮੁੱਦਾ ਵੀ ਨਹੀਂ ਹੈ ਕਿ ਇਸ ਕਰਕੇ 'ਵਪਾਰ ਯੁੱਧ' ਦੇ ਖ਼ਤਰੇ ਨੂੰ



ਭੁੱਲਿਆ ਜਾਵੇ।" ਇਸ ਲਈ ਪਾਰਟੀਆਂ ਅੱਗੇ ਇਹ ਚੁਣੌਤੀ ਹੋਵੇਗੀ ਕਿ ਉਹ ਇਨ੍ਹਾਂ ਚਿੰਤਾਵਾਂ ਨੂੰ ਹੱਲ ਕਰਨ ਲਈ ਠੋਸ ਨੀਤੀਆਂ ਬਣਾਉਣ ਪਰ ਇਹ ਸਭ ਉਨ੍ਹਾਂ ਨੂੰ ਵਿਆਪਕ ਆਰਥਿਕ ਖ਼ਤਰੇ ਦੇ ਸੰਦਰਭ ਵਿੱਚ ਹੀ ਤਿਆਰ ਕਰਨਾ ਪਵੇਗਾ। ਇਸਦੇ ਨਾਲ ਹੀ ਕੈਨੇਡੀਆਈ ਸਰਕਾਰ ਵੱਲੋਂ ਬੀਤੇ ਮਹੀਨਿਆਂ ਦੌਰਾਨ ਆਪਣੇ ਪੀਆਰ, ਸਟਡੀ ਪਰਮਿਟ ਅਤੇ ਵਰਕ ਪਰਮਿਟ ਦੇ ਟੀਚਿਆਂ ਨੂੰ ਵੱਡੇ ਪੱਧਰ ਉੱਤੇ ਘਟਾਇਆ ਗਿਆ ਹੈ ਅਤੇ ਨਿਯਮ ਵੀ ਸਖ਼ਤ ਕੀਤੇ ਗਏ ਹਨ। ਹਾਲ ਹੀ ਵਿੱਚ ਉੱਚ ਸੁਰੱਖਿਆ ਕਲੀਅਰੈਂਸ ਵਾਲੇ ਇੱਕ ਸਰੋਤ ਦਾ ਹਵਾਲਾ ਦਿੰਦੇ ਹੋਏ ਕੈਨੇਡਾ ਦੇ ਗਲੋਬ ਐਂਡ ਮੇਲ ਅਖਬਾਰ ਨੇ ਇਲਜ਼ਾਮ ਲਗਾਏ ਸਨ ਕਿ ਭਾਰਤੀ ਏਜੰਟਾਂ ਵੱਲੋਂ 2022 ਵਿੱਚ ਪਾਰਟੀ ਦੇ ਲੀਡਰਸ਼ਿਪ ਚੋਣਾਂ ਸਮੇਂ ਪੀਏਰ ਪੋਲੀਏਵ ਲਈ ਕੈਨੇਡਾ ਦੇ ਏਸ਼ੀਆਈ ਭਾਈਚਾਰੇ ਦੇ ਕੋਲੋਂ ਫੰਡ ਇਕੱਠਾ ਕੀਤਾ ਗਿਆ ਸੀ ਅਤੇ ਲੋਕਾਂ ਨੂੰ ਸੰਗਠਿਤ ਕਰਨ ਵਿੱਚ ਭੂਮਿਕਾ ਅਦਾ ਕੀਤੀ ਗਈ ਸੀ। ਹਾਲਾਂਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਪੀਏਰ ਪੋਲੀਏਵ ਜਾਂ ਉਨ੍ਹਾਂ ਦੀ ਟੀਮ ਕਥਿਤ ਦਖਲਅੰਦਾਜ਼ੀ ਬਾਰੇ ਪਹਿਲਾਂ ਹੀ ਜਾਣੂ ਸੀ। ਇਸ ਮਗਰੋਂ ਭਾਰਤ ਦੀ ਕਥਿਤ



ਦਖ਼ਲਅੰਦਾਜ਼ੀ ਦੇ ਇਲਜ਼ਾਮਾਂ ਦੀ ਚਰਚਾ ਵੱਡੇ ਪੱਧਰ ਉੱਤੇ ਹੋਈ ਸੀ। ਕੈਨੇਡਾ ਦੀਆਂ ਚੋਣਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਹਾਲ ਹੀ ਦੇ ਸਾਲਾਂ ਵਿੱਚ ਵੱਡਾ ਮੁੱਦਾ ਰਹੀ ਹੈ ਅਤੇ ਇਸ ਮੁੱਦੇ ਦੀ ਜਾਂਚ ਲਈ ਪਿਛਲੇ ਸਾਲ ਇੱਕ ਜਨਤਕ ਜਾਂਚ ਸ਼ੁਰੂ ਕੀਤੀ ਗਈ ਸੀ। ਵਿਦੇਸ਼ੀ ਦਖ਼ਲਅੰਦਾਜ਼ੀ ਜਾਂਚ ਮੁਤਾਬਕ ਚੀਨ ਅਤੇ ਭਾਰਤ ਨੇ ਕੈਨੇਡਾ ਦੀਆਂ ਪਿਛਲੀਆਂ ਦੋ ਚੋਣਾਂ ਵਿੱਚ ਦਖ਼ਲਅੰਦਾਜ਼ੀ ਦੀ ਕੋਸ਼ਿਸ਼ ਕੀਤੀ ਸੀ। ਜਾਂਚ ਰਿਪੋਰਟ ਵਿੱਚ ਕਿਹਾ ਗਿਆ ਕਿ ਵਿਦੇਸ਼ੀ ਦਖ਼ਲਅੰਦਾਜ਼ੀ ਦੀਆਂ ਕੋਸ਼ਿਸ਼ਾਂ ਪ੍ਰੇਸ਼ਾਨ ਕਰਨ ਵਾਲੀਆਂ ਹਨ ਅਤੇ ਹਾਲਾਂਕਿ ਇਸ ਦਾ ਪ੍ਰਭਾਵ ਘੱਟੋ-ਘੱਟ ਸੀ ਪਰ ਰਿਪੋਰਟ ਨੇ ਚੇਤਾਵਨੀ ਦਿੱਤੀ ਸੀ ਕਿ ਗਲਤ ਜਾਣਕਾਰੀ ਦੇਸ਼ ਦੇ ਲੋਕਤੰਤਰ ਲਈ ਖ਼ਤਰਾ ਪੈਦਾ ਕਰਦੀ ਹੈ।




# ਕੀ ਦੁਨੀਆ 2025 ਆਰਥਿਕ ਨਿਘਾਰ ਵਿੱਚੋਂ ਉੱਭਰ ਸਕੇਗੀ?



ਦਰਬਾਰਾ ਸਿੰਘ ਕਾਹਲੋਂ

ਆਰਥਿਕ ਤੌਰ ’ਤੇ ਕੋਵਿਡ-19 ਮਹਾਮਾਰੀ ਦਾ ਭੰਨਿਆ ਵਿਸ਼ਵ ਅਜੇ ਤੱਕ ਨਿਘਾਰ ਦੀ ਜਿੱਲ੍ਹਣ ਵਿੱਚੋਂ ਉੱਭਰ ਨਹੀਂ ਸਕਿਆ ਹੈ। ਵਿਸ਼ਵ ਦੇ ਕੁਝ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੇ ਇਸ ਆਰਥਿਕ ਨਿਘਾਰ ਨੂੰ 2007-08 ਵਾਲੀ ਆਰਥਿਕ ਮੰਦੀ ਜਿਹੀ ਆਫ਼ਤ ਬਣਨ ਤੋਂ ਰੋਕਣ ਲਈ ਹਰ ਖੇਤਰ ਨੂੰ ਜੀਵਤ ਰੱਖਣ, ਲੋਕਾਂ ਦੇ ਕਾਰੋਬਾਰ, ਵਪਾਰ, ਸਨਅਤ ਨੂੰ ਠੁੰਮਣਾ ਦੇਣ ਲਈ ਖੂਬ ਧਨ ਵਹਾਇਆ ਪਰ ਹਕੀਕਤ ਵਿੱਚ ਪਿਛਲੇ ਅੱਧੇ ਦਹਾਕੇ ਵਿਚ ਵਿਸ਼ਵ ਦੇ ਵੱਖ-ਵੱਖ ਵਰਗਾਂ ਵਿੱਚ ਸਿਮਟੇ ਦੇਸ਼ ਜਿਵੇਂ ਵਿਕਸਤ, ਵਿਕਾਸਸ਼ੀਲ, ਪੱਛੜੇ ਆਦਿ ਆਰਥਿਕ ਮੰਦਹਾਲੀ ਦੇ ਦੌਰ ਵਿੱਚ ਬਾਹਰ ਨਹੀਂ ਨਿਕਲ ਸਕੇ।

ਹਕੀਕਤ ਇਹ ਵੀ ਹੈ ਕਿ ਸਾਲ 2025 ਵਿੱਚ ਵੀ ਇਨ੍ਹਾਂ ਦੇ ਆਰਥਿਕ ਨਿਘਾਰ ਦੀ ਜਿੱਲ੍ਹਣ ਵਿਚੋਂ ਉੱਭਰਨ ਦੇ ਆਸਾਰ ਨਜ਼ਰ ਨਹੀਂ ਆ ਰਹੇ। ਭੁੱਖਮਰੀ, ਬੇਰੁਜ਼ਗਾਰੀ, ਉਤਪਾਦਨ ਵਿਚ ਵਾਧਾ ਨਾ ਹੋ ਸਕਣਾ, ਵਿਸ਼ਵ ਦੇ ਵੱਖ-ਵੱਖ ਖਿੱਤਿਆਂ ਵਿੱਚ ਅੰਦਰੂਨੀ ਤੇ ਬਾਹਰੀ ਜੰਗਾਂ ਜਿਵੇਂ ਅਫਗਾਨਿਸਤਾਨ, ਕਾਂਗੋ, ਸੂਡਾਨ, ਇਥੋਪੀਆ, ਬੁਰਕੀਨਾ ਫਾਸੋ, ਚਾਡ, ਸੋਮਾਲੀਆ, ਯਮਨ, ਕੈਮਰੂਨ, ਮਿਆਂਮਾਰ ਆਦਿ ਵਿੱਚ ਗ੍ਰਹਿ ਯੁੱਧ, ਫ਼ਲਸਤੀਨ ਤੇ ਇਜ਼ਰਾਈਲ, ਯੂਕਰੇਨ ਤੇ ਰੂਸ ਦਰਮਿਆਨ ਭਿਅੰਕਰ ਯੁੱਧ, ਅਮਰੀਕਾ ਤੇ ਚੀਨ ਤੋਂ ਇਲਾਵਾ ਹੋਰ ਅਨੇਕ ਦੇਸ਼ਾਂ ਵਿਚਕਾਰ ਵਪਾਰਕ ਯੁੱਧ, ਤਕਨੀਕੀ ਅਤੇ ਸਾਇੰਸੀ ਖੋਜ ਗਤੀ ਵਿਚ ਖੜੋਤ, ਵਿਸ਼ਵ ਭਰ ਵਿਚ ਲਗਾਤਾਰ ਉੱਭਰ ਰਿਹਾ ਕਿਸਾਨੀ ਸੰਕਟ ਆਦਿ ਐਸੇ ਕਾਰਨ ਹਨ ਜੋ ਆਰਥਿਕ ਬਹਾਲੀ ਅੱਗੇ ਦੀਵਾਰ ਬਣ ਕੇ ਖੜ੍ਹੇ ਹਨ।

ਵਿਸ਼ਵ ’ਚ ਕੋਵਿਡ-19 ਮਹਾਮਾਰੀ ਦੀ ਮਾਰ ਨੇ ਮਾਨਵ ਦੀਆਂ ਅਗਲੀਆਂ ਪੀੜ੍ਹੀਆਂ ਦੇ ਮਾਨਸਿਕ, ਸਰੀਰਕ ਅਤੇ ਬੌਧਿਕ ਵਿਕਾਸ ’ਤੇ ਵੱਡਾ ਮਾਰੂ ਅਸਰ ਪਾਇਆ ਹੈ। ਫਲਸਰੂਪ, ਪੂਰੇ ਵਿਸ਼ਵ ਵਿੱਚ ਵਿਦਿਆਰਥੀਆਂ ਅੰਦਰ ਮਾਨਸਿਕ, ਬੌਧਿਕ ਅਤੇ ਸਰੀਰਕ ਅਪੰਗਤਾ ਨੋਟ ਕੀਤੀ ਗਈ ਹੈ ਜਿਸ ਕਰ ਕੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲਿਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ। ਗਲੋਬਲ ਪੱਧਰ ’ਤੇ ਆਰਥਿਕ ਅਤੇ ਵਪਾਰਕ ਸਪਲਾਈ ਲਾਈਨ ਡਾਵਾਂਡੋਲ ਹੋ ਕੇ ਰਹਿ ਗਈ ਹੈ। ਹਰ ਦੇਸ਼ ਵਿੱਚ ਮਹਿੰਗਾਈ ਅਤੇ ਭੁੱਖਮਰੀ ਸਿਰ ਚੜ੍ਹ ਕੇ ਬੋਲਣ ਲੱਗੀ ਹੈ, ਬੇਘਰਿਆਂ ਦੀ ਤਦਾਦ ਵਧਣ ਲੱਗੀ ਹੈ, ਜਲਵਾਯੂ ਤਬਦੀਲੀ ਕਰ ਕੇ ਮੌਸਮ ਵਿੱਚ ਉਤਰਾਅ-ਚੜ੍ਹਾਅ ਤਕਲੀਫਦੇਹ ਸਿੱਧ ਹੋਣ ਲੱਗੇ ਹਨ।



2024 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ। ਗਰਮੀ ਕਰ ਕੇ ਚੀਨ, ਯੂਰੋਪ ਅਤੇ ਹੋਰ ਥਾਵਾਂ ’ਤੇ ਹੜ੍ਹ, ਯੂਰੋਪ ਤੋਂ ਅਫਰੀਕਾ, ਦੱਕਣੀ ਅਮਰੀਕਾ ਵਿੱਚ ਸੋਕੇ ਪਏ, ਅਮਰੀਕਾ-ਚੀਨ ਵਿੱਚ ਮੁਕਾਬਲੇਬਾਜ਼ੀ ਵਧੀ, ਆਰਥਿਕ ਤੇ ਵਪਾਰਕ ਸਪਲਾਈ ਚੇਨ ਵਿੱਚ ਰੋਕਾਂ ਅਤੇ ਬ੍ਰੇਕਾਂ ਦੇਖੀਆਂ ਗਈਆਂ। ਗਲੋਬਲ ਭੂ-ਆਰਥਿਕਤਾ ਵਿੱਚ ਵੱਡੀਆਂ ਦੁਸ਼ਵਾਰੀਆਂ ਪੈਦਾ ਹੋਈਆਂ। ਵਪਾਰਕ ਰੋਕਾਂ ਵਿੱਚ ਤਿੱਗਣਾ ਵਾਧਾ ਹੋਇਆ। 2024 ਵਿੱਚ ਲਗਭਗ ਹਰ ਦੇਸ਼ ’ਚ ਕਰਜ਼ਿਆਂ ਵਿੱਚ ਵਾਧਾ ਦੇਖਣ ਨੂੰ ਮਿਲਿਆ।

ਸਾਲ 2024 ਗਲੋਬਲ ਪੱਧਰ ’ਤੇ ‘ਵੋਟਰ ਸਾਲ’ ਵਜੋਂ ਸਥਾਪਿਤ ਹੋਇਆ। ਕਰੀਬ 70 ਦੇਸ਼ਾਂ ਵਿੱਚ ਚੋਣਾਂ ਹੋਈਆਂ। ਵਿਸ਼ਵ ਦੀ ਅੱਧੀ ਵਸੋਂ ਨੇ ਇਨ੍ਹਾਂ ਵਿੱਚ ਭਾਗ ਲਿਆ। ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਅਸੁਰੱਖਿਆ, ਜੀਵਨ ਮਿਆਰ ਨੂੰ ਲਗਾਤਾਰ ਖੋਰਾ ਲੱਗਣ, ਸੱਤਾ ਖ਼ਾਤਰ ਮੁਫ਼ਤਖੋਰੀਆਂ ਦਾ ਸਹਾਰਾ ਲੈਣ, ਆਮ ਆਦਮੀ ਦੀ ਖਰੀਦ ਸ਼ਕਤੀ ਘਟਣ, ਧੁੰਦਲੇ ਆਰਥਿਕ ਭਵਿੱਖ ਦੀ ਦਸਤਕ ਆਦਿ ਕਰ ਕੇ ਵੋਟਰਾਂ ਨੇ ਭਾਰਤ ਤੋਂ ਦੱਖਣੀ ਅਫਰੀਕਾ, ਯੂਰਪ ਤੋਂ ਅਮਰੀਕਾ ਤੱਕ ਸੱਤਾਧਾਰੀ ਆਗੂਆਂ ਨੂੰ ਕਾਂਬੇ ਭਰਿਆ ਰਾਜਨੀਤਕ ਹਲੂਣਾ ਦਿੰਦੇ ਹਰਾਇਆ। ਅਮਰੀਕਾ ਵਿੱਚ ਡੋਨਲਡ ਟਰੰਪ ਵਰਗਾ ਗੁਨਾਹਗਾਰ ਜਿੱਤ ਗਿਆ। ਟਰੰਪ ਦੀ ਅਮਰੀਕੀ ਰਾਸ਼ਟਰਪਤੀ ਵਜੋਂ ਮੁੜ ਵਾਪਸੀ ਵਾਕਿਆ ਹੀ ਵਿਲੱਖਣ ਰਾਜਨੀਤਕ ਘਟਨਾ ਹੈ।

ਸਭ ਤੋਂ ਚਿੰਤਾਜਨਕ ਸਥਿਤੀ ਇਹ ਰਹੀ ਹੈ ਕਿ ਕਈ ਦੇਸ਼ਾਂ ਵਿੱਚ ਰਾਜਨੀਤਕ ਖੜੋਤ ਦੇਖਣ ਨੂੰ ਮਿਲੇ ਹਨ। ਰੈਡੀਕਲ ਅਤੇ ਧੁਰ ਸੱਜੇ ਪੱਖੀ ਪਾਰਟੀਆਂ ਤੇ ਗਰੁੱਪ ਕੌਮੀ ਪੱਧਰ ’ਤੇ ਭਾਰੂ ਹੁੰਦੇ ਦੇਖੇ ਜਾ ਰਹੇ ਹਨ। ਜਰਮਨੀ ਅਤੇ ਫਰਾਂਸ ਅੰਦਰ ਇਨ੍ਹਾਂ ਕਰ ਕੇ ਫੈਦਾ ਹੋਈ ਖੜੋਤ ਪੂਰੇ ਯੂਰੋਪ ਨੂੰ ਪ੍ਰਭਾਵਤ ਕਰ ਰਹੀ ਹੈ। ਬੰਗਲਾਦੇਸ਼ ਅੰਦਰ ਅਵਾਮੀ ਲੀਗ ਆਗੂ ਸ਼ੇਖ ਹਸੀਨਾ ਦਾ ਸ਼ਾਸਨ ਮੂਲਵਾਦੀ ਸ਼ਕਤੀਆਂ ਵੱਲੋਂ ਪਲਟਣ ਕਰ ਕੇ ਭਾਰਤੀ ਉੱਪ ਮਹਾਂਦੀਪ ਅੰਦਰ ਟਕਰਾ ਭਰੀਆਂ ਸਥਿਤੀਆਂ ਉੱਭਰ ਰਹੀਆਂ ਹਨ। ਵਿਸ਼ਵ ਬੈਂਕ ਅਨੁਸਾਰ ਗਰੀਬ ਅਤੇ ਪੱਛੜੇ ਦੇਸ਼ ਪਿਛਲੇ ਦੋ ਦਹਾਕਿਆਂ ਤੋਂ ਬਹੁਤ ਭੈੜੀ ਆਰਥਿਕ ਦੁਰਦਸ਼ਾ ਵਿਚੋਂ ਗੁਜ਼ਰ ਰਹੇ ਹਨ। ਕਮਜ਼ੋਰ ਵਪਾਰ, ਆਰਥਿਕ ਪਾਬੰਦੀਆਂ, ਫੰਡਾਂ ਅਤੇ ਮੁੱਢਲੇ ਢਾਂਚੇ ਦੀ ਘਾਟ ਉਨ੍ਹਾਂ ਨੂੰ ਹੋਰ ਬੁਰੀ ਤਰ੍ਹਾਂ ਲਤਾੜ ਰਹੀ ਹੈ। ਯੂਰੋਪੀਅਨ ਸੈਂਟਰਲ ਬੈਂਕ ਪ੍ਰੈਜ਼ੀਡੈਂਟ ਕ੍ਰਿਸਟੀਨ ਲਗਾਰਡ ਅਨੁਸਾਰ, 2025 ਵਿੱਚ ਵੀ ਅਨਿਸਚਿਤਤਾ ਰਹਿਣੀ ਹੈ।

ਆਰਥਿਕ ਮਿਲਵਰਤਣ ਅਤੇ ਵਿਕਾਸ ਸੰਸਥਾ (ਓਈਸੀਡੀ) ਅਤੇ ਗੋਲਡਮੈਨ ਸਾਚਸ ਖੋਜ ਸੰਸਥਾ ਦੀਆਂ ਤਾਜ਼ੀਆਂ ਰਿਪੋਰਟਾਂ ਸਾਲ 2025 ਵਿੱਚ ਗਲੋਬਲ ਆਰਥਿਕ ਸਥਿਤੀਆਂ ਦੇ ਕੁਝ ਸੰਭਾਲਣ ਦਾ ਸੰਕੇਤ ਦੇ ਰਹੀਆਂ ਹਨ।

ਈਸੀਡੀ ਦੀ ਤਾਜ਼ਾ ਰਿਪੋਰਟ ਦਰਸਾਉਂਦੀ ਹੈ ਕਿ 2025 ਅਤੇ 2026 ਵਿੱਚ ਗਲੋਬਲ ਜੀਡੀਪੀ ਵਿਕਾਸ ਦਰ 3.3 ਪ੍ਰਤੀਸ਼ਤ ਰਹੇਗੀ। 2024 ਵਿੱਚ ਇਹ 3.2 ਪ੍ਰਤੀਸ਼ਤ ਸੀ।

2025 ਅਤੇ 2026 ਵਿਚ ਜੀ-20 ਦੇਸ਼ਾਂ ਵਿੱਚ ਸਭ ਤੋਂ ਉੱਚੀ ਵਿਕਾਸ ਦਰ ਭਾਰਤ ਦੀ 6.8 ਤੋਂ 6.9 ਪ੍ਰਤੀਸ਼ਤ ਰਹੇਗੀ। ਇੰਡੋਨੇਸ਼ੀਆ ਦੀ 5.1, ਚੀਨ ਦੀ 4.9, ਰੂਸ ਦੀ 3.9, ਤੁਰਕੀ ਦੀ 3.5, ਬ੍ਰਾਜ਼ੀਲ ਦੀ 3.2, ਸਪੇਨ ਦੀ 3, ਅਮਰੀਕਾ ਦੀ 2.8, ਦੱਖਣੀ ਕੋਰੀਆ ਦੀ 2.3, ਮੈਕਸਿਕੋ 1.4, ਕੈਨੇਡਾ 1.1, ਆਸਟਰੇਲੀਆ ਦੀ 1 ਪ੍ਰਤੀਸ਼ਤ, ਜਪਾਨ ਦੀ 0.3, ਜਰਮਨੀ ਦੀ ਜ਼ੀਰੋ ਅਤੇ ਯੂਕੇ ਦੀ 0।9 ਪ੍ਰਤੀਸ਼ਤ ਰਹੇਗੀ। ਲੇਬਰ ਮਾਰਕੀਟ ਵਿਚ ਸੁਧਾਰ ਦੇਖਣ ਨੂੰ ਮਿਲੇਗਾ। ਇਤਿਹਾਸਕ ਸਟੈਂਡਰਡ ਤੋਂ ਬੇਰੁਜ਼ਗਾਰੀ ਘੱਟ ਰਹੇਗੀ, ਮਹਿੰਗਾਈ ਵਿਚ ਸਾਹ ਸੌਖਾ ਹੋਣ ਨੂੰ ਮਿਲੇਗਾ ਜਿਸ ਨਾਲ ਘਰੇਲੂ ਆਮਦਨ ਵਧੇਗੀ ਲੇਕਿਨ ਖਪਤ ਵਿਚ ਨਿਘਾਰ ਰਹਿ ਸਕਦਾ ਹੈ ਜਿਸ ਕਰ ਕੇ ਖਪਤਕਾਰ ਵਿਚ ਉਤਸ਼ਾਹ ਦੇਖਣ ਨੂੰ ਨਹੀਂ ਮਿਲੇਗਾ। ਫਿਰ ਵੀ ਗਲੋਬਲ ਵਪਾਰ ਵਿੱਚ ਸੁਧਾਰ ਦੇਖਣ ਨੂੰ ਮਿਲੇਗਾ ਜੋ 3.6 ਪ੍ਰਤੀਸ਼ਤ ਦਰ ਤੱਕ ਵਧੇਗਾ।

ਅਮਰੀਕੀ ਜੀਡੀਪੀ ਜੋ 2025 ਵਿੱਚ 2।8 ਰਹੇਗੀ, 2026 ਵਿੱਚ ਘਟ ਕੇ 2.4 ਪ੍ਰਤੀਸ਼ਤ ਹੋ ਸਕਦੀ ਹੈ। ਯੂਰੋਪ ਵਿੱਚ ਘਰੇਲੂ ਆਮਦਨ ਅਤੇ ਲੇਬਰ ਖੇਤਰ ਵਿੱਚ ਕਸਾਅ ਰਹੇਗਾ। ਨੀਤੀਗਤ ਵਿਆਜ ਦਰ ਵਿਚ ਕਟੌਤੀ ਦੇਖਣ ਨੂੰ ਮਿਲ ਸਕਦੀ ਹੈ। ਯੂਰੋ ਖੇਤਰ ਦੀ ਜੀਡੀਪੀ 2025 ਵਿੱਚ 1.3 ਅਤੇ 2026 ਵਿਚ 1.5 ਪ੍ਰਤੀਸ਼ਤ ਰਹੇਗੀ। ਚੀਨ ਦੀ 2025 ਵਿੱਚ 4.9 ਮੁਕਾਬਲੇ 2026 ਵਿੱਚ 4.4 ਪ੍ਰਤੀਸ਼ਤ ਰਹੇਗੀ। ਓਈਸੀਡੀ ਸਕੱਤਰ ਜਨਰਲ ਮਾਥੀਅਜ਼ ਕੋਰਮਨ ਅਨੁਸਾਰ, ਗਲੋਬਲ ਆਰਥਿਕਤਾ 2025 ਵਿਚ ਲਚਕਦਾਰ ਰਹੇਗੀ। ਵਿਕਾਸ ਸਥਿਰ ਰਹੇਗਾ। ਮਹੱਤਵਪੂਰਨ ਚੁਣੌਤੀਆਂ ਰਹਿਣਗੀਆਂ। ਭੂ-ਰਾਜਨੀਤਕ ਟਕਰਾਅ ਜਾਰੀ ਰਹਿਣਗੇ, ਜਨਤਕ ਕਰਜ਼ ਔਸਤ ਉੱਚੀ ਰਹੇਗੀ। ਮੱਧਕਾਲੀ ਵਿਕਾਸ ਸੰਭਵ ਨਹੀਂ ਹੋਵੇਗਾ। ਮਹਿੰਗਾਈ ਦੇ ਦਬਾਅ ’ਤੇ ਲਗਾਮ ਜਾਰੀ ਰਹੇਗੀ ਪਰ ਖ਼ਰਚਿਆਂ ਦਾ ਭਾਰ ਮਹਿਸੂਸ ਹੋਵੇਗਾ।

ਗੋਲਡਮੈਨ ਸਾਚਸ ਖੋਜ ਅਨੁਸਾਰ, 2025 ਆਰਥਿਕ ਵਿਕਾਸ ਵਾਲਾ ਸਾਲ ਸਿੱਧ ਹੋਵੇਗਾ। ਅਮਰੀਕਾ ਵਿਕਾਸ ਕਰੇਗਾ ਪਰ ਇਸ ਵੱਲੋਂ ਦਰਾਮਦ ’ਤੇ ਟੈਰਿਫ ਵਧਾਉਣ ਕਰ ਕੇ ਯੂਰੋਪੀਅਨ ਯੂਨੀਅਨ ਪ੍ਰਭਾਵਤ ਹੋਵੇਗੀ। ਮਿੱਥੀ ਗਈ ਅਮਰੀਕੀ ਵਿਕਾਸ ਦਰ 1.9 ਤੋਂ ਵਾਧਾ ਦਰਜ ਕਰ ਕੇ 2.5 ਪ੍ਰਤੀਸ਼ਤ ਹੋ ਸਕਦੀ ਹੈ। ਯੂਰੋਪ ਦੀ ਮਿੱਥੀ ਹੋਈ ਵਿਕਾਸ ਦਰ 1.2 ਤੋਂ ਘਟ ਕੇ 0.8 ਪ੍ਰਤੀਸ਼ਤ ਰਹਿ ਸਕਦੀ ਹੈ। ਗੋਲਡਮੈਨ ਸਾਚਸ ਦੇ ਮੁੱਖ ਅਰਥ ਸ਼ਾਸਤਰੀ ਜਨ ਹੈਤਜ਼ਇਸ ਅਨੁਸਾਰ, ਗਲੋਬਲ ਬਾਜ਼ਾਰ ਮੁੜ ਤੋਂ ਸੰਤੁਲਿਤ ਕੀਤਾ ਗਿਆ ਹੈ। ਮਹਿੰਗਾਈ ਘਟੇਗੀ ਅਤੇ ਕੇਂਦਰੀ ਬੈਂਕ ਦੇ ਟੀਚੇ ਦੇ ਕੰਟਰੋਲ ਵਿਚ ਰਹੇਗੀ। ਬਹੁਤੇ ਕੇਂਦਰੀ ਬੈਂਕ ਵਿਆਜ ਦਰਾਂ ਵਿੱਚ ਕਟੌਤੀ ਕਰ ਸਕਣਗੇ।

ਅਮਰੀਕਾ ਵੱਲੋਂ ਦੂਸਰੀ ਵੱਡੀ ਆਰਥਿਕਤਾ ਚੀਨ ਦੇ ਦਰਾਮਦ ’ਤੇ 60 ਪ੍ਰਤੀਸ਼ਤ ਟੈਰਿਫ ਠੋਕਣ ਨਾਲ ਉਸ ਦੀ ਵਿਕਾਸ ਦਰ 0.7 ਪ੍ਰਤੀਸ਼ਤ ਘਟ ਸਕਦੀ ਹੈ। ਗੋਲਡਮੈਨ ਸਾਚਸ ਇਹ ਘਾਟਾ 0.2 ਪ੍ਰਤੀਸ਼ਤ ਨਿਸਚਤ ਕਰਦਾ ਹੈ।

ਇਹ ਗਲੋਬਲ ਪੂੰਜੀਵਾਦੀ ਕਾਰਪੋਰੇਟ ਪ੍ਰਭਾਵਤ ਸੰਸਥਾਵਾਂ ਦੀਆਂ ਰਿਪੋਰਟਾਂ ਜੋ ਮਰਜ਼ੀ ਆਰਥਿਕ ਸ਼ੀਸਾ ਦਿਖਾਉਣ, ਡਰ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਮਨਮਾਨੀਆਂ ਅਤੇ ਇੱਲਤਾਂ ਕਰ ਕੇ ਸੰਨ 2025 ਗਲੋਬਲ ਆਰਥਿਕਤਾ ’ਤੇ ਭਾਰੂ ਪੈ ਸਕਦਾ ਹੈ। ਦਰਾਮਦ ’ਤੇ ਟੈਰਿਫ ਵਾਧਾ ਵਪਾਰਕ ਜੰਗ ਛੇੜ ਸਕਦਾ ਹੈ; ਇਉਂ ਮਹਿੰਗਾਈ ਵਧੇਗੀ, ਗਲੋਬਲ ਪੱਧਰ ’ਤੇ ਖੜੋਤ ਆਏਗੀ, ਬੇਰੁਜ਼ਗਾਰੀ ਵਧੇਗੀ।

ਯੂਕਰੇਨ, ਮੱਧ-ਪੂਰਬ ਜੰਗਾਂ, ਜਰਮਨੀ ਤੇ ਫਰਾਂਸ ਵਿੱਚ ਰਾਜਨੀਤਕ ਉੱਥਲ-ਪੁਥਲ, ਚੀਨ ਦੀ ਆਰਥਿਕਤਾ ’ਤੇ ਉੱਭਰ ਰਹੇ ਕਾਲੇ ਬੱਦਲ, ਜਲਵਾਯੂ ਤਬਦੀਲੀ ਵਿਸ਼ਵਵਿਆਪੀ ਆਰਥਿਕਤਾ ਅਤੇ ਵਿਕਾਸ ਲਈ ਘਾਤਕ ਸਿੱਧ ਹੋ ਸਕਦੇ ਹਨ। ਗਲੋਬਲ ਆਰਥਿਕਤਾ ਸੰਭਾਲਣ ਲਈ ਵਿਸ਼ਵ ਦੀਆਂ 25 ਮੁੱਖ ਸੰਸਥਾਵਾਂ ਦੇ 40 ਆਰਥਿਕ ਮਾਹਿਰਾਂ ਦੇ ਗਰੁੱਪ ਦੇ ਬੈਂਕਾਂ, ਟੈਕਸ ਸਿਸਟਮ, ਗਲੋਬਲ ਵਿੱਤੀ ਸੁਰੱਖਿਆ, ਜਲਵਾਯੂ ਸੰਭਾਲ ਸਬੰਧੀ ਸੁਧਾਰਾਂ ’ਤੇ ਜੋ ਜ਼ੋਰ ਦਿੱਤਾ ਗਿਆ ਹੈ, ਉਸ ’ਤੇ ਅਮਲ ਕਰਨ ਦੀ ਲੋੜ ਹੈ। ਸਥਾਨਕ, ਕੌਮੀ ਅਤੇ ਕੌਮਾਂਤਰੀ ਵਿਦਿਅਕ ਈਕੋ ਸਿਸਟਮ ਮਜ਼ਬੂਤ ਕਰਨ ਲਈ ਗਲੋਬਲ ਸਾਂਝੇਦਾਰੀ, ਮਾਨਸਿਕ, ਬੌਧਿਕ ਅਤੇ ਸਰੀਰਕ ਤੌਰ ’ਤੇ ਅਪੰਗ ਹੋਏ ਵਿਦਿਆਰਥੀਆਂ ਵੱਲ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਵਿਸ਼ਵ ਮੁਦਰਾ ਕੋਸ਼ ਨੇ ਵਿਸ਼ਵ ਆਰਥਿਕ ਖਾਕੇ ਵਿੱਚ ਸਪਸ਼ਟ ਕਿਹਾ ਹੈ ਕਿ ਅਨਿਸ਼ਚਿਤ ਜੋਖ਼ਿਮ ਲਈ ਤਿਆਰ ਰਹੋ।

## ਅਮਰੀਕਾ ਨੇ ਆਪਣੇ ਨਾਗਰਿਕਾਂ ਲਈ ਜਾਰੀ ਕੀਤੀ ਚਿਤਾਵਨੀ

ਵਾਸ਼ਿੰਗਟਨ- ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੇ ਨਾਗਰਿਕਾਂ ਨੂੰ ਜੰਮੂ-ਕਸ਼ਮੀਰ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੀ ਸਲਾਹ ਵਿੱਚ ਕਿਹਾ ਹੈ ਕਿ ਅਮਰੀਕੀ ਨਾਗਰਿਕਾਂ ਨੂੰ ਯਾਦ ਦਿਵਾਇਆ ਜਾਂਦਾ ਹੈ ਕਿ ਵਿਦੇਸ਼ ਵਿਭਾਗ ਨੇ ਜੰਮੂ-ਕਸ਼ਮੀਰ ਦੀ ਯਾਤਰਾ ਨਾ ਕਰਨ ਦੀ ਸਲਾਹ ਜਾਰੀ ਕੀਤੀ ਹੈ।

ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੇ ਨਾਗਰਿਕਾਂ ਨੂੰ ਜੰਮੂ-ਕਸ਼ਮੀਰ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਸਲਾਹ ਵਿੱਚ ਕਿਹਾ ਗਿਆ ਹੈ ਕਿ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਦੇ ਕਈ ਸ਼ਹਿਰ ਹਾਈ ਅਲਰਟ 'ਤੇ ਹਨ।

### ਅਮਰੀਕਾ ਨੇ ਦਿੱਤੀ ਚੇਤਾਵਨੀ

ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੀ ਸਲਾਹ ਵਿਚ ਕਿਹਾ ਹੈ ਕਿ ਅਮਰੀਕੀ ਨਾਗਰਿਕਾਂ ਨੂੰ ਯਾਦ ਦਿਵਾਇਆ ਜਾਂਦਾ ਹੈ ਕਿ ਵਿਦੇਸ਼ ਵਿਭਾਗ ਨੇ ਜੰਮੂ-ਕਸ਼ਮੀਰ ਦੀ ਯਾਤਰਾ ਨਾ ਕਰਨ ਦੀ ਸਲਾਹ ਜਾਰੀ ਕੀਤੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜੰਮੂ-ਕਸ਼ਮੀਰ ਵਿਚ ਅੱਤਵਾਦੀ ਹਮਲੇ ਅਤੇ ਹਿੰਸਕ ਸਿਵਲ ਅਸ਼ਾਂਤੀ ਸੰਭਵ ਹੈ। ਵਰਣਨਯੋਗ ਹੈ ਕਿ ਬੁੱਧਵਾਰ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਨੇ ਸਰਹੱਦ ਪਾਰ ਸਬੰਧਾਂ ਦੇ ਮੱਦੇਨਜ਼ਰ 1960 ਦੀ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ ਤੇ ਪਾਕਿਸਤਾਨ ਨਾਲ ਕੂਟਨੀਤਕ ਸਬੰਧ ਘਟਾਉਣ ਦਾ ਐਲਾਨ ਕੀਤਾ, ਜਿਸ ਵਿਚ ਭਾਰਤ ਤੋਂ ਆਪਣੇ ਫ਼ੌਜੀ ਡਿਪਲੋਮੈਟਾਂ ਨੂੰ ਕੱਢਣਾ ਵੀ ਸ਼ਾਮਲ ਹੈ।

### ਭਾਰਤ ਨੇ ਕੀ ਕਾਰਵਾਈ ਕੀਤੀ

ਭਾਰਤ ਨੇ ਅਟਾਰੀ ਚੈੱਕ ਪੋਸਟ ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕਰਨ ਦਾ ਵੀ ਫ਼ੈਸਲਾ ਕੀਤਾ ਹੈ। ਇਸ ਤੋਂ ਇਲਾਵਾ, ਦੇਸ਼ ਨੇ ਸਾਰਕ ਵੀਜ਼ਾ ਛੋਟ ਯੋਜਨਾ ਤਹਿਤ ਜਾਰੀ ਕੀਤੇ ਗਏ ਸਾਰੇ ਵੀਜ਼ੇ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਪਾਕਿਸਤਾਨ ਨੂੰ 48 ਘੰਟਿਆਂ ਦੇ ਅੰਦਰ ਦੇਸ਼ ਛੱਡਣ ਦਾ ਆਦੇਸ਼ ਦਿੱਤਾ ਹੈ। ਭਾਰਤ ਨੇ ਪਾਕਿਸਤਾਨੀ ਹਾਈ ਕਮਿਸ਼ਨ ਵਿੱਚ ਰੱਖਿਆ/ਫੌਜੀ, ਜਲ ਸੈਨਾ ਅਤੇ ਹਵਾਈ ਸਲਾਹਕਾਰਾਂ ਨੂੰ ਪਰਸੋਨਾ ਨਾਨ-ਗ੍ਰੇਟਾ ਘੋਸ਼ਿਤ ਕੀਤਾ ਹੈ ਅਤੇ ਉਨ੍ਹਾਂ ਨੂੰ ਇਕ ਹਫ਼ਤੇ ਦੇ ਅੰਦਰ ਭਾਰਤ ਛੱਡਣ ਦਾ ਆਦੇਸ਼ ਦਿੱਤਾ ਹੈ। ਸੁਰੱਖਿਆ ਉਪਾਅ ਵਜੋਂ, ਭਾਰਤ ਨੇ ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ ਤੋਂ ਆਪਣੇ ਰੱਖਿਆ, ਜਲ ਸੈਨਾ ਅਤੇ ਹਵਾਈ ਸਲਾਹਕਾਰਾਂ ਨੂੰ ਵਾਪਸ ਬੁਲਾਉਣ ਦਾ ਫੈਸਲਾ ਕੀਤਾ ਹੈ।

## ਪਹਿਲਗਾਮ ਦੇ ਅੱਤਵਾਦੀ ਹਮਲੇ ਤੋਂ ਘਬਰਾਇਆ ਕੈਨੇਡਾ ਦਾ ਪ੍ਰਧਾਨ ਮੰਤਰੀ

ਨਵੀਂ ਦਿੱਲੀ- ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ 'ਚ ਘੱਟੋ-ਘੱਟ 26 ਲੋਕ ਮਾਰੇ ਗਏ ਸਨ। ਹੁਣ ਕੈਨੇਡਾ ਦੇ ਪ੍ਰਧਾਨ ਮੰਤਰੀ



ਮਾਰਕ ਕਾਰਨੀ ਨੇ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਇਸ ਸਬੰਧੀ ਉਨ੍ਹਾਂ ਨੇ ਇੰਸਟਾਗ੍ਰਾਮ 'ਤੇ ਇਕ ਪੋਸਟ ਸ਼ੇਅਰ ਕੀਤੀ ਹੈ। ਪੋਸਟ 'ਚ ਉਨ੍ਹਾਂ ਲਿਖਿਆ, 'ਮੈਂ ਜੰਮੂ-ਕਸ਼ਮੀਰ 'ਚ ਹੋਏ ਅੱਤਵਾਦੀ ਹਮਲੇ ਤੋਂ ਡਰਿਆ ਹੋਇਆ ਹਾਂ।' ਪੀਐਮ ਨੇ ਅੱਗੇ ਕਿਹਾ, 'ਇਹ ਹਿੰਸਾ ਦੀ ਇੱਕ ਬੇਤੁਕੀ ਅਤੇ ਹੈਰਾਨ ਕਰਨ ਵਾਲੀ ਕਾਰਵਾਈ ਹੈ, ਜਿਸ ਵਿੱਚ ਨਿਰਦੋਸ਼ ਨਾਗਰਿਕ ਅਤੇ ਸੈਲਾਨੀ ਮਾਰੇ ਗਏ ਅਤੇ ਜ਼ਖਮੀ ਹੋਏ ਹਨ।' ਉਨ੍ਹਾਂ ਨੇ ਆਪਣੀ ਪੋਸਟ ਵਿੱਚ ਪੀੜਤਾਂ ਪ੍ਰਤੀ ਸੰਵੇਦਨਾ ਵੀ ਪ੍ਰਗਟਾਈ ਹੈ।

ਕਾਰਨੀ ਪਹਿਲਗਾਮ ਕਤਲੇਆਮ ਬਾਰੇ ਬਿਆਨ ਜਾਰੀ ਕਰਨ ਵਾਲੇ ਜੀ7 ਨੇਤਾਵਾਂ ਵਿੱਚੋਂ ਆਖਰੀ ਸਨ। ਜਦੋਂ ਕਿ ਪਹਿਲੀ ਪ੍ਰਤੀਕਿਰਿਆ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਆਈ ਹੈ। ਇਸ ਤੋਂ ਬਾਅਦ ਜੀ-7 ਦੇ ਹੋਰ ਮੈਂਬਰਾਂ ਇਟਲੀ, ਯੂਰਪੀਅਨ ਯੂਨੀਅਨ, ਜਰਮਨੀ, ਯੂਨਾਈਟਿਡ ਕਿੰਗਡਮ, ਫਰਾਂਸ ਅਤੇ ਜਾਪਾਨ ਨੇ ਵੀ ਹਮਲੇ ਦੀ ਨਿੰਦਾ ਕੀਤੀ ਹੈ।

### ਟਰੰਪ ਨੇ ਪੀਐਮ ਮੋਦੀ ਨਾਲ ਫ਼ੋਨ 'ਤੇ ਗੱਲ ਕੀਤੀ

ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਫੋਨ ਕੀਤਾ ਅਤੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਪੀੜਤਾਂ ਪ੍ਰਤੀ ਸੰਵੇਦਨਾ ਜ਼ਾਹਰ ਕੀਤੀ। ਟਰੰਪ ਨੇ ਹਮਲੇ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਅਮਰੀਕਾ ਅੱਤਵਾਦ ਖ਼ਿਲਾਫ਼ ਲੜਾਈ 'ਚ ਭਾਰਤ ਦੇ ਨਾਲ ਖੜ੍ਹਾ ਹੈ ਅਤੇ ਹਰ ਸੰਭਵ ਮਦਦ ਦੇਣ ਲਈ ਤਿਆਰ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਟਰੰਪ ਦੇ ਸਮਰਥਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਭਾਰਤ ਇਹ ਯਕੀਨੀ ਕਰੇਗਾ ਕਿ ਇਸ ਕਾਇਰਾਨਾ ਅਤੇ ਘਿਨਾਉਣੇ ਅੱਤਵਾਦੀ ਹਮਲੇ ਦੇ ਦੋਸ਼ੀਆਂ ਅਤੇ ਸਮਰਥਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ।

Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam

3143 ARDEN ROAD, HAYWARD, CA- 94545




Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138



AAA
AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544



CISI
CALIFORNIA IMMIGRATION SERVICES INC.
Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# TASTE OF INDIA

**specialist- Gurh Dee Barfee, Gurh Diyaan Jalebian**

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

**5144 MOWRY AVE (ON FARWELL DR)**
**FREMONT, CA 94538**
**510-773-8810**



# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

**Auto repair, Diagnostics & Smog Check Station**

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

## SUKHWINDER BHELLA

510-757-6775 gogibhella@gmail.com

# TENNYSON AUTO

**Car Sale Service and Repair**

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# GRAND OPENING FAIRWAY AUTO CENTRE BODY SHOP

ਸੋਮਵਾਰ ਤੋਂ ਸ਼ੁੱਕਰਵਾਰ 9 ਤੋਂ 5, ਸ਼ਨਿਚਰਵਾਰ ਨੂੰ 9 ਤੋਂ 2 ਵਜੇ ਤੱਕ

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

Our Expertise Services.. As offers below

15% Off Any Selected Servises Until January 30, 2025

* All Accicents Insurance Claims are accepted it.
* Repairs Fiber Glasses for Trucks & Cars.
* Straighten Frames & Scratch Removal from cars
* Build Customs Design Cars per cust
* Replace Brakes & Rooters for cars
* Engine Lights & Car Maintenances
* Body Repairs & Paint Restoration

Our Services Hours
Monday to Friday (9:00 AM to 5:00 PM)
Saturday 9:00 AM to 2:00 PM and Sunday (Closed)



1620 doolittle Dr, San Leandro, CA 94577
510-538-2983
Email: 1fairwayautocenter@gmail.com

Gurdial Aujla
510-552-0856

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਠੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ
ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

**Over 30 Years Experience in Restaurant & Catering Business**

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net




# ਇਸ ਮਿਨਰਲ ਦੀ ਕਮੀ ਨਾਲ ਵੀ ਘਟ ਸਕਦੈ ਵਿਟਾਮਿਨ-ਡੀ ਦਾ ਲੈਵਲ

ਵਿਟਾਮਿਨ-ਡੀ ਸਾਡੇ ਸਰੀਰ ਲਈ ਬਹੁਤ ਹੀ ਜਰੂਰੀ ਹੈ। ਹੱਡੀਆਂ ਦੀ ਮਜ਼ਬੂਤੀ, ਇਮਿਊਨ ਸਿਸਟਮ ਅਤੇ ਮਾਨਸਿਕ ਸਿਹਤ ਲਈ ਸਰੀਰ ਵਿਚ ਵਿਟਾਮਿਨ-ਡੀ ਦੀ ਸਹੀ ਮਾਤਰਾ ਹੋਣਾ ਬਹੁਤ ਜਰੂਰੀ ਹੈ। ਇਸ ਲਈ, ਇਸ ਦੀ ਘਾਟ (ਵਿਟਾਮਿਨ-ਡੀ ਦੀ ਘਾਟ) ਸਿਹਤ ਨੂੰ ਕਾਫੀ ਨੁਕਸਾਨ ਪਹੁੰਚਾ ਸਕਦੀ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਵਿਟਾਮਿਨ-ਡੀ ਨੂੰ ਸਹੀ ਢੰਗ ਨਾਲ ਵਰਤਣ ਲਈ ਸਰੀਰ ਨੂੰ ਇਕ ਖਣਿਜ ਦੀ ਲੋੜ ਹੁੰਦੀ ਹੈ? ਆਓ ਜਾਣੀਏ ਕਿ ਵਿਟਾਮਿਨ-ਡੀ ਨੂੰ ਐਕਟਿਵ ਕਰਨ ਲਈ ਕਿਸ ਖਣਿਜ ਦੀ ਲੋੜ ਹੁੰਦੀ ਹੈ ਤੇ ਇਸ ਦੀ ਘਾਟ ਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ।

ਵਿਟਾਮਿਨ-ਡੀ ਨੂੰ ਸਰੀਰ 'ਚ ਐਕਟਿਵ ਕਰਨ ਲਈ ਮੈਗਨੀਸ਼ੀਅਮ ਮਹੱਤਵਪੂਰਨ ਸਹਾਇਕ ਤੱਤ ਵਜੋਂ ਕੰਮ ਕਰਦਾ ਹੈ। ਜਦੋਂ ਅਸੀਂ ਵਿਟਾਮਿਨ-ਡੀ ਲੈਂਦੇ ਹਾਂ ਜਾਂ ਧੁੱਪ ਤੋਂ ਵਿਟਾਮਿਨ-ਡੀ ਪ੍ਰਾਪਤ ਕਰਦੇ ਹਾਂ, ਤਾਂ ਇਹ ਲਿਵਰ ਤੇ ਕਿਡਨੀ 'ਚ ਕੁਝ



ਪ੍ਰਕਿਰਿਆਵਾਂ ਤੋਂ ਗੁਜ਼ਰਦਾ ਹੈ, ਜਿਸ ਤੋਂ ਬਾਅਦ ਇਹ ਐਕਟਿਵ ਰੂਪ (ਐਕਟਿਵੇਟਿਡ ਵਿਟਾਮਿਨ-ਡੀ ਜਾਂ ਕੈਲਸਿਟ੍ਰਿਓਲ) 'ਚ ਬਦਲ ਜਾਂਦਾ ਹੈ। ਇਸ ਪ੍ਰਕਿਰਿਆ 'ਚ ਮੈਗਨੀਸ਼ੀਅਮ) ਦੀ ਲੋੜ ਹੁੰਦੀ ਹੈ।

ਜੇਕਰ ਸਰੀਰ 'ਚ ਮੈਗਨੀਸ਼ੀਅਮ ਦੀ ਕਮੀ ਹੋਵੇ ਤਾਂ ਵਿਟਾਮਿਨ-ਡੀ ਸਹੀ ਤਰੀਕੇ ਨਾਲ ਕੰਮ ਨਹੀਂ ਕਰ ਪਾਉਂਦਾ, ਜਿਸ ਨਾਲ ਇਸ ਦੇ ਪੂਰੇ ਫਾਇਦੇ ਨਹੀਂ ਮਿਲਦੇ। ਇਸ ਲਈ, ਮੈਗਨੀਸ਼ੀਅਮ ਦੀ ਕਮੀ ਕਾਰਨ ਵਿਟਾਮਿਨ-ਡੀ ਦਾ ਲੈਵਲ ਘੱਟ ਰਹਿ ਸਕਦਾ ਹੈ, ਭਾਵੇਂ ਤੁਸੀਂ ਵਿਟਾਮਿਨ-ਡੀ ਦੀ ਭਰਪੂਰ ਮਾਤਰਾ ਲੈ ਰਹੇ ਹੋ। ਇਸ ਲਈ, ਵਿਟਾਮਿਨ-ਡੀ ਦੇ ਬਿਹਤਰ ਅਬਜ਼ਾਰ-ਪਸ਼ਨ ਤੇ ਇਸਤੇਮਾਲ ਲਈ ਮੈਗਨੀਸ਼ੀਅਮ ਭਰਪੂਰ ਖੁਰਾਕ ਲੈਣਾ ਜ਼ਰੂਰੀ ਹੈ।

**ਮੈਗਨੀਸ਼ੀਅਮ ਦੇ ਵਸੀਲੇ**

ਮੈਗਨੀਸ਼ੀਅਮ ਇਕ ਅਜਿਹਾ ਖਣਿਜ ਹੈ ਜੋ ਕਈ ਫੂਡ ਆਇਟਮਜ਼ 'ਚ ਮਿਲਦਾ ਹੈ। ਜੇਕਰ ਤੁਸੀਂ ਸਿਹਤਮੰਦ ਖੁਰਾਕ ਲੈਂਦੇ ਹੋ ਤਾਂ ਤੁਹਾਨੂੰ ਮੈਗਨੀਸ਼ੀਅਮ ਦੀ ਭਰਪੂਰ ਮਾਤਰਾ ਮਿਲ ਸਕਦੀ ਹੈ।

**ਹਰੀਆਂ ਪੱਤੇਦਾਰ ਸਬਜ਼ੀਆਂ:** ਪਾਲਕ, ਮੇਥੀ, ਸਰ੍ਹੋਂ ਦਾ ਸਾਗ, ਕੇਲ ਤੇ ਬ੍ਰੋਕਲੀ ਵਰਗੀਆਂ ਹਰੀਆਂ ਸਬਜ਼ੀਆਂ 'ਚ ਮੈਗਨੀਸ਼ੀਅਮ ਦੀ ਭਰਪੂਰ ਮਾਤਰਾ ਹੁੰਦੀ ਹੈ। ਇਨ੍ਹਾਂ ਨੂੰ ਆਪਣੀ ਖੁਰਾਕ 'ਚ ਸ਼ਾਮਲ ਕਰ ਕੇ ਤੁਸੀਂ ਮੈਗਨੀਸ਼ੀਅਮ ਦੀ ਘਾਟ ਨੂੰ ਪੂਰਾ ਕਰ ਸਕਦੇ ਹੋ।

**ਨਟਸ ਤੇ ਬੀਜ:** ਬਾਦਾਮ, ਕਾਜੂ, ਅਖਰੋਟ, ਕੱਦੂ ਦੇ ਬੀਜ, ਤਿਲ ਦੇ ਬੀਜ, ਸੂਰਜਮੁਖੀ ਦੇ ਬੀਜ ਤੇ ਅਲਸੀ ਦੇ ਬੀਜ ਮੈਗਨੀਸ਼ੀਅਮ ਦੇ ਚੰਗੇ ਸੂਤਰ ਹਨ। ਰੋਜ਼ਾਨਾ ਇਕ ਮੁਠੀ ਨਟਸ ਜਾਂ ਬੀਜ ਖਾਣ ਨਾਲ ਮੈਗਨੀਸ਼ੀਅਮ ਦੀ ਰੋਜ਼ਾਨਾ ਦੀ ਲੋੜ ਪੂਰੀ ਕੀਤੀ ਜਾ ਸਕਦੀ ਹੈ।

**ਸਾਬਤ ਅਨਾਜ:** ਕਣਕ, ਬਾਜਰਾ, ਓਟਸ, ਕਵਿਨੋਆ, ਬ੍ਰਾਊਨ ਰਾਈਸ ਤੇ ਜੌਂ ਵਰਗੇ ਸਾਬਤ ਅਨਾਜ 'ਚ ਵੀ ਮੈਗਨੀਸ਼ੀਅਮ ਹੁੰਦਾ ਹੈ। ਰਿਫਾਈਂਡ ਅਨਾਜ ਦੀ ਥਾਂ ਸਾਬਤ ਅਨਾਜ ਖਾਣਾ ਫਾਇਦੇਮੰਦ ਹੁੰਦਾ ਹੈ।

**ਦਾਲਾਂ ਤੇ ਫਲੀਆਂ:** ਚਨਾ, ਰਾਜਮਾ, ਮੂੰਗ ਦਾਲ, ਮਾਂਹ ਦੀ ਦਾਲ, ਸੋਇਆਬੀਨ ਤੇ ਮਸਰ ਵਰਗੀਆਂ ਦਾਲਾਂ ਮੈਗਨੀਸ਼ੀਅਮ ਦਾ ਚੰਗਾ ਸੂਤਰ ਹਨ। ਇਹ ਪ੍ਰੋਟੀਨ ਦੇ ਨਾਲ-ਨਾਲ ਖਣਿਜ ਵੀ ਪ੍ਰਦਾਨ ਕਰਦੀਆਂ ਹਨ।

**ਡਾਰਕ ਚਾਕਲੇਟ:** ਕੋਕੋ ਵਾਲੀ ਡਾਰਕ ਚਾਕਲੇਟ 'ਚ ਮੈਗਨੀਸ਼ੀਅਮ ਦੀ ਚੰਗੀ ਮਾਤਰਾ ਹੁੰਦੀ ਹੈ। ਹਾਲਾਂਕਿ, ਇਸਨੂੰ ਸੰਤੁਲਿਤ ਮਾਤਰਾ 'ਚ ਹੀ ਖਾਣਾ ਚਾਹੀਦਾ ਹੈ, ਕਿਉਂਕਿ ਇਸ ਵਿਚ ਕੈਲੋਰੀਜ਼ ਜ਼ਿਆਦਾ ਹੁੰਦੀਆਂ ਹਨ।

**ਕੇਲਾ ਅਤੇ ਐਵੋਕਾਡੋ:** ਕੇਲੇ ਤੇ ਐਵੋਕਾਡੋ ਵਰਗੇ ਫਲਾਂ 'ਚ ਵੀ ਮੈਗਨੀਸ਼ੀਅਮ ਹੁੰਦਾ ਹੈ। ਇਹ ਫਲ ਪੋਟਾਸ਼ੀਅਮ ਤੇ ਫਾਈਬਰ ਦਾ ਵੀ ਚੰਗਾ ਸੋਰਸ ਹਨ।

**ਡੇਅਰੀ ਉਤਪਾਦ:** ਦੁੱਧ, ਦਹੀਂ ਅਤੇ ਪਨੀਰ ਵਰਗੇ ਡੇਅਰੀ ਉਤਪਾਦਾਂ 'ਚ ਵੀ ਮੈਗਨੀਸ਼ੀਅਮ ਹੁੰਦਾ ਹੈ। ਹਾਲਾਂਕਿ, ਇਸ ਦੀ ਮਾਤਰਾ ਹੋਰ ਸਰੋਤਾਂ ਦੇ ਮੁਕਾਬਲੇ ਘੱਟ ਹੁੰਦੀ ਹੈ।

# ਇਹ 6 ਸੰਕੇਤ ਦੱਸਦੇ ਹਨ ਕਿ ਤੁਹਾਨੂੰ ਪੂਰੀ ਨੀਂਦ ਨਹੀਂ ਆ ਰਹੀ

ਨੀਂਦ ਸਾਡੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਬਹੁਤ ਜ਼ਰੂਰੀ ਹੈ। ਇਕ ਬਾਲਗ ਨੂੰ ਹਰ ਰੋਜ਼ 7-8 ਘੰਟੇ ਡੂੰਘੀ ਨੀਂਦ ਲੈਣੀ ਚਾਹੀਦੀ ਹੈ। ਪਰ ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ, ਲੋਕਾਂ ਕੋਲ ਨੀਂਦ ਲਈ ਕਾਫ਼ੀ ਸਮਾਂ ਨਹੀਂ ਹੁੰਦਾ ਜਦੋਂ ਤੁਹਾਨੂੰ ਪੂਰੀ ਨੀਂਦ ਨਹੀਂ ਆਉਂਦੀ, ਤਾਂ ਤੁਹਾਡਾ ਸਰੀਰ ਕਈ ਸੰਕੇਤ (ਸਲੀਪ ਡਿਪ੍ਰੀਵਿਏਸ਼ਨ ਦੇ ਸੰਕੇਤ) ਦਿੰਦਾ ਹੈ, ਜਿਨ੍ਹਾਂ ਦੀ ਪਛਾਣ ਕਰਕੇ, ਤੁਸੀਂ ਸਮੇਂ ਸਿਰ ਇਸ ਸਮੱਸਿਆ ਨੂੰ ਹੱਲ ਕਰ ਸਕਦੇ ਹੋ। ਆਓ ਜਾਣਦੇ ਹਾਂ ਅਜਿਹੇ 6 ਸੰਕੇਤਾਂ ਬਾਰੇ ਜੋ ਦਰਸਾਉਂਦੇ ਹਨ ਕਿ ਤੁਹਾਨੂੰ ਕਾਫ਼ੀ ਨੀਂਦ ਨਹੀਂ ਆ ਰਹੀ ਹੈ। ਅੱਖਾਂ ਦੇ ਹੇਠਾਂ ਕਾਲੇ ਘੇਰੇ ਅਤੇ ਸੋਜ ਜੇਕਰ ਤੁਹਾਡੀਆਂ ਅੱਖਾਂ ਦੇ ਹੇਠਾਂ ਲਗਾਤਾਰ ਕਾਲੇ ਘੇਰੇ ਰਹਿੰਦੇ ਹਨ ਜਾਂ ਤੁਹਾਡੀਆਂ ਅੱਖਾਂ ਸੁੱਜੀਆਂ ਦਿਖਾਈ ਦਿੰਦੀਆਂ ਹਨ, ਤਾਂ ਇਹ ਨੀਂਦ ਦੀ ਕਮੀ ਦਾ ਪਹਿਲਾ ਸੰਕੇਤ ਹੈ।



**ਖ਼ੂਨ ਦਾ ਗੇੜ ਹੁੰਦੈ ਪ੍ਰਭਾਵਿਤ**

ਨੀਂਦ ਦੀ ਘਾਟ ਚਮੜੀ ਵਿਚ ਖ਼ੂਨ ਦੇ ਗੇੜ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਅੱਖਾਂ ਦੇ ਆਲੇ-ਦੁਆਲੇ ਦੀ ਚਮੜੀ ਪਤਲੀ ਹੋ ਜਾਂਦੀ ਹੈ ਅਤੇ ਕਾਲੇ ਧੱਬੇ ਦਿਖਾਈ ਦਿੰਦੇ ਹਨ। ਜੇਕਰ ਤੁਸੀਂ ਸਾਰਾ ਦਿਨ ਥੱਕੇ ਹੋਏ ਮਹਿਸੂਸ ਕਰਦੇ ਹੋ ਜਾਂ ਛੋਟੇ-ਛੋਟੇ ਕੰਮ ਕਰਨ ਵਿਚ ਵੀ ਆਲਸ ਮਹਿਸੂਸ ਕਰਦੇ ਹੋ, ਤਾਂ ਇਹ ਨੀਂਦ ਦੀ ਕਮੀ ਦਾ ਲੱਛਣ ਹੋ ਸਕਦਾ ਹੈ। ਸਹੀ ਨੀਂਦ ਨਾ ਲੈਣ ਨਾਲ ਸਰੀਰ ਦੀ ਊਰਜਾ ਖਤਮ ਹੋ ਜਾਂਦੀ ਹੈ ਅਤੇ ਮਨ ਨੂੰ ਪੂਰਾ ਆਰਾਮ ਨਹੀਂ ਮਿਲ ਸਕਦਾ। ਚਿੜਚਿੜਾਪਨ ਅਤੇ ਮੂਡ ਸਵਿੰਗ ਨੀਂਦ ਦੀ ਘਾਟ ਦਾ ਸਿੱਧਾ ਅਸਰ ਸਾਡੀ ਮਾਨਸਿਕ ਸਿਹਤ 'ਤੇ ਪੈਂਦਾ ਹੈ। ਇਸ ਕਾਰਨ ਵਿਅਕਤੀ ਜਲਦੀ ਗੁੱਸੇ ਹੋਣ ਲੱਗਦਾ ਹੈ, ਚਿੜਚਿੜਾ ਹੋ ਜਾਂਦਾ ਹੈ ਜਾਂ ਉਸਦਾ ਮੂਡ ਵਾਰ-ਵਾਰ ਬਦਲਦਾ ਰਹਿੰਦਾ ਹੈ। ਨੀਂਦ ਦੀ ਘਾਟ ਤਣਾਅ ਨੂੰ ਵਧਾਉਂਦੀ ਹੈ ਅਤੇ ਦਿਮਾਗ ਵਿਚ ਖੁਸ਼ੀ ਦੇ ਹਾਰਮੋਨਜ਼ (ਜਿਵੇਂ ਕਿ ਸੇਰੋਟੋਨਿਨ) ਦਾ ਪੱਧਰ ਡਿੱਗਣਾ ਸ਼ੁਰੂ ਹੋ ਜਾਂਦਾ ਹੈ। ਵਾਰ-ਵਾਰ ਬਿਮਾਰ ਹੋਣਾ ਜੇਕਰ ਤੁਹਾਨੂੰ ਅਕਸਰ ਜ਼ੁਕਾਮ, ਬੁਖ਼ਾਰ ਜਾਂ ਹੋਰ ਇਨਫੈਕਸ਼ਨ ਹੋ ਰਹੇ ਹਨ, ਤਾਂ ਇਹ ਘੱਟ ਨੀਂਦ ਦਾ ਨਤੀਜਾ ਹੋ ਸਕਦਾ ਹੈ। ਨੀਂਦ ਸਾਡੀ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਬਣਾਉਂਦੀ ਹੈ। ਜਦੋਂ ਨੀਂਦ ਪੂਰੀ ਨਹੀਂ ਹੁੰਦੀ, ਤਾਂ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਕਮਜ਼ੋਰ ਹੋ ਜਾਂਦੀ ਹੈ ਅਤੇ ਬਿਮਾਰੀਆਂ ਵਿਅਕਤੀ ਨੂੰ ਆਸਾਨੀ ਨਾਲ ਆਪਣਾ ਸ਼ਿਕਾਰ ਬਣਾ ਲੈਂਦੀਆਂ ਹਨ। ਭਾਰ ਵਧਣਾ ਜਾਂ ਘਟਣਾ ਅਚਾਨਕ ਭਾਰ ਵਧਣਾ ਜਾਂ ਘਟਣਾ ਵੀ ਨੀਂਦ ਦੀ ਕਮੀ ਦਾ ਸੰਕੇਤ ਹੋ ਸਕਦਾ ਹੈ। ਨੀਂਦ ਦੀ ਘਾਟ ਸਰੀਰ ਵਿਚ ਹਾਰਮੋਨਲ ਅਸੰਤੁਲਨ ਪੈਦਾ ਕਰਦੀ ਹੈ, ਜਿਸ ਕਾਰਨ ਭੁੱਖ ਵਧਾਉਣ ਵਾਲਾ ਹਾਰਮੋਨ ਜ਼ਿਆਦਾ ਮਾਤਰਾ ਵਿਚ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਵਿਅਕਤੀ ਜ਼ਿਆਦਾ ਖਾਣਾ ਸ਼ੁਰੂ ਕਰ ਦਿੰਦਾ ਹੈ। ਇਸ ਦੇ ਨਾਲ ਹੀ, ਤਣਾਅ ਦੇ ਕਾਰਨ, ਕੁਝ ਲੋਕਾਂ ਵਿਚ ਭੁੱਖ ਘੱਟ ਜਾਂਦੀ ਹੈ ਅਤੇ ਭਾਰ ਘਟਣਾ ਸ਼ੁਰੂ ਹੋ ਜਾਂਦਾ ਹੈ।

**ਧਿਆਨ ਕੇਂਦਰਿਤ ਕਰਨ ਵਿਚ ਕਮੀ**

ਨੀਂਦ ਦੀ ਘਾਟ ਦਾ ਸਭ ਤੋਂ ਵੱਡਾ ਪ੍ਰਭਾਵ ਦਿਮਾਗ 'ਤੇ ਪੈਂਦਾ ਹੈ। ਇਸ ਨਾਲ ਯਾਦਦਾਸ਼ਤ ਕਮਜ਼ੋਰ ਹੁੰਦੀ ਹੈ, ਧਿਆਨ ਕੇਂਦਰਿਤ ਕਰਨ ਵਿਚ ਮੁਸ਼ਕਲ ਆਉਂਦੀ ਹੈ ਅਤੇ ਫ਼ੈਸਲਾ ਲੈਣ ਦੀ ਸਮਰੱਥਾ ਵੀ ਪ੍ਰਭਾਵਿਤ ਹੁੰਦੀ ਹੈ। ਜੇਕਰ ਤੁਸੀਂ ਆਪਣੇ ਕੰਮ 'ਤੇ ਧਿਆਨ ਕੇਂਦਰਿਤ ਨਹੀਂ ਕਰ ਪਾ ਰਹੇ ਹੋ ਜਾਂ ਛੋਟੀਆਂ-ਛੋਟੀਆਂ ਗੱਲਾਂ ਭੁੱਲਣਾ ਸ਼ੁਰੂ ਕਰ ਦਿੰਦੇ ਹੋ, ਤਾਂ ਇਹ ਨੀਂਦ ਦੀ ਕਮੀ ਦਾ ਸੰਕੇਤ ਹੋ ਸਕਦਾ ਹੈ। ਜੇਕਰ ਤੁਸੀਂ ਰਾਤ ਭਰ ਪਾਸੇ ਬਦਲਦੇ ਰਹਿੰਦੇ ਹੋ, ਤਾਂ ਸਰੀਰ ਵਿਚ ਮੈਗਨੀਸ਼ੀਅਮ ਦੀ ਕਮੀ ਹੋ ਸਕਦੀ ਹੈ, ਇਹ ਭੋਜਨ ਤੁਹਾਨੂੰ ਸ਼ਾਂਤੀ ਨਾਲ ਸੌਣ ਵਿਚ ਮਦਦ ਕਰਨਗੇ।

# ਸਰੀਰ 'ਚ ਹੋਣ ਵਾਲੀ ਆਮ ਸਮੱਸਿਆ ਹੈ ਮੋਢੇ ਦਾ ਦਰਦ

ਮੋਢੇ ਦਾ ਦਰਦ ਸਰੀਰ 'ਚ ਹੋਣ ਵਾਲੀ ਆਮ ਸਮੱਸਿਆ ਹੈ। ਇਹ ਦਰਦ ਪਿੱਠ ਤੇ ਗੋਡਿਆਂ ਦੇ ਦਰਦ ਤੋਂ ਬਾਅਦ ਤੀਜੀ ਸਭ ਤੋਂ ਆਮ ਸ਼ਿਕਾਇਤ ਹੈ। ਆਮ ਤੌਰ 'ਤੇ 7 ਫ਼ੀਸਦੀ ਤੋਂ 30 ਫ਼ੀਸਦੀ ਲੋਕ ਮੋਢੇ ਦੇ ਦਰਦ ਤੋਂ ਪੀੜਤ ਹੁੰਦੇ ਹਨ। ਵੱਧਦੀ ਉਮਰ ਨਾਲ ਇਹ ਜ਼ਿਆਦਾ ਹੁੰਦੀ ਹੈ। ਇਹ ਸਮੱਸਿਆ ਔਰਤਾਂ ਵਿਚ ਵਧੇਰੇ ਹੈ। ਜੇ ਮਰੀਜ਼ ਦਾ ਭਾਰ ਜ਼ਿਆਦਾ ਹੈ ਜਾਂ ਕਿਸੇ ਨੂੰ ਮਾਨਸਿਕ ਤਣਾਅ ਹੋਵੇ, ਤਾਂ ਮੋਢੇ ਦਾ ਦਰਦ ਤੇ ਅਕੜਾਅ ਦਾ ਖ਼ਤਰਾ ਵੱਧ ਜਾਂਦਾ ਹੈ। ਜੇ ਕਿਸੇ ਨੂੰ ਸ਼ੂਗਰ ਹੈ, ਤਾਂ ਵੀ ਮੋਢਿਆਂ 'ਚ ਅਕੜਾਅ ਹੋ ਸਕਦਾ ਹੈ।

ਜ਼ਿਆਦਾ ਸਰੀਰਕ ਕੰਮ ਕਰਨ ਨਾਲ ਵੀ ਮੋਢੇ 'ਚ ਦਰਦ ਅਤੇ ਅਕੜਾਅ ਦੋਵੇਂ ਹੋ ਸਕਦੇ ਹਨ। ਜਿਨ੍ਹਾਂ ਮਰੀਜ਼ਾਂ ਨੂੰ ਓਸਟੀਓਪੋਰੋਸਿਸ (ਹੱਡੀਆਂ ਦੀ ਕਮਜ਼ੋਰੀ) ਹੈ ਜਾਂ ਕਦੇ ਮੋਢੇ 'ਤੇ ਸੱਟ ਲੱਗੀ ਹੋਵੇ, ਤਾਂ ਵੀ ਮੋਢੇ ਦੇ ਦਰਦ ਦਾ ਖ਼ਤਰਾ ਵੱਧ ਜਾਂਦਾ ਹੈ, ਖ਼ਾਸ ਕਰਕੇ 40-60 ਸਾਲ ਦੀ ਉਮਰ ਦੀਆਂ ਔਰਤਾਂ ਵਿਚ। ਮੋਢਿਆਂ ਦਾ ਦਰਦ ਅਕਸਰ ਮਾਸਪੇਸ਼ੀਆਂ, ਟੈਂਡਨ (ਜੋੜਾਂ ਦੇ ਆਲੇ-ਦੁਆਲੇ ਸੁਰੱਖਿਆ ਵਾਲੀ ਪਰਤ) ਵਿਚ ਖ਼ਰਾਬੀ ਹੋਣ ਨਾਲ ਹੁੰਦਾ ਹੈ। ਰੋਟੇਟਰ ਕਫ਼ ਨਾਮਕ ਮਾਸਪੇਸ਼ੀਆਂ ਦਾ ਇਕ ਸਮੂਹ ਮੋਢੇ ਨੂੰ ਸਥਿਰ ਰੱਖਣ 'ਚ ਮਦਦ ਕਰਦਾ ਹੈ।

ਮੋਢੇ ਦੇ ਦਰਦ ਦਾ ਪਤਾ ਮਰੀਜ਼ ਦੀ ਤਕਲੀਫ਼ ਦੀ ਜਾਣਕਾਰੀ ਲੈਣ ਨਾਲ ਅਤੇ ਸਰੀਰਕ ਜਾਂਚ/ਚੈੱਕਅਪ ਕਰਕੇ ਲਗਾਇਆ ਜਾਂਦਾ ਹੈ। ਕੁਝ ਮਾਮਲਿਆਂ ਵਿਚ ਡਾਕਟਰ ਐਕਸ-ਰੇ, ਅਲਟਰਾਸਾਊਂਡ, ਐੱਮਆਰਆਈ ਜਾਂ ਖ਼ੂਨ ਦੀ ਜਾਂਚ ਦਾ ਟੈਸਟ ਵੀ ਕਰਵਾ ਸਕਦੇ ਹਨ।

**ਦਰਦ ਦਾ ਕਾਰਨ**

ਸੁਪਰਾਸਪੀਨੈਟਸ ਟੈਂਡੋਨਾਈਟਿਸ : ਇਹ ਮਾਸਪੇਸ਼ੀਆਂ ਦੇ ਟੈਂਡਨ ਦੀ ਸੋਜ਼ਿਸ਼ ਹੈ ਤੇ ਆਮ ਤੌਰ 'ਤੇ ਉਮਰ ਵਧਣ ਨਾਲ ਹੁੰਦੀ ਹੈ।

**ਬਾਈਸੀਪਿਟਲ ਟੈਂਡੀਨਾਈਟਿਸ:** ਇਸ 'ਚ ਮੋਢੇ ਦੇ ਹੇਠਾਂ ਤਕ ਦਰਦ ਹੁੰਦਾ ਹੈ, ਖ਼ਾਸ ਕਰਕੇ ਜਦੋਂ ਬਾਹਾਂ ਉੱਪਰ ਚੁੱਕੀਆਂ ਜਾਂਦੀਆਂ ਹਨ।

**ਇੰਪਿੰਗਮੈਂਟ ਸਿੰਡਰੋਮ :** ਇਹ ਉਨ੍ਹਾਂ ਲੋਕਾਂ 'ਚ ਹੁੰਦਾ ਹੈ, ਜੋ ਵਾਰ-ਵਾਰ ਆਪਣੀਆਂ ਬਾਹਾਂ ਚੁੱਕਦੇ ਹਨ, ਜਿਵੇਂ ਮਜ਼ਦੂਰ ਜਾਂ ਤੈਰਾਕ।

**ਸੁਪ੍ਰਾਸਪਿਨੈਟਸ ਟੁੱਟਣਾ :** ਮੋਢੇ 'ਤੇ ਗੰਭੀਰ ਸੱਟ ਲੱਗਣ ਕਾਰਨ ਟੈਂਡਨ ਦਾ ਟੁੱਟਣਾ।

**ਸਬਕ੍ਰੋਮੀਅਲ ਬਰਸਾਈਟਿਸ:** ਇਹ ਟੈਂਡਨ ਦੀ ਸੋਜ਼ ਹੈ, ਜਿਸ ਨਾਲ ਦਰਦ ਹੁੰਦੀ ਹੈ।

**ਗਠੀਆ:** ਮੋਢੇ ਦੇ ਜੋੜ ਵਿਚ ਸੋਜ਼ ਅਤੇ ਦਰਦ।

**ਫਰੋਜ਼ਨ ਸ਼ੋਲਡਰ :** ਜਦੋਂ ਮੋਢੇ ਦੀ ਗਤੀ ਸੀਮਤ ਹੋ ਜਾਂਦੀ ਹੈ ਤੇ ਦਰਦ ਹੁੰਦੀ ਹੈ।

**ਹੋਰ ਕਾਰਨ:** ਜਿਵੇਂ ਗਰਦਨ ਵਿਚ ਦਰਦ ਜਾਂ ਦਿਲ ਦਾ ਦੌਰਾ।

**ਇਲਾਜ**

ਮੋਢੇ ਦੇ ਦਰਦ ਦਾ ਇਲਾਜ ਆਰਾਮ, ਦਵਾਈਆਂ (ਜਿਵੇਂ ਐੱਨਐੱਸਏਆਈਡੀ) ਅਤੇ ਫ਼ਿਜ਼ੀਓਥੈਰੇਪੀ ਨਾਲ ਕੀਤਾ ਜਾਂਦਾ ਹੈ। ਜੇ ਇਨ੍ਹਾਂ ਨਾਲ ਰਾਹਤ ਨਹੀਂ ਮਿਲਦੀ, ਤਾਂ ਸਰਜਰੀ ਦੀ ਲੋੜ ਹੋ ਸਕਦੀ ਹੈ। ਫ਼ਿਜ਼ੀਓਥੈਰੇਪੀ ਵਿਚ ਕਸਰਤਾਂ, ਮੈਨੂਅਲ ਥੈਰੇਪੀ ਸ਼ਾਮਿਲ ਹਨ।

**ਫਿਜ਼ੀਓਥੈਰੇਪੀ ਤੇ ਕਸਰਤ**

ਇਸ ਇਲਾਜ ਵਿਚ ਫ਼ਿਜ਼ੀਓਥੈਰੇਪੀ ਤੇ ਕਸਰਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਕਿਉਂਕਿ



ਇਹ ਨਾ ਸਿਰਫ਼ ਦਰਦ ਨੂੰ ਘਟਾਉਂਦੇ ਹਨ ਸਗੋਂ ਮੋਢੇ ਦੀ ਗਤੀਸ਼ੀਲਤਾ ਤੇ ਤਾਕਤ ਨੂੰ ਵੀ ਵਧਾਉਂਦੇ ਹਨ।

**ਕੁਝ ਆਮ ਤਰੀਕੇ**

ਨਹੀਂ ਹੋਣੀ ਚਾਹੀਦੀ ਦਰਦ: ਕਸਰਤ ਕਰਦੇ ਸਮੇਂ ਕੋਈ ਦਰਦ ਨਹੀਂ ਹੋਣੀ ਚਾਹੀਦੀ। ਜੇ ਹਲਕੀ ਜਾਂ ਦਰਮਿਆਨੀ ਦਰਦ ਹੁੰਦੀ ਹੈ (VAS ਸਕੇਲ 'ਚ 4 ਜਾਂ ਉਸ ਤੋਂ ਘੱਟ), ਤਾਂ ਉਸ ਨੂੰ ਸਹਿਣ ਕੀਤਾ ਜਾ ਸਕਦਾ ਹੈ ਪਰ ਇਹ ਦਰਦ 12 ਘੰਟਿਆਂ ਦੇ ਅੰਦਰ ਘੱਟ ਜਾਣੀ ਚਾਹੀਦੀ ਹੈ। ਜੇ ਕਸਰਤ ਦਰਦ ਵਧਾਉਂਦੀ ਹੈ, ਤਾਂ ਤੁਰੰਤ ਰੁਕ ਜਾਓ ਤੇ ਆਰਾਮ ਕਰੋ।

**ਮੋਢੇ ਦੀ ਰੱਖੋ ਸਹੀ ਸਥਿਤੀ:** ਕਸਰਤ ਕਰਦੇ ਸਮੇਂ ਮੋਢੇ ਦੀ ਸਹੀ ਸਥਿਤੀ ਬਣਾਈ ਰੱਖੋ। ਸਰੀਰ ਦੀ ਕੋਈ ਵੀ ਗ਼ਲਤ ਸਥਿਤੀ ਜਾਂ ਪਿੱਠ ਦਾ ਅਸੰਤੁਲਨ ਨਹੀਂ ਹੋਣਾ ਚਾਹੀਦਾ।

**ਸਧਾਰਨ ਤੋਂ ਗੁੰਝਲਦਾਰ ਕਸਰਤ:** ਸਭ ਤੋਂ ਪਹਿਲਾਂ ਸਧਾਰਨ ਤੇ ਬੁਨਿਆਦੀ ਕਸਰਤ ਕਰੋ, ਫਿਰ ਹੌਲੀ-ਹੌਲੀ ਗੁੰਝਲਦਾਰ ਕਸਰਤ ਵੱਲ ਵਧੋ।

**ਹੌਲੀ-ਹੌਲੀ ਘਟਾਓ ਪ੍ਰਤੀਕਿਰਿਆ:** ਕਸਰਤ ਕਰਦੇ ਸਮੇਂ ਸਰੀਰ ਦੀ ਪ੍ਰਤੀਕਿਰਿਆ ਹੌਲੀ-ਹੌਲੀ ਘਟਾਈ ਜਾਣੀ ਚਾਹੀਦੀ ਹੈ, ਤਾਂ ਜੋ ਇਹ ਵਧੇਰੇ ਸਵੈਚਾਲਿਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਹੋ ਸਕੇ।

**ਹੌਲੀ ਤੋਂ ਤੇਜ਼ ਵੱਲ ਜਾਓ:** ਪਹਿਲਾਂ ਹੌਲੀ ਰਫ਼ਤਾਰ ਨਾਲ ਕਸਰਤ ਸ਼ੁਰੂ ਕਰੋ, ਫਿਰ ਹੌਲੀ-ਹੌਲੀ ਇਸ ਦੀ ਗਤੀ ਤੇ ਮੁਸ਼ਕਲ ਨੂੰ ਵਧਾਓ।

**ਘੱਟ ਰੱਖੋ ਗਿਣਤੀ:** ਕਸਰਤਾਂ ਦੀ ਗਿਣਤੀ ਜ਼ਿਆਦਾ ਨਹੀਂ ਹੋਣੀ ਚਾਹੀਦੀ। ਯਾਦ ਰੱਖੋ ਕਿ ਗਿਣਤੀ ਛੋਟੀ ਹੋਣੀ ਚਾਹੀਦੀ ਹੈ ਪਰ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ।

**ਖ਼ੁਰਾਕ ਤੇ ਪ੍ਰਗਤੀ:** ਹਰ ਕਸਰਤ ਦਾ ਵੱਖਰਾ ਟੀਚਾ ਹੁੰਦਾ ਹੈ ਅਤੇ ਇਸ ਨੂੰ ਮਰੀਜ਼ ਦੀ ਵਿਅਕਤੀਗਤ ਸਥਿਤੀ ਅਨੁਸਾਰ ਐਡਜਸਟ ਕੀਤਾ ਜਾਣਾ ਚਾਹੀਦਾ ਹੈ।

**ਮੋਢੇ ਦੇ ਮੁਲਾਂਕਣ ਦੇ ਆਧਾਰ 'ਤੇ ਇਲਾਜ:** ਫ਼ਿਜ਼ੀਓਥੈਰੇਪੀ ਇਲਾਜ ਮੋਢੇ ਦੀਆਂ ਖ਼ਾਸ ਸਮੱਸਿਆਵਾਂ ਤੇ ਮੁਲਾਂਕਣ 'ਤੇ ਅਧਾਰਿਤ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਢਾਂਚਾਗਤ ਵਿਗਾੜ 'ਤੇ।

**ਸਰਗਰਮ ਕਸਰਤਾਂ ਮੁੱਖ ਤਰੀਕਾ:** ਮੋਢੇ ਦੇ ਦਰਦ ਦੇ ਇਲਾਜ 'ਚ ਸਰਗਰਮ ਕਸਰਤਾਂ ਨੂੰ ਮੁੱਖ ਤਰੀਕਾ ਮੰਨਿਆ ਜਾਂਦਾ ਹੈ।

**ਨਿਯਮਿਤ ਮੁੜ ਮੁਲਾਂਕਣ:** ਮੋਢੇ ਦੇ ਦਰਦ ਦੇ ਇਲਾਜ ਦੌਰਾਨ ਮਰੀਜ਼ ਦੀ ਸਥਿਤੀ ਦਾ ਸਮੇਂ-ਸਮੇਂ 'ਤੇ ਮੁੜ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ।

ਇਨ੍ਹਾਂ ਸਿਧਾਂਤਾਂ ਨੂੰ ਧਿਆਨ 'ਚ ਰੱਖਦਿਆਂ ਮੋਢੇ ਦੇ ਦਰਦ ਦੇ ਇਲਾਜ ਲਈ ਕਸਰਤਾਂ ਦੀ ਯੋਜਨਾ ਬਣਾਈ ਜਾਣੀ ਚਾਹੀਦੀ ਹੈ, ਤਾਂ ਜੋ ਮਰੀਜ਼ ਨੂੰ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਇਲਾਜ ਮਿਲ ਸਕੇ।

ਮੋਢਿਆਂ ਦੀ ਤਾਕਤ ਤੇ ਲਚਕਤਾ ਵਧਾਉਣ ਲਈ ਫ਼ਿਜ਼ੀਓਥੈਰੇਪੀ ਦੇ ਨਾਲ-ਨਾਲ ਨਿਯਮਿਤ ਕਸਰਤ ਤੇ ਸਹੀ ਢੰਗ ਨਾਲ ਕਸਰਤ ਕਰਨੀ ਜ਼ਰੂਰੀ ਹੈ। ਪੀ. ਜੀ. ਆਈ. ਚੰਡੀਗੜ੍ਹ ਦੇ ਆਰਥੋਪੈਡਿਕਸ ਵਿਭਾਗ ਵਿਖੇ ਰੋਟੇਟਰ ਕਫ਼ ਦੀ ਮੁਰੰਮਤ ਤੋਂ ਬਾਅਦ ਪੋਸਟ-ਅਪ ਫ਼ਿਜ਼ੀਓਥੈਰੇਪੀ 'ਤੇ ਖੋਜ ਚੱਲ ਰਹੀ ਹੈ। ਓਪੀਡੀ 'ਚ ਆਉਣ ਵਾਲੇ ਸਾਰੇ ਮੋਢੇ ਦੇ ਮਰੀਜ਼ਾਂ ਦਾ ਪਹਿਲਾਂ ਟੀਮ ਵੱਲੋਂ ਮੁਲਾਂਕਣ ਕੀਤਾ ਜਾਂਦਾ ਹੈ ਤੇ ਫਿਰ ਮੁਲਾਂਕਣ ਤੋਂ ਬਾਅਦ ਮੋਢੇ ਦਾ ਪ੍ਰਬੰਧਨ (ਦਵਾਈਆਂ/ ਫ਼ਿਜ਼ੀਓਥੈਰੇਪੀ/ ਸਰਜਰੀ) ਕੀਤਾ ਜਾਂਦਾ ਹੈ।

– ਡਾ. ਅਜੀਤ ਕੁਮਾਰ

## ਕਹਾਣੀ

# ਜੱਸਾ ਤੇ ਮਿੱਠੂ

ਡਾਕਟਰ ਅਜੀਤ ਸਿੰਘ ਕੋਟਕਪੂਰਾ



ਮੋਟੇ ਜਿਹੇ ਢਿੱਡ ਵਾਲੇ ਸਿਪਾਹੀ ਨੇ ਮੂੰਹ ਵਿਚ ਸਿਗਰਟ ਲਾਈ ਹੋਈ ਸੀ ਤੇ ਉਸ ਨੇ ਮੇਰੇ ਉਤੇ ਰੋਅਬ ਝਾੜਨ ਲਈ ਮੈਨੂੰ ਜ਼ੋਰ ਨਾਲ ਧੱਕਾ ਮਾਰਿਆ ਅਤੇ ਮੈਂ ਸਾਹਮਣੀ ਕੰਧ ਵਿਚ ਵਜਦਾ ਵਜਦਾ ਮਸਾਂ ਹੀ ਬਚਿਆ। ਮੈਂ ਉਸ ਵੱਲ ਗੁਸੇ ਨਾਲ ਵੇਖਿਆ ਤਾਂ ਉਹ ਮੁਸਕਰਾਉਂਦਾ ਹੋਇਆ ਮੇਰੇ ਵਲ ਝਾਕਣ ਲੱਗਾ। ਮੈਂ ਆਪਣੀ ਕਮੀਜ਼ ਨੂੰ ਠੀਕ ਕਰਦਾ ਹੋਇਆ ਮੂੰਹ ਵਿਚ ਗੁਣਗੁਣਾਇਆ ਤੇ ਆਪਣੇ ਵਲੋਂ ਇੱਕ ਮੋਟੀ ਜਿਹੀ ਗਾਲ਼ ਉਸ ਨੂੰ ਕੱਢੀ ਜੋ ਸ਼ਾਇਦ ਉਸ ਨੂੰ ਸੁਣੀ ਨਹੀਂ ਸੀ ਅਤੇ ਮੈਂ ਵੀ ਸੁਣਾਉਣ ਲਈ ਨਹੀਂ ਕੱਢੀ ਸੀ ਅਤੇ ਕੇਵਲ ਆਪਣੇ ਮਨ ਦਾ ਗੁਸਾ ਹੀ ਕੱਢਿਆ ਸੀ। ਜਦੋਂ ਮੈਂ ਕੋਠੜੀ ਦਾ ਮੁਆਇਨਾ ਕੀਤਾ ਤਾਂ ਦੇਖਿਆ ਕਿ ਕੰਧ ਵੱਲ ਮੂੰਹ ਕਰ ਕੇ ਕੋਈ ਪੁਰਾਣਾ ਜਿਹਾ ਕੰਬਲ ਲੈ ਕਿ ਲੇਟਿਆ ਹੋਇਆ ਸੀ। ਕੰਬਲ ਵਿਚ ਕਾਫੀ ਮੋਰੀਆਂ ਸਨ ਜੋ ਸਾਫ ਨਜ਼ਰ ਆ ਰਹੀਆਂ ਸਨ। ਮੇਰੇ ਪੈਰਾਂ ਦਾ ਖੜਾਕ ਸੁਣ ਉਸ ਨੇ ਕੰਬਲ ਮੂੰਹ ਤੋਂ ਲਾਹ ਕੇ ਮੇਰੇ ਵੱਲ ਨਜ਼ਰ ਘੁਮਾਈ ਤੇ ਫੇਰ ਆਪਣਾ ਮੂੰਹ ਢੱਕ ਕੇ ਲੇਟ ਗਿਆ। ਮੇਰਾ ਉਸ ਨੂੰ ਬੁਲਾਣ ਦਾ ਮਨ ਕੀਤਾ ਪ੍ਰੰਤੂ ਮੈਂ ਵੀ ਘੇਸਲ ਵੱਟ ਗਿਆ ਤੇ ਸੋਚਿਆਂ ਕੇ ਆਪਾਂ ਕੇਹੜਾ ਇਥੇ ਯਾਰਾਂ ਨੂੰ ਮਿਲਣ ਆਏ ਹਾਂ। ਥੋੜੀ ਦੇਰ ਬਾਅਦ ਮੈਂ ਵੀ ਨੁੱਕਰ ਵਿਚ ਸੁਤੇ ਹੋਏ ਕੰਬਲ ਨੂੰ ਚੁੱਕਿਆ ਉਸ ਨੂੰ ਝਾੜਿਆ ਤੇ ਉਤੇ ਲੈ ਕੇ ਲੇਟ ਗਿਆ। ਮੋਰੀਆਂ ਮੇਰੇ ਵਾਲੇ ਕੰਬਲ ਵਿਚ ਮੇਰੇ ਰੂਮ ਮੇਟ ਨਾਲੋਂ ਕੋਈ ਇੱਕ ਦੋ ਘਟ ਵੱਧ ਹੋਣਗੀਆਂ। ਮੈਂ ਕੋਈ ਪ੍ਰਵਾਹ ਨਾ ਕੀਤੀ ਤੇ ਛੇਤੀ ਹੀ ਮੈਂ ਨੀਂਦ ਦੀ ਗੋਦ ਵਿਚ ਜਾ ਪਿਆ।

ਜਦੋਂ ਸਵੇਰ ਵੇਲੇ ਅੱਖ ਖੁਲੀ ਕਿ ਮੇਰਾ ਰੂਮ ਮੇਟ ਪਹਿਲਾਂ ਹੀ ਉਠਿਆ ਹੋਇਆ ਸੀ ਤੇ ਮੇਰੇ ਵਲ ਝਾਕ ਰਿਹਾ ਸੀ ਤੇ ਸ਼ਾਇਦ ਅੰਦਾਜ਼ਾ ਲਾ ਰਿਹਾ ਸੀ ਕਿ ਮੈਂ ਕਿਸ ਗੱਲ ਕਰਕੇ ਉਸ ਦਾ ਜੇਲ੍ਹ ਸਾਥੀ ਬਣਿਆ ਸੀ। ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਸਵਾਲ ਕਰਦਾ ਕਿ ਭਾਅ ਜੀ ਇਥੇ ਕਿਵੇਂ। ਉਸ ਨੇ ਝੱਟ ਮੇਰੇ ਤੇ ਸਵਾਲ ਕੀਤਾ ਕਿ ਕਾਕਾ ਆਪਾਂ ਕਿਵੇਂ ਇਹਨਾਂ ਦੇ ਅੜਿਕੇ ਚੜ੍ਹ ਗਏ। ਆਪਾਂ ਆਪਣੀ ਛਾਤੀ ਚੌੜੀ ਕਰਕੇ ਪੂਰੀ ਟੋਹਰ ਨਾਲ ਦੱਸਿਆ ਕਿ ਮੈਂ ਜਦੋਂ ਆਪਣੇ ਘਰ ਵੱਲ ਜਾ ਰਿਹਾ ਸੀ ਅਤੇ ਨਸ਼ੇ ਵਿਚ ਟੱਲੀ ਸੀ। ਦੋ ਬੰਦੇ ਸਕੂਟਰ ਤੇ ਮੇਰੇ ਕੋਲੋਂ ਲੰਘੇ ਉਨ੍ਹਾਂ ਨੇ ਖੰਗੂਰਾ ਮਾਰਿਆ। ਮੈਂ ਝੱਟ ਉਨ੍ਹਾਂ ਨੂੰ ਗਾਲ਼ ਕਢੀ। ਉਨ੍ਹਾਂ ਨੇ ਸਕੂਟਰ ਰੋਕ ਲਿਆ ਤੇ ਲੜਨ ਲਈ ਤਿਆਰ ਹੋ ਗਏ। ਮੈਂ ਵੀ ਆਪਣਾ ਤੇਜ਼ ਹਥਿਆਰ ਕੱਢਿਆ, ਜਿਹੜਾ ਮੈਂ ਹਮੇਸ਼ਾਂ ਆਪਣੇ ਕੋਲ ਰੱਖਦਾ ਸੀ, ਉਸ ਹਥਿਆਰ ਨੂੰ ਵਰਤਿਆ ਤੇ ਦੋਵੇਂ ਥਾਏਂ ਢੇਰੀ ਕਰ ਦਿਤੇ। ਉਥੋਂ ਭੱਜਣ ਦਾ ਵਿਚਾਰ ਬਣਾ ਰਿਹਾ ਸੀ ਕਿ ਲੋਕਾਂ ਨੇ ਮੈਨੂੰ ਫੜ ਲਿਆ। ਮੇਰੇ ਤੋਂ ਪੁੱਛਣ ਲਗੇ ਕਿ ਕੀ ਹੋਇਆ ਹੈ। ਨਸ਼ੇ ਵਿਚ ਹੋਣ ਕਰਕੇ ਤੇ ਉਨ੍ਹਾਂ ਦੋਵਾਂ ਨੂੰ ਖਤਮ ਹੋਇਆ ਦੇਖ ਮੈਂ ਘਬਰਾ ਗਿਆ ਤੇ ਕੁਝ ਵੀ ਨਾ ਬੋਲ ਸਕਿਆ। ਕਿਸੇ ਨੇ ਪੁਲਿਸ ਨੂੰ ਫੋਨ ਕਰ ਦਿਤਾ ਤੇ ਉਹ ਮੈਨੂੰ ਫੜ ਕੇ ਇਥੇ ਤੇਰੇ ਨਾਲ ਕੋਠੜੀ ਵਿਚ ਸੁੱਟ ਗਿਆ ਤੇ ਮੈਂ ਨਸ਼ੇ ਦੀ ਲੋਰ ਵਿਚ ਹੀ ਸੌਂ ਗਿਆ। ਉਠਿਆ ਤਾਂ ਸਿਰ ਦੁੱਖ ਰਿਹਾ ਸੀ। ਜਦੋਂ ਮੈਂ ਨਜ਼ਰ ਘੁਮਾਈ ਤਾਂ ਤੈਨੂੰ ਦੇਖਿਆ। ਮੈਂ ਸੋਚਿਆ ਕਿ ਕੋਈ ਸਾਥੀ ਤਾਂ ਮਿਲਿਆ। ਜੇਲ੍ਹ ਦੀ ਜ਼ਿੰਦਗੀ ਦਾ ਸਮਾਂ ਅਸਾਨ ਹੋ ਜਾਵੇਗਾ ਅਤੇ ਚੰਗਾ ਲੰਘੇਗਾ। ਹੁਣ ਤੁਸੀਂ ਦੱਸੋ ਕਿ ਇਥੇ ਕਿਵੇਂ ਆਉਣਾ ਹੋਇਆ।

ਮੇਰੇ ਸਵਾਲ ਦੇ ਜੁਆਬ ਵਿਚ ਉਹ ਬੋਲਿਆ ਕਿ ਮੇਰਾ ਤਾਂ ਸੜਕ ਦੇ ਕਿਨਾਰੇ ਇਕ ਢਾਬਾ ਸੀ। ਸਾਰਾ ਦਿਨ ਢਾਬੇ ਤੇ ਭੀੜ ਰਹਿੰਦੀ ਸੀ। ਬਸਾਂ ਵੀ ਮੇਰੇ ਢਾਬੇ ਤੇ ਰੁਕ-ਦੀਆਂ ਸਨ ਸਵਾਰੀਆਂ ਚਾਹ ਨਾਸ਼ਤਾ ਤੇ ਲੰਚ ਆਦਿ ਮੇਰੇ ਢਾਬੇ ਤੇ ਲੈਂਦੀਆਂ ਸਨ ਡ੍ਰਾਈਵਰ,ਕੰਡਕਟਰ ਤੋਂ ਕਦੇ ਪੈਸੇ ਨਹੀਂ ਲੈਂਦਾ ਸੀ ਸਗੋਂ ਉਨ੍ਹਾਂ ਨੂੰ ਕੁਝ ਕਮਿਸ਼ਨ ਦੇ ਦਿਆ ਕਰਦਾ ਸੀ ਤੇ ਉਹ ਰੋਜ਼ਾਨਾ ਹੀ ਮੇਰੇ ਢਾਬੇ ਤੇ ਬਸ ਰੋਕ ਮੇਰੀ ਚੰਗੀ ਵਿਕਰੀ ਕਰਵਾ ਦਿੰਦੇ ਸੀ। ਸ਼ਾਮ ਤੋਂ ਰਾਤ ਤਕ ਟਰੱਕਾਂ ਵਾਲਿਆਂ ਦੀ ਭੀੜ ਰਹਿੰਦੀ ਸੀ। ਟਰੱਕਾਂ ਵਾਲੇ ਛਿੱਟ ਲਾ ੰਦੇ ਰੋਟੀ ਖਾਂਦੇ ਤੇ ਥੋੜਾ ਸੁਸਤਾ ਕੇ ਅੱਗੇ ਵੱਲ ਚਾਲੇ ਪਾ ਦਿੰਦੇ ਸਨ। ਇੱਕ ਦਿਨ ਅਚਾਨਕ ਢਾਬੇ ਦੇ ਉਪਰ ਪੁਲਿਸ ਨੇ ਛਾਪਾ ਮਾਰਿਆ। ਟਰੱਕਾਂ ਵਾਲੇ ਤਾਂ ਪੁਲਿਸ ਨੂੰ ਦੇਖ ਆਸੇ ਪਾਸੇ ਹੋ ਗਏ। ਟਰੱਕਾਂ ਦੀ ਤਲਾਸ਼ੀ ਹੋਈ ਤੇ ਢਾਬੇ ਦੀ ਵੀ ਤਲਾਸ਼ੀ ਹੋਈ। ਢਾਬੇ ਦੇ ਮੰਜੇ ਥਲੋਂ 20 ਕਿਲੋ ਚਰਸ ਪਕੜੀ ਗਈ। ਮੈਂ ਤਾਂ ਚਰਸ ਕਦੇ ਦੇਖੀ ਵੀ ਨਹੀਂ ਸੀ। ਇਸ ਤੋਂ ਪਹਿਲਾਂ ਕਿ ਮੈਂ ਆਪਣੀ ਸਫਾਈ ਵਿਚ ਕੁਝ ਆਖਦਾ। ਪੁਲਿਸ ਨੇ ਮੈਨੂੰ ਵੀ ਫੜ ਕੇ ਇਸ ਕੋਠੜੀ ਵਿਚ ਲਿਆ ਸੁਟਿਆ। ਹੁਣ ਤੇਰਾ ਸਾਥ ਮਿਲ ਗਿਆ ਹੈ। ਗੱਲਾਂ ਬਾਤਾਂ ਵਿਚ ਸਮਾਂ ਲੰਘ ਜਾਵੇਗਾ। ਖਾਣਾ ਵਗੈਰਾ ਤਾਂ ਇਥੇ ਘਟੀਆ ਹੀ ਹੁੰਦਾ ਹੈ। ਪ੍ਰੰਤੂ ਜਦੋਂ ਇਹਨਾਂ ਦਾ ਕੁੱਕ ਭੱਜ ਗਿਆ ਤਾਂ ਹੁਣ ਮੈਂ ਹੀ ਇਹਨਾਂ ਦਾ ਕੁੱਕ ਹਾਂ ਤੇ ਹੁਣ ਮੈਂ ਤੈਨੂੰ ਵੀ ਨਾਲ ਲੈ ਜਾਇਆ ਕਰਾਂਗਾ ਤੇ ਆਪਾਂ ਰਲ ਕੇ ਕੁਕਿੰਗ ਕਰ ਲਵਾਂਗੇ ਤੇ ਮੌਜ ਨਾਲ ਮਰਜ਼ੀ ਦਾ ਖਾਵਾਂਗੇ। ਪੁਲਿਸ ਵਾਲੇ ਨਸ਼ਾ ਕਰਦੇ ਹਨ ਉਥੋਂ ਮੈਂ ਤੇਰਾ ਡੰਗ ਵੀ ਸਾਰ ਦਿਆ ਕਰਾਂਗਾ। ਨਸ਼ੇ ਦਾ ਫਿਕਰ ਕਰਨ ਦੀ ਲੋੜ ਨਹੀਂ ਹੈ। ਇਸ ਤਰਾਂ ਢਾਬੇ ਵਾਲੇ ਜੱਸੇ ਦੀ ਅਤੇ ਨਸ਼ੇ ਕਰਨ ਵਾਲੇ ਮਿੱਠੂ ਦੀ ਦੋਸਤੀ ਹੋ ਗਈ। ਉਹ ਦਿਨ ਵੇਲੇ ਕੁਕਿੰਗ ਦਾ ਕੰਮ ਕਰਦੇ ਤੇ ਚੰਗਾ ਖਾ ਕੇ ਆ ੰਦੇ ਤੇ ਰਾਤ ਨੂੰ ਮਸ਼ਕਰੀਆਂ ਕਰ ਕੇ ਸੌਂ ਜਾਇਆ ਕਰਦੇ ਸਨ।

ਇਕ ਦਿਨ ਮਿੱਠੂ ਤੇ ਜੱਸਾ ਗੱਲਾਂ ਕਰ ਰਹੇ ਸਨ ਤਾਂ ਮਿੱਠੂ ਕਹਿਣ ਲੱਗਾ ਲੈ ਮੈਂ ਤੈਨੂੰ ਇਕ ਵਾਰਤਾ ਦਸਦਾ ਹਾਂ। ਇੱਕ ਵਾਰ ਇੱਕ ਸ਼ਹਿਰ ਵਿਚ ਚਾਰ ਭਾਈ ਵਸਦੇ ਸਨ ਤੇ ਇਕ ਭਾਈ ਦੂਜਿਆਂ ਨਾਲੋਂ ਵੱਖਰੀ ਕਿਸਮ ਦਾ ਸੀ ਉਹ ਕੋਈ ਵੀ ਕੰਮ ਕਰ ਕੇ ਰਾਜ਼ੀ ਨਹੀਂ ਸੀ। ਉਸ ਦੇ ਭਰਾਵਾਂ ਨੇ ਉਸ ਨੂੰ ਇਕ ਲੰਗੜੀ ਘੋੜੀ ਤੇ ਇੱਕ ਕੱਚਾ ਕੋਠਾ ਦੇ ਕੇ ਵੱਖਰਾ ਕਰ ਦਿਤਾ ਤੇ ਆਪ ਤਿੰਨਾਂ ਨੇ ਤਿੰਨ ਘੋੜੇ ਰੱਖ ਲੈ। ਜਦੋਂ ਹੁਣ ਉਸ ਦੇ ਸਿਰ ਤੇ ਪਈ ਤਾਂ ਉਹ ਕਮਾਈ ਕਰਨ ਲਈ ਟੁਰ ਪਿਆ। ਚਲਦਾ ਚਲਦਾ ਦੂਰ ਕਿਸੇ ਵੱਡੇ ਸਾਰੇ ਸ਼ਾਹੂਕਾਰ ਕੋਲ ਨੌਕਰ ਹੋ ਗਿਆ। ਉਹ ਦਿਨ ਰਾਤ ਮੇਹਨਤ ਕਰਨ ਲੱਗ ਪਿਆ ਤੇ ਮਜ਼ਦੂਰੀ ਲੈ ਕੇ ਆਟੇ ਦਾ ਪੇੜਾ ਕਰ ਉਸ ਵਿਚ ਸਿੱਕਾ ਪਾ ਕੇ ਆਪਣੀ ਘੋੜੀ ਨੂੰ ਖਵਾ ਦਿੰਦਾ ਸੀ। ਇਸ ਤਰਾਂ ਉਹ ਆਪਣੀ ਮਜ਼ਦੂਰੀ ਦੀ ਰਕਮ ਇਕੱਠੀ ਕਰ ਰਿਹਾ ਸੀ ਅਤੇ ਸਾਰੇ ਉਸ ਦੀ ਪ੍ਰਸੰਸਾ ਕਰਦੇ ਸਨ ਉਹ ਇਕ ਨੇਕ ਤਬੀਅਤ ਦਾ ਨੌਕਰ ਹੈ। ਇਸ ਤਰਾਂ ਉਸ ਨੂੰ ਕਈ ਮਹੀਨੇ ਲੰਘ ਗਏ। ਉਸ ਦਾ ਮਨ ਆਪਣੇ ਜ਼ਾਲਿਮ ਭਰਾਵਾਂ ਲਈ ਉਚਾਟ ਹੋ ਗਿਆ। ਉਹ ਆਪਣੇ ਮਾਲਕ ਤੋਂ ਛੁਟੀ ਲੈ ਆਪਣੇ ਭਰਾਵਾਂ ਨੂੰ ਮਿਲਣ ਲਈ ਚਲ ਪਿਆ। ਦਿਨ ਦੇ ਸਮੇਂ ਜਦੋਂ ਉਸ ਦੇ ਭਾਈ ਉਸ ਨੂੰ ਮਿਲਣ ਲਈ ਆਏ ਤਾਂ ਉਹ ਲੋਹੇ ਦੀ ਲੱਠ ਨਾਲ ਘੋੜੀ ਨੂੰ ਕੁੱਟਣ ਲਗਾ। ਜਿਤਨੀ ਵਾਰ ਉਹ ਘੋੜੀ ਨੂੰ ਮਾਰਦਾ ਸੀ ਉਤਨੀ ਵਾਰ ਘੋੜੀ ਦੇ ਮੂੰਹ ਵਿਚ ਸਿਕੇ ਡਿਗਦੇ ਸਨ। ਉਸ ਦੇ ਭਾਈ ਇਹ ਦੇਖ ਉਸ ਨਾਲ ਹੋਰ ਈਰਖਾ ਕਰਨ ਲੱਗੇ। ਉਨ੍ਹਾਂ ਨੇ ਉਸ ਦੀ ਲੋਹੇ ਦੀ ਲੱਠ ਚੋਰੀ ਕਰ ਲਈ ਅਤੇ ਆਪਣੇ ਘੋੜਿਆਂ ਤੇ ਅਜ਼ਮਾਇਸ਼ ਕਰਨ ਲੱਗੇ ਇਸ ਤਰਾਂ ਉਨ੍ਹਾਂ ਨੇ ਆਪਣੇ ਪਸ਼ੂ ਜ਼ਖਮੀ ਕਰ ਲਏ ਕਿਸੇ ਦੀ ਕੰਡ ਤੋੜ ਦਿਤੀ ਕਿਸੇ ਦੇ ਜ਼ਖਮ ਕਰ ਦਿਤੇ ਪਰ ਸਿਕੇ ਉਹਨਾਂ ਨੂੰ ਨਾ ਹੀ ਮਿਲੇ।

ਉਨ੍ਹਾਂ ਨੇ ਆਪਣੇ ਭਰਾ ਨਾਲ ਗੁੱਸੇ ਹੋ ਕੇ ਉਸ ਦੀ ਕੋਠੜੀ ਨੂੰ ਅੱਗ ਲਾ ਦਿਤੀ। ਉਸ ਵਿਚਾਰੇ ਨੇ ਸਾਰੀ ਸੁਆਹ ਇਕੱਠੀ ਕਰ ਲਈ ਤੇ ਇੱਕ ਬੋਰੀ ਵਿਚ ਪਾ ਆਪਣੀ ਖੋਤੀ ਤੇ ਲੱਦ ਲਈ ਤੇ ਤੁਰ ਪਿਆ। ਹਾਲੇ ਥੋੜੀ ਦੂਰ ਹੀ ਗਿਆ ਸੀ ਇਕ ਬੁੱਢਾ ਜੋ ਆਪਣੇ ਪੋਤਰਿਆਂ ਨਾਲ ਜਾ ਰਿਹਾ ਸੀ ਨੇ ਉਸ ਨੂੰ ਕਿਹਾ ਕਿ ਬੱਚਿਆਂ ਨੂੰ ਘੋੜੀ ਉਪਰ ਬਿਠਾ ਲੈ। ਅਸੀਂ ਸੌਖੇ ਘਰ ਅਪੜ ਜਾਵਾਂਗੇ ਤੇ ਰੱਬ ਤੇਰਾ ਭਲਾ ਕਰੇਗਾ।

ਬਾਬਾ ਜੀ ਮੈਂ ਚੜਾਅ ਤਾਂ ਲਵਾਂ ਪਰ ਮੇਰਾ ਇਸ ਬੋਰੀ ਵਿਚ ਕੀਮਤੀ ਸਮਾਨ ਹੈ ਅਤੇ ਜੇ ਕਰ ਬੱਚੇ ਜ਼ੋਰ ਦੀ ਹੱਸ ਪਏ ਜਾਂ ਇਹ ਬੱਚੇ ਰੋਣ ਲੱਗ ਪਏ ਤਾਂ ਮੇਰਾ ਨੁਕਸਾਨ ਹੋ ਜਾਵੇਗਾ।

ਬਾਬਾ ਬੋਲਿਆ ਕਿ ਕੋਈ ਨਹੀਂ ਪੁੱਤ ,ਬੱਚਿਆਂ ਤੋਂ ਕੀਮਤੀ ਕੁਝ ਨਹੀਂ ਹੁੰਦਾ। ਜੇ ਕਰ ਬੱਚੇ ਰੋ ਪਏ ਜਾਂ ਹੱਸ ਪੈ ਤਾਂ ਮੈਂ ਤੇਰਾ ਹੋਇਆ ਨੁਕਸਾਨ ਪੂਰਾ ਕਰ ਦੇਵਾਂਗਾ। ਉਸ ਨੇ ਬੱਚਿਆਂ ਨੂੰ ਬੋਰੀ ਦੇ ਉਪਰ ਹੀ ਬਿਠਾ ਲਿਆ। ਹਾਲੇ ਥੋੜੀ ਦੂਰ ਹੀ ਗਿਆ ਸੀ ਕਿ ਲੰਗੜੀ ਘੋੜੀ ਇਕ ਟੋਏ ਵਿਚ ਡਿਗਦੀ ਡਿਗਦੀ ਮਸਾਂ ਹੀ ਬਚੀ। ਬੱਚੇ ਡਰ ਗਏ ਅਤੇ ਡਰ ਕਾਰਨ ਉੱਚੀ ਉੱਚੀ ਰੋਣ ਕੁਰਲਾਣ ਲੱਗੇ। ਇਸ ਤੇ ਖੋਤੀ ਵਾਲਾ ਵੀ ਉੱਚੀ ਉੱਚੀ ਰੌਲਾ ਪਾਉਣ ਲੱਗਾ। ਹਾਏ ! ਮੈਂ ਤਾਂ ਲੁਟਿਆ ਗਿਆ ਮੇਰਾ ਤਾਂ ਸਾਰਾ ਕੁਝ ਸਵਾਹ ਹੋ ਗਿਆ ਹੈ। ਬੱਚਿਆਂ ਨੂੰ ਥਲੇ ਉਤਾਰ ਉਸ ਨੇ ਬਾਬੇ ਨੂੰ ਦਿਖ-ਾਇਆ ਕਿ ਬੋਰੀ ਵਿਚ ਸਵਾਹ ਸੀ।

ਬਾਬਾ ਬੋਲਿਆ,ਵੇ ਚੁੱਪ ਕਰ ਜਾ। ਇਸ ਵਿਚ ਕੀ ਸੀ ਜੋ ਹੁਣ ਸਵਾਹ ਬਣ ਗਿਆ ਹੈ। ਉਸ ਨੇ ਬੋਰੀ ਦੀ ਇੱਕ ਨੁੱਕਰ ਵਿਚ ਹੱਥ ਮਾਰ ਕੇ ਦਿਖਾਇਆ ਕਿ ਇਸ ਵਿਚ ਤਾਂ ਸਿਕੇ ਸਨ ਜੋ ਹੁਣ ਸਵਾਹ ਹੋ ਗਏ ਹਨ। ਜਦੋਂ ਬਾਬੇ ਨੇ ਬੋਰੀ ਵਿਚ ਹੱਥ ਮਾਰ ਕੇ ਦੇਖਿਆ ਸਾਰੇ ਪਾਸੇ ਸਵਾਹ ਸੀ। ਦੇਖ ਬਾਬਾ ਤੇਰੇ ਨਿਆਣਿਆਂ ਨੇ ਚੀਕ ਚਿਹਾੜਾ ਪਾ ਕੇ ਸਾਰਾ ਕੁਝ ਸਵਾਹ ਕਰ ਦਿਤਾ ਹੈ।

ਬਾਬਾ ਬੋਲਿਆ ਚਲ ਪੁੱਤ ਚੁੱਪ ਕਰ ਜਾ ਮੈਂ ਘਰ ਜਾ ਕੇ ਤੇਰਾ ਨੁਕਸਾਨ ਪੂਰਾ ਕਰ ਦੇਵਾਂਗਾ। ਉਹ ਬਾਬੇ ਨਾਲ ਉਸ ਦੇ ਘਰ ਪੁੱਜਾ। ਬਾਬੇ ਨੇ ਉਸ ਨੂੰ ਕੁਝ ਸਿਕੇ ਦਿਤੇ ਜਿਸ ਨਾਲ ਉਸ ਦੀ ਬੋਰੀ ਸਿੱਕਿਆਂ ਨਾਲ ਭਰ ਗਈ। ਜਦੋਂ ਉਹ ਪਿੰਡ ਵਾਪਿਸ ਆਇਆ ਤਾਂ ਉਸ ਨੇ ਆਪਣੇ ਸਿੱਕਿਆਂ ਨਾਲ ਵਧੀਆ ਕੋਠੀ ਉਸਾਰ ਲਈ। ਆਪਣੇ ਭਰਾਵਾਂ ਨੂੰ ਉਸ ਨੇ ਆਖਿਆ ਕਿ ਤੁਹਾਡੀ ਬਹੁਤ ਬਹੁਤ ਮੇਹਰਬਾਨੀ ! ਜੇ ਕਰ ਤੁਸੀਂ ਮੇਰਾ ਘਰ ਨਾ ਸਾੜਦੇ ਤਾਂ ਮੈਂ ਇਤਨੀ ਸੁਆਹ ਕਿਥੋਂ ਇਕੱਠੀ ਕਰ ਸਕਦਾ ਸੀ ਤੇ ਨਾ ਹੀ ਉਸ ਨੂੰ ਵੇਚ ਕੇ ਕੋਠੀ ਉਸਾਰ ਸਕਦਾ ਸੀ। ਆਪਣੇ ਭਰਾ ਦੀ ਗੱਲ ਸੁਣ ਉਨ੍ਹਾਂ ਨੇ ਆਪਣੇ ਘਰ ਸਾੜ ਦਿਤੇ। ਸੁਆਹ ਇਕੱਠੀ ਕਰ ਕੇ ਬੋ-ਰੀਆਂ ਵਿਚ ਭਰ ਕੇ ਤੁਰ ਪਏ ਵੇਚਣ।

ਸ਼ਹਿਰ ਜਾ ਕੇ ਉਹ ਗਲੀ ਗਲੀ ਹੋਕਾ ਦੇਣ ਲੱਗੇ ,ਲੈ ਲ ਵਧੀਆ ਸੁਆਹ,ਸੜੇ ਹੋਏ ਮਕਾਨਾਂ ਦੀ ਵਧੀਆ ਅਤੇ ਖੁਸ਼ਬੂ ਵਾਲੀ ਸੁਆਹ।

ਲੋਕਾਂ ਨੇ ਜਦੋਂ ਇਹ ਹੋਕਾ ਸੁਣਿਆ ਤਾਂ ਉਹ ਬੋਲੇ ,ਜਾ ਪਾ ਸੁਆਹ ਆਪਣੇ ਸਿਰ ਵਿਚ ਤੇ ਆਪਣੇ ਜਣਦਿਆਂ ਦੇ ਸਿਰ ਵਿਚ। ਇਸ ਤਰਾਂ ਲੋਕਾਂ ਨੇ ਮੰਦੇ ਬੋਲ ਬੋਲ ਕੇ ਤੇ ਕਈ ਥਾਈ ਛਿੱਤਰਾਂ ਨਾਲ ਸੇਵਾ ਕਰ ਉਨ੍ਹਾਂ ਨੂੰ ਭਜਾ ਦਿਤਾ। ਜਦੋਂ ਇਹ ਹਾਲਤ ਹੋਈ ਤਾਂ ਉਨ੍ਹਾਂ ਨੇ ਉਸ ਨੂੰ ਜਾਨ ਤੋਂ ਮਾਰਨ ਦੀਆਂ ਤਰਕੀਬਾਂ ਸੋਚਣ ਲੱਗ ਪਏ।

ਤਿੰਨੇ ਭਰਾ ਇਕੱਠੇ ਹੀ ਬੋਲੇ ਕਿ ਸਾਨੂੰ ਬਹੁਤ ਹੀ ਖੁਸ਼ੀ ਹੈ ਕਿ ਸਾਡਾ ਭਰਾ ਹੁਣ ਅਮੀਰ ਹੋ ਗਿਆ ਹੈ। ਇਸ ਖੁਸ਼ੀ ਵਿਚ ਅਸੀਂ ਵੱਡੀ ਸਾਰੀ ਪਾਰਟੀ ਕਰਾਂਗੇ ਅਤੇ ਖਰਚ ਵੀ ਅਸੀਂ ਤਿੰਨੇ ਰਲ ਕੇ ਕਰਾਂਗੇ। ਉਨ੍ਹਾਂ ਨੇ ਆਪਣੇ ਛੋਟੇ ਭਰਾ ਨੂੰ ਭਰਮਾ ਲਿਆ ਅਤੇ ਸ਼ਰਾਬ ਵਿਚ ਟੱਲੀ ਕਰ ਕੇ ਬਾਹਰ ਉਜਾੜ ਵਿਚ ਲੈ ਗਏ। ਮਦਹੋਸ਼ ਨੂੰ ਦਰਿਆ ਵਿਚ ਧੱਕਾ ਦੇ ਦਿਤਾ ਅਤੇ ਸੋਚਿਆ ਕਿ ਆਪੇ ਪਾਣੀ ਵਿਚ ਮਰ ਜਾਵੇਗਾ ਅਤੇ ਇਸ ਦੇ ਘਰ ਤੇ ਕਬਜ਼ਾ ਕਰ ਕੇ ਰਹਾਂਗੇ ਅਤੇ ਜਿਹੜੇ ਸਿਕੇ ਇਸ ਨੇ ਸਾਂਭ ਕੇ ਰੱਖੇ ਹਨ ਉਨ੍ਹਾਂ ਨਾਲ ਐਸ਼ ਕਰਾਂਗੇ। ਜਦੋਂ ਛੋਟਾ ਰੁੜ੍ਹਦਾ ਹੋਇਆ ਅੱਗੇ ਗਿਆ ਤਾਂ ਆਜੜੀ ਨੇ,ਜਿਹੜਾ ਆਪਣੇ ਮਾਲ ਡੰਗਰਾਂ ਨੂੰ ਪਾਣੀ ਪਿ ਣ ਲਈ ਲਿਆਇਆ ਸੀ ,ਉਸ ਨੇ ਜਦੋਂ ਰੁੜ੍ਹਦਾ ਹੋਇਆਬੰਦਾ ਦੇਖਿਆ ਉਸ ਨੂੰ ਵਿਚੋਂ ਕੱਢ ਲਿਆ। ਉਸ ਦੇ ਅੰਦਰ ਗਿਆ ਪਾਣੀ ਕੱਢ ਦਿਤਾ ਤਾ ਉਸ ਨੂੰ ਕੁਝ ਹੋਸ਼ ਆ ਗਈ। ਚਰਵਾਹਿਆਂ ਨੇ ਉਸ ਨੂੰ ਹਾਲ ਪੁੱਛਿਆ ਤਾਂ ਉਸ ਨੇ ਕਿਹਾ ਕਿ ਮੇਰੇ ਭਰਾਵਾਂ ਨੇ ਹੀ ਮੈਨੂੰ ਪਾਣੀ ਵਿਚ ਸੁਟਿਆ ਸੀ। ਮੇਰੇ ਸਕੇ ਭਰਾ ਚਾਹੁੰਦੇ ਸੀ ਕਿ ਮੈਂ ਵਿਆਹ ਕਰਵਾ ਲਵਾਂ ਪ੍ਰੰਤੂ ਮੈਂ ਤਿਆਰ ਨਹੀਂ ਸੀ ਇਸ ਲਈ ਮੈਨੂੰ ਸੁੱਟ ਕੇ ਚਲੇ ਗਏ ਹਨ। ਆਜੜੀ ਨੇ ਕਿਹਾ ਕਿ ਜੇ ਤੂੰ ਵਿਆਹ ਨਹੀਂ ਕਰਵਾਉਣਾ ਤਾਂ ਮੈਂ ਤਿਆਰ ਹਾਂ ਤਾਂ ਉਸ ਨੇ ਕਿਹਾ ਕਿ ਤੂੰ ਘਰੋਂ ਪੁੱਛ ਕੇ ਆ ਮੈਂ ਤੇਰੇ ਡੰਗਰਾਂ ਦਾ ਧਿਆਨ ਰਖਾਂਗਾ। ਜਦੋਂ ਉਹ ਆਜੜੀ ਘਰੋਂ ਪਤਾ ਕਰਨ ਲਈ ਗਿਆ ਤਾਂ ਛੋਟੇ ਭਰਾ ਨੇ ਉਸ ਦੇ ਡੰਗਰ ਬੱਕਰੀਆਂ ਭੇਡਾਂ ਨੂੰ ਆਪਣੇ ਘਰ ਲੈ ਗਿਆ। ਉਸ ਨੂੰ ਵੇਖ ਉਸ ਦੇ ਭਰਾ ਉਸ ਦੇ ਦੁਆਲੇ ਇਕੱਠੇ ਹੋ ਗਏ। ਛੋਟਾ ਭਰਾ ਕਹਿਣ ਲੱਗਾ ਕਿ ਤੁਸੀਂ ਗਲਤੀ ਕੀਤੀ ਮੈਨੂੰ ਪੁਲ ਦੇ ਨੇੜੇ ਹੀ ਸੁੱਟ ਦਿਤਾ ਤੇ ਉਥੇ ਮੈਨੂੰ ਇਹ ਡੰਗਰ ਹੀ ਮਿਲੇ ਹਨ ਜੇ ਕਰ ਡੂੰਘੇ ਥਾਂ ਤੇ ਸੁੱਟਦੇ ਤਾਂ ਮੈਨੂੰ ਘੋੜੇ ਊਠ ਅਤੇ ਗਾਵਾਂ ਮਿਲ ਜਾਣੀਆਂ ਸਨ। ਹੁਣ ਮੈਨੂੰ ਥੋੜਾ ਦੂਰ ਕਰਕੇ ਸੁਟਿਆ ਜੇ। ਇਹ ਸੁਣ ਭਰਾ ਆਪਸ ਵਿਚ ਇਸ਼ਾਰੇ ਕਰਨ ਲੱਗੇ ਤੇ ਛੋਟੇ ਭਰਾ ਨੂੰ ਕਿਹਾ ਕਿ ਚਲ ਵੀਰੇ ਸਾਨੂੰ ਵੀ ਦੱਸ ਅਸੀਂ ਡੂੰਘੇ ਪਾਣੀ ਵਿਚੋਂ ਚੰਗਾ ਚੋਖਾ ਮਾਲ ਲੈ ਕੇ ਆਵਾਂਗੇ। ਭਰਾਵਾਂ ਨੇ ਉਸ ਦੇ ਤਰਲੇ ਕੀਤੇ ਤੇ ਉਸ ਨੂੰ ਨਾਲ ਲੈ ਤੁਰੇ। ਜਦੋਂ ਦਰਿਆ ਦੇ ਨੇੜੇ ਪੁਜੇ ਤਾਂ ਉਸ ਨੇ ਡੂੰਘੇ ਪਾਣੀ ਵਲ ਇਸ਼ਾਰਾ ਕਰ ਦਿਤਾ। ਤਿੰਨ ਭਰਾਵਾਂ ਨੇ ਝਟਪਟ ਛਾਲਾਂ ਮਾਰ ਦਿਤੀਆਂ ਅਤੇ ਪਾਣੀ ਦੇ ਤੇਜ਼ ਵਹਾ ਵਿਚ ਵਹਿ ਗਏ। ਇਸ ਤਰਾਂ ਛੋਟੇ ਭਰਾ ਨੇ ਆਪਣੇ ਠੱਗ ਭਰਾਵਾਂ ਤੋਂ ਆਪਣਾ ਖਹਿੜਾ ਛੁਡਾ ਲਿਆ ਸੀ।

ਇਸ ਤਰਾਂ ਗੱਲਾਂ ਬਾਤਾਂ ਕਰਦੇ ਹੋਏ ਉਹ ਦੋਵੇਂ ਆਪਣੇ ਕੰਬਲ ਲੈ ਸੌਂ ਗਏ। ਅਗਲੇ ਦਿਨ ਸਵੇਰੇ ਦੇਰ ਨਾਲ ਉੱਠੇ ਤਾਂ ਜੱਸਾ ਕਹਿਣ ਲੱਗਾ ਮਿੱਠੂ ਛੇਤੀ ਤਿਆਰ ਹੋ ਆਪਾਂ ਤਾਂ ਸਾਰਿਆਂ ਨੂੰ ਨਾਸ਼ਤਾ ਦੇਣਾ ਹੈ ਤੇ ਉਹ ਛੇਤੀ ਕੁਕਿੰਗ ਲਈ ਚਲ ਪਏ। ਜਦੋਂ ਉਹ ਰਸੋਈ ਵਿਚ ਪੁਜੇ ਤਾਂ ਮੁਨਸ਼ੀ ਕਹਿਣ ਲੱਗਾ ਕਿ ਛੇਤੀ ਕਰੋ ਪਰੌਂਠੇ ਲਾਹ ਕੇ ਥਾਣੇਦਾਰ ਸਾਹਿਬ ਨੂੰ ਦੇ ਕੇ ਆ। ਉਨ੍ਹਾਂ ਨੇ ਗਸ਼ਤ ਤੇ ਜਾਣਾ ਹੈ। ਮਿੱਠੂ ਚਾਹ ਤਿਆਰ ਕਰਕੇ ਅਤੇ ਜੱਸੇ ਨੇ ਪਰੌਂਠੇ ਤਿਆਰ ਕਰ ਲਏ ਅਤੇ ਛੇਤੀ ਨਾਲ ਥਾਣੇਦਾਰ ਨੂੰ ਖਾਣ ਲਈ ਪਰੌਂਠੇ ਅਤੇ ਪੀਣ ਲਈ ਗਰਮ ਗਰਮ ਚਾਹ ਦੇ ਦਿਤੀ। ਫਿਰ ਉਨ੍ਹਾਂ ਨੇ ਮੁਨਸ਼ੀ ਨੂੰ ਖਵਾ ਦਿਤੈ ਅਤੇ ਇਸ ਤਰਾਂ ਨਾਸ਼ਤਾ ਕਰਵਾ ਦੁਪਹਿਰ ਦੇ ਖਾਣੇ ਦੀ ਤਿਆਰੀ ਵਿਚ ਰੁਝ ਗਏ। ਮੁਨਸ਼ੀ ਨੂੰ ਖੁਸ਼ ਵੇਖ ਮਿੱਠੂ ਨੇ ਉਸ ਤੋਂ ਨਸ਼ੇ ਦੀ ਮੰਗ ਕੀਤੀ। ਮੁਨਸ਼ੀ ਨੇ ਆਪਣੀ ਜੇਬ ਵਿਚੋਂ ਹੀ ਉਸ ਦੀ ਮੰਗ ਪੂਰੀ ਕਰ ਦਿਤੀ ਤੇ ਦੱਸਿਆ ਕਿ ਅੱਜ ਸ਼ਾਮ ਨੂੰ ਵੱਡੇ ਅਫਸਰਾਂ ਨੇ ਆਉਣਾ ਹੈ ਉਹ ਖਾਣਾ ਇਥੇ ਹੀ ਖਾਣਗੇ ਇਸ ਲਈ ਵਧੀਆ ਨਸ਼ਾ ਵੀ ਵਰਤੇਗਾ ਤੁਸੀਂ ਵੀ ਵਿਚੋਂ ਰੱਖ ਲੈਣਾ। ਪਰ ਧਿਆਨ ਰੱਖਣਾ ਖਾਣਾ ਵਧੀਆ ਤਿਆਰ ਕਰਨਾ ਤਾਂ ਜੋ ਅਫਸਰ ਪੂਰੀ ਤਰਾਂ ਨਿਹਾਲ ਹੋ ਜਾਣ। ਇਹ ਸੁਣ ਦੋਵੇਂ ਖੁਸ਼ ਹੋਏ ਤੇ ਆਪਣੇ ਕੰਮ ਲੱਗ ਗਏ। ਜਦੋਂ ਦੋਵੇਂ ਕੰਮ ਕਰ ਰਹੇ ਸਨ ਤਾਂ ਉਨ੍ਹਾਂ ਨੇ ਜੇਲ ਵਿਚੋਂ ਖਿਸਕਣ ਦੀ ਯੋਜਨਾ ਬਣਾ ਲਈ ਕਿ ਜਦੋਂ ਸਾਰੇ ਨਸ਼ੇ ਵਿਚ ਹੋਣਗੇ ਆਪਾਂ ਮੌਕਾ ਤਾੜ ਕਿ ਭੱਜ ਜਾਵਾਂਗੇ। ਉਹ ਸਬਜ਼ੀਆਂ ਵਗੈਰਾ ਬਣਾ ਕੇ ਵੇਹਲੇ ਹੋ ਗਏ ਤੇ ਉਧਰੋਂ ਅਫਸਰ ਵੀ ਪੁੱਜ ਗਏ। ਪਾਰਟੀ ਸ਼ੁਰੂ ਹੋ ਗਈ ਨਸ਼ਾ ਵਰਤ ਰਿਹਾ ਸੀ। ਮੁਨਸ਼ੀ ਨੇ ਨਸ਼ਾ ਸਭ ਨੂੰ ਵਰਤਾਉਣ ਲਈ ਮਿੱਠੂ ਨੂੰ ਲਾ ਦਿਤਾ ਅਤੇ ਜੱਸਾ ਸਭ ਨੂੰ ਚਿਕਨ ਵਰਤਾਅ ਰਿਹਾ ਸੀ। ਸਾਰੇ ਖੁਸ਼ੀ ਵਿਚ ਗੱਲਾਂ ਬਾਤਾਂ ਕਰ ਰਹੇ ਸੀ। ਮਿੱਠੂ ਨੇ ਦੇਖਿਆ ਕਿ ਸਾਰੇ ਹੁਣ ਨਸ਼ੇ ਵਿਚ ਗੁੱਟ ਹੋ ਚੁਕੇ ਹਨ ਤਾਂ ਉਨ੍ਹਾਂ ਨੇ ਦਰਵਾਜੇ ਵਾਲੇ ਚੋਕੀਦਾਰ ਨੂੰ ਵੀ ਮੋਟੇ ਮੋਟੇ ਪੈਗ ਲਵਾ ਦਿੱਤੇ। ਜਦੋਂ ਉਨ੍ਹਾਂ ਨੂੰ ਤਸੱਲੀ ਹੋ ਗਈ ਜੱਸੇ ਤੇ ਮਿੱਠੂ ਨੇ ਇਕ ਇਕ ਬੋਤਲ ਆਪਣੇ ਨਾਲ ਚੁੱਕ ਲਈ ਤੇ ਥੋੜਾ ਚਿਕਨ ਖਾ ਲਿਆ। ਚੋਕੀਦਾਰ ਕੋਲੋਂ ਲੰਘ ਕੇ ਦਰਵਾਜਾ ਬਾਹਰੋਂ ਬੰਦ ਕਰ ਦਿਤਾ ਤੇ ਆਪ ਪੁਲਿਸ ਦਾ ਇਕ ਮੋਟਰਸਾਈਕਲ ਥੋੜੀ ਦੂਰ ਜਾ ਕੇ ਸਟਾਰਟ ਕਰ ਲਿਆ ਤੇ ਭੱਜ ਗਏ ਉਨ੍ਹਾਂ ਨੇ ਮੋਟਰਸਾਈਕਲ ਨੂੰ ਰਾਹ ਵਿਚ ਛੱਡ ਦਿਤਾ ਅਤੇ ਆਪ ਇੱਕ ਟਰੱਕ ਨੂੰ ਹੱਥ ਦੇ ਕੇ ਉਸ ਉਪਰ ਚੜ ਗਏ ਤੇ ਜੱਸੇ ਦੇ ਢਾਬੇ ਦੇ ਨੇੜੇ ਟਰੱਕ ਰੁਕਵਾ ਕੇ ਢਾਬੇ ਵਿਚ ਚਲੇ ਗਏ।

# ਕੀ ਹੈ 65 ਸਾਲ ਪੁਰਾਣਾ ਸਿੰਧੂ ਜਲ ਸੰਧੀ , ਇਸ ਦਾ ਪਾਕਿਸਤਾਨ 'ਤੇ ਕਿੰਨਾ ਅਸਰ ਪਵੇਗਾ?

ਨਵੀਂ ਦਿੱਲੀ- ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਸਰਕਾਰ ਨੇ ਪਾਕਿਸਤਾਨ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ। ਭਾਰਤ ਨੇ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਨੂੰ ਰੋਕ ਦਿੱਤਾ ਹੈ। ਪਾਕਿਸਤਾਨ ਦੀ ਖੇਤੀਬਾੜੀ, ਪੀਣ ਵਾਲੇ ਪਾਣੀ ਅਤੇ ਬਿਜਲੀ ਉਤਪਾਦਨ ਦਾ ਇਕ ਵੱਡਾ ਹਿੱਸਾ ਇਸ ਪਾਣੀ 'ਤੇ ਨਿਰਭਰ ਕਰਦਾ ਹੈ। ਹੁਣ ਅਸੀਂ ਤੁਹਾਨੂੰ ਵਿਸਥਾਰ ਵਿਚ ਦੱਸਦੇ ਹਾਂ ਕਿ ਸਿੰਧੂ ਨਦੀ ਕੀ ਹੈ? ਇਹ ਸਮਝੌਤਾ ਕਦੋਂ ਕੀਤਾ ਗਿਆ ਸੀ ਅਤੇ ਇਸ ਦਾ ਭਾਰਤ 'ਤੇ ਕੀ ਪ੍ਰਭਾਵ ਪਵੇਗਾ।

ਪਾਕਿਸਤਾਨ ਦੀ 90 ਪ੍ਰਤੀਸ਼ਤ ਖੇਤੀਬਾੜੀ ਸਿੰਧੂ ਜਲ ਸੰਧੀ 'ਤੇ ਨਿਰਭਰ ਕਰਦੀ ਹੈ।ਹੁਣ ਭਾਰਤ ਨੇ ਇਸ ਸਮਝੌਤੇ ਨੂੰ ਮੁਲਤਵੀ ਕਰ ਦਿੱਤਾ ਹੈ। ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਵੱਲੋਂ ਚੁੱਕੇ ਗਏ ਕਦਮਾਂ ਵਿੱਚੋਂ ਸਭ ਤੋਂ ਵੱਡਾ ਫ਼ੈਸਲਾ ਸਿੰਧੂ ਜਲ ਸੰਧੀ ਨੂੰ ਰੋਕਣਾ ਹੈ। ਪਾਕਿਸਤਾਨ ਦੀ ਖੇਤੀਬਾੜੀ, ਪੀਣ ਵਾਲੇ ਪਾਣੀ ਅਤੇ ਬਿਜਲੀ ਉਤਪਾਦਨ ਦਾ ਇੱਕ ਵੱਡਾ ਹਿੱਸਾ ਇਸ ਪਾਣੀ 'ਤੇ ਨਿਰਭਰ ਕਰਦਾ ਹੈ। ਇਹ ਪਹਿਲੀ ਵਾਰ ਹੈ ਜਦੋਂ ਭਾਰਤ ਨੇ ਸਿੰਧੂ ਜਲ ਸੰਧੀ 'ਤੇ ਰੋਕ ਲਗਾਈ ਹੈ। ਭਾਰਤ ਵੱਲੋਂ ਸਿੰਧੂ ਜਲ ਸੰਧੀ 'ਤੇ ਰੋਕ ਲਗਾਉਣ ਨਾਲ ਪਾਕਿਸਤਾਨ ਵਿਚ ਪਾਣੀ ਦਾ ਸੰਕਟ ਪੈਦਾ ਹੋਵੇਗਾ ਅਤੇ ਇਸਦਾ ਖੇਤੀਬਾੜੀ 'ਤੇ ਅਸਰ ਪਵੇਗਾ।

### ਸਿੰਧੂ ਜਲ ਸੰਧੀ 'ਤੇ 19 ਸਤੰਬਰ 1960 ਨੂੰ ਦਸਤਖ਼ਤ ਕੀਤੇ ਸਨ



ਤ ਦ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨੀ ਰਾਸ਼ਟਰਪਤੀ ਅਯੂਬ ਖਾਨ ਨੇ ਇਸ ਸੰਧੀ 'ਤੇ ਦਸਤਖ਼ਤ ਕੀਤੇ ਸਨ। ਸਿੰਧੂ ਦੀਆਂ ਸਹਾਇਕ ਨਦੀਆਂ ਨੂੰ ਪੂਰਬ ਅਤੇ ਪੱਛਮ ਵਿਚ ਵੰਡਿਆ ਗਿਆ ਸੀ। ਸਿੰਧੂ, ਚਨਾਬ ਅਤੇ ਜੇਹਲਮ ਦਾ ਪਾਣੀ ਪਾਕਿਸਤਾਨ ਨੂੰ ਜਾਂਦਾ ਸੀ। ਭਾਰਤ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀ ਦੀ ਵਰਤੋਂ ਕਰਦਾ ਹੈ।

### ਵਿਵਾਦਾਂ ਨੂੰ ਹੱਲ ਕਰਨ ਲਈ ਵਿਧੀ

ਦੋਵਾਂ ਦੇਸ਼ਾਂ ਨੂੰ ਵਿਵਾਦ ਨੂੰ ਸ਼ਾਂਤੀਪੂਰਵਕ ਹੱਲ ਕਰਨਾ ਪਵੇਗਾ। ਜੇਕਰ ਗੱਲਬਾਤ ਨਾਲ ਮੁੱਦਾ ਹੱਲ ਨਹੀਂ ਹੁੰਦਾ ਹੈ, ਤਾਂ ਮਾਮਲਾ ਸਿੰਧੂ ਕਮਿਸ਼ਨ 'ਤੇ ਸਥਾਈ ਕਮਿਸ਼ਨ ਕੋਲ ਜਾਵੇਗਾ। ਜੇਕਰ ਇਹ ਵੀ ਵਿਵਾਦ ਨੂੰ ਹੱਲ ਕਰਨ ਵਿਚ ਅਸਫਲ ਰਹਿੰਦਾ ਹੈ, ਤਾਂ ਮਾਮਲਾ ਅੰਤਰਰਾਸ਼ਟਰੀ ਅਦਾਲਤ ਵਿਚ ਜਾਵੇਗਾ। ਅਦਾਲਤ ਦੇ ਫੈਸਲੇ ਨੂੰ ਸਰਵ ਵਿਆਪਕ ਤੌਰ 'ਤੇ ਸਵੀਕਾਰ ਕੀਤਾ ਜਾਵੇਗਾ। ਭਾਰਤ ਅਤੇ ਪਾਕਿਸਤਾਨ ਵਿਚਕਾਰ ਕਈ ਵਾਰ ਜੰਗ ਹੋਈ ਹੈ ਪਰ ਹੁਣ ਤੱਕ ਕਦੇ ਵੀ ਸਮਝੌਤਾ ਰੱਦ ਜਾਂ ਮੁਅੱਤਲ ਨਹੀਂ ਕੀਤਾ ਗਿਆ ਹੈ। ਪਰ ਹੁਣ ਭਾਰਤ ਨੇ ਇਸ ਸਮਝੌਤੇ ਨੂੰ ਮੁਲਤਵੀ ਕਰ ਦਿੱਤਾ ਹੈ।

### ਪਾਕਿਸਤਾਨ 'ਤੇ ਕੀ ਪ੍ਰਭਾਵ ਪਵੇਗਾ?

ਪਾਕਿਸਤਾਨ ਦੀ 80 ਪ੍ਰਤੀਸ਼ਤ ਖੇਤੀਯੋਗ ਜ਼ਮੀਨ ਸਿੰਧੂ ਨਦੀ ਪ੍ਰਣਾਲੀ ਦੇ ਪਾਣੀ 'ਤੇ ਨਿਰਭਰ ਕਰਦੀ ਹੈ। ਇਸ ਪਾਣੀ ਦਾ 93 ਪ੍ਰਤੀਸ਼ਤ ਸਿੰਚਾਈ ਲਈ ਵਰਤਿਆ ਜਾਂਦਾ ਹੈ, ਜਿਸ ਤੋਂ ਬਿਨਾਂ ਖੇਤੀ ਅਸੰਭਵ ਹੈ। ਖੇਤੀਬਾੜੀ ਖੇਤਰ ਪਾਕਿਸਤਾਨ ਦੀ ਰਾਸ਼ਟਰੀ ਆਮਦਨ ਵਿਚ 23 ਪ੍ਰਤੀਸ਼ਤ ਯੋਗਦਾਨ ਪਾਉਂਦਾ ਹੈ, 68 ਪ੍ਰਤੀਸ਼ਤ ਆਬਾਦੀ ਖੇਤੀ 'ਤੇ ਨਿਰਭਰ ਹੈ। ਪਾਕਿਸਤਾਨ ਦੇ ਪ੍ਰਮੁੱਖ ਸ਼ਹਿਰ ਕਰਾਚੀ, ਲਾਹੌਰ, ਮੁਲਤਾਨ ਸਿੰਧ ਤੇ ਇਸ ਦੀਆਂ ਸਹਾਇਕ ਨਦੀਆਂ ਦੇ ਪਾਣੀ 'ਤੇ ਨਿਰਭਰ ਹਨ।

ਪਾਕਿਸਤਾਨ ਵਿਚ ਤਰਬੇਲਾ ਅਤੇ ਮੰਗਲਾ ਵਰਗੇ ਬਿਜਲੀ ਪ੍ਰੋਜੈਕਟ ਸਿੰਧ ਦੇ ਪਾਣੀ 'ਤੇ ਚੱਲ ਰਹੇ ਹਨ। ਪਾਕਿਸਤਾਨ ਵਿਚ ਭੋਜਨ ਉਤਪਾਦਨ ਘਟ ਸਕਦਾ ਹੈ, ਭੋਜਨ ਸੁਰੱਖਿਆ ਖਤਰੇ ਵਿੱਚ ਹੈ। ਪਾਕਿਸਤਾਨ ਦੀ ਸ਼ਹਿਰੀ ਪਾਣੀ ਦੀ ਸਪਲਾਈ ਬੰਦ ਹੋ ਜਾਵੇਗੀ, ਅਸ਼ਾਂਤੀ ਫੈਲ ਜਾਵੇਗੀ। ਬਿਜਲੀ ਉਤਪਾਦਨ ਬੰਦ ਹੋ ਜਾਵੇਗਾ, ਸ਼ਹਿਰੀ ਖੇਤਰਾਂ ਵਿਚ ਹਨੇਰਾ ਛਾਇਆ ਰਹੇਗਾ।

# ਅਕਾਲ ਤਖ਼ਤ ਦੀ ਸਰਵਉੱਚਤਾ ਖ਼ਤਰੇ ’ਚ



ਸੁਰਿੰਦਰ ਐੱਸ ਜੋਧਕਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ ਤਖ਼ਤਾਂ ਦੇ ਜਥੇਦਾਰਾਂ ਨੂੰ ਵਿਵਾਦਤ ਢੰਗ ਨਾਲ ਫਾਰਗ ਕੀਤੇ ਜਾਣ ਤੋਂ ਬਾਅਦ ਸਿੱਖ ਭਾਈਚਾਰੇ ਅੰਦਰ ਗੁੱਸਾ ਭੜਕ ਗਿਆ ਹੈ। ਸੱਤ ਮਾਰਚ ਨੂੰ ਆਪਣੀ ਕਾਰਜਕਾਰੀ ਕਮੇਟੀ ਦੀ ਬੈਠਕ ’ਚ ਸ਼੍ਰੋਮਣੀ ਕਮੇਟੀ ਨੇ “ਪੰਥ ਨੂੰ ਸੇਧ ਦੇਣ ਅਤੇ ਵਰਤਮਾਨ ਮੁੱਦਿਆਂ ਨੂੰ ਅਸਰਦਾਰ ਤਰੀਕੇ ਨਾਲ ਹੱਲ ਕਰਨ ’ਚ ਨਾਕਾਮ ਹੋਣ ’ਤੇ” ਅਕਾਲ ਤਖ਼ਤ ਦੇ ਜਥੇਦਾਰ ਗਿਆਨ ਰਘਬੀਰ ਸਿੰਘ ਦੀਆਂ ਸੇਵਾਵਾਂ ਖ਼ਤਮ ਕਰਨ ਦਾ ਫ਼ੈਸਲਾ ਕੀਤਾ। ਕਮੇਟੀ ਨੇ ਨਾਲ ਹੀ ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਹਟਾਉਣ ਦਾ ਫ਼ੈਸਲਾ ਕੀਤਾ।

ਇਹ ਦੋਵੇਂ ਭਾਵੇਂ ਅਜੇ ਵੀ ਸ਼੍ਰੋਮਣੀ ਕਮੇਟੀ ’ਚ ਸੇਵਾਵਾਂ ਦਿੰਦੇ ਰਹਿਣਗੇ ਹਨ ਪਰ ਉਨ੍ਹਾਂ ਨੂੰ ਫਾਰਗ ਕਰਨ ਦੇ ਹਾਲੀਆ ਫ਼ੈਸਲੇ ਨੂੰ ਕਈ ਟਿੱਪਣੀਕਾਰ ਅਜੋਕੇ ਸਿੱਖ ਇਤਿਹਾਸ ’ਚ ‘ਕਾਲਾ ਦਿਨ’ ਦੱਸ ਰਹੇ ਹਨ। ਇਸ ਨੇ ਸੰਸਾਰ ਭਰ ’ਚ ਸਿੱਖਾਂ ਨੂੰ ਦੁਖੀ ਤੇ ਨਿਰਾਸ਼ ਕੀਤਾ ਹੈ ਹਾਲਾਂਕਿ ਬਹੁਤਿਆਂ ਨੂੰ ਇਨ੍ਹਾਂ ਫ਼ੈਸਲਿਆਂ ਤੋਂ ਕੋਈ ਹੈਰਾਨੀ ਨਹੀਂ ਹੋਈ। ਮਹੀਨਾ ਪਹਿਲਾਂ ਇੱਕ ਹੋਰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਸ਼੍ਰੋਮਣੀ ਕਮੇਟੀ ਨੇ ‘ਨਿਗੂਣੇ’ ਇਲਜ਼ਾਮਾਂ ’ਤੇ ਫਾਰਗ ਕਰ ਦਿੱਤਾ ਸੀ।

ਸਿੱਖ ਸੰਸਥਾਵਾਂ ’ਚ ਹੋ ਰਹੀ ਉਥਲ-ਪੁਥਲ ਦੀ ਜੜ੍ਹ 2 ਦਸੰਬਰ 2024 ਵਾਲੀਆਂ ਘਟਨਾਵਾਂ ’ਚ ਹੈ, ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਆਪਣੀ ‘ਭੁੱਲ’ ਬਖ਼ਸ਼ਾਉਣ ਲਈ ਅਕਾਲ ਤਖ਼ਤ ਅੱਗੇ ਪੇਸ਼ ਹੋਈ। ਅਕਾਲ ਤਖ਼ਤ ’ਤੇ ਜਥੇਦਾਰਾਂ ਨੇ ਉਨ੍ਹਾਂ ਨੂੰ ਤਨਖਾਹ ਲਾਈ। ਬਾਦਲ ਪਿਓ-ਪੁੱਤ ਨੂੰ ਸੰਭਵ ਤੌਰ ’ਤੇ ਮੁੱਖ ਗੁਨਾਹਗਾਰ ਮੰਨਿਆ ਗਿਆ। ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਤੋਂ ਇਲਾਵਾ ਜਥੇਦਾਰਾਂ ਨੇ 2011 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਪੰਥ ਰਤਨ ‘ਫਖ਼ਰ-ਏ-ਕੌਮ’ ਖ਼ਿਤਾਬ ਵੀ ਵਾਪਸ ਲੈ ਲਿਆ; ਨਾਲ ਹੀ ਹੁਕਮ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਧੜੇ ਭੰਗ ਕਰ ਦਿੱਤੇ ਜਾਣ, ਮੈਂਬਰਾਂ ਦੀ ਨਵੇਂ ਸਿਰਿਓਂ ਭਰਤੀ ਕਰ ਕੇ ਪਾਰਟੀ ਦੇ ਉਭਾਰ ਦੀ ਪ੍ਰਕਿਰਿਆ ’ਤੇ ਨਿਗ੍ਹਾ ਰੱਖਣ ਲਈ ਕਮੇਟੀ ਵੀ ਬਣਾਈ ਗਈ। ਅਕਾਲੀ ਦਲ ਦੀ ਲੀਡਰਸ਼ਿਪ ਲਈ ਇਹ ਸਾਰਾ ਕੁਝ ਭਾਵੇਂ ਨਿਰਾਸ਼ਾਜਨਕ ਸੀ, ਪਰ ਵਿਆਪਕ ਪੱਧਰ ’ਤੇ ਸਿੱਖਾਂ ਨੂੰ ਖੁਸ਼ੀ ਹੋਈ। ਉਨ੍ਹਾਂ ਨੂੰ ਇਸ ਅੰਦਰ ਉਮੀਦ ਦੀ ਕਿਰਨ ਦਿਸੀ, ਅਜਿਹੀ ਸਿਆਸਤ ਵੱਲ ਵਾਪਸੀ ਦੀ ਸੰਭਾਵਨਾ ਦਿਸੀ ਜਿਸ ’ਚ ਨੈਤਿਕ ਖਸਲਤ ਹੋਵੇ, ਜੋ ਕਦੇ ਸਿੱਖਾਂ ਦੀ ਸਰਵ-ਉਚ ਸੰਸਥਾ ਅਕਾਲ ਤਖ਼ਤ ਨੂੰ ਜਵਾਬਦੇਹ ਹੁੰਦੀ ਸੀ।

ਸਿੱਖ ਇਤਿਹਾਸ ’ਚ ਅਜਿਹੇ ਮੌਕੇ ਆਉਂਦੇ ਰਹੇ ਹਨ ਜਦੋਂ ਅਕਾਲ ਤਖਤ ਨੇ ਤਾਕਤਵਰ ਸਿੱਖ ਸ਼ਾਸਕਾਂ ਨੂੰ ਤਲਬ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਵੀ ਇਨ੍ਹਾਂ ’ਚ ਸ਼ਾਮਿਲ ਸਨ ਤੇ ਉਨ੍ਹਾਂ ਨੂੰ ਵੀ ਸਖ਼ਤ ਸਜ਼ਾ ਦਿੱਤੀ ਗਈ ਸੀ; ਹਾਲਾਂਕਿ ਅੱਜ ਦੇ ਅਕਾਲੀ ਆਗੂ ਜਥੇਦਾਰਾਂ ਤੋਂ ਉਨ੍ਹਾਂ ’ਤੇ ਐਨਾ ਸਖ਼ਤ ਹੋਣ ਦੀ ਉਮੀਦ ਨਹੀਂ ਰੱਖਦੇ। ਉਹ ਉਨ੍ਹਾਂ ਨੂੰ ਮਹਿਜ਼ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵਜੋਂ ਲੈਂਦੇ ਹਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਪਿਛਲੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ’ਤੇ ਲਗਭਗ ਮੁਕੰਮਲ ਕਬਜ਼ਾ ਰਿਹਾ ਹੈ। ਅਕਾਲ ਤਖਤ ਅੱਗੇ ਪੇਸ਼ ਹੋਣ ਦਾ ਉਨ੍ਹਾਂ ਦਾ ਫ਼ੈਸਲਾ ਸਿੱਖਾਂ ’ਚ ਆਪਣੇ ਖਰੇਪਣ ਨੂੰ ਮੁੜ ਸਾਬਿਤ ਕਰਨ ਦੀ ਕੋਸ਼ਿਸ਼ ਸੀ ਕਿਉਂਕਿ ਇਸ ਤੋਂ ਪਹਿਲਾਂ ਦਸ ਸਾਲ ਚੱਲੀ ਅਕਾਲੀ ਸਰਕਾਰ ਦੌਰਾਨ ਕੀਤੇ ਕੁਝ ਫ਼ੈਸਲੇ ਅਜਿਹੇ ਸਨ ਜਿਨ੍ਹਾਂ ਨੂੰ ਸਿੱਖ ਵਿਰੋਧੀ ਸਮਝਿਆ ਗਿਆ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਭਾਵੇਂ ਤਨਖਾਹ ਦੇ ਇਕ ਹਿੱਸੇ ਦਾ ਉੱਤੋਂ-ਉੱਤੋਂ ਹੀ ਪਾਲਣ ਕੀਤਾ, ਪਰ ਦਬਦਬਾ ਰੱਖਣ ਵਾਲੇ ਧੜੇ ਨੂੰ ਇਹ ਸਜ਼ਾ ਉਨ੍ਹਾਂ ਦੇ ਇਖ਼ਤਿਆਰ ਨੂੰ ਚੁਣੌਤੀ ਦੇਣ ਵਰਗੀ ਲੱਗੀ; ਲਿਹਾਜ਼ਾ, ਮੋੜਵੀਂ ਕਾਰਵਾਈ ਹੋਈ।

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਇੱਕ ਵਰਗ ਭਾਵੇਂ ਦੋ ਜਥੇਦਾਰਾਂ ਦੇ ਫਾਰਗ ਹੋਣ ਨੂੰ ਸ਼ਾਇਦ ਆਪਣੀ ਜਿੱਤ ਵਜੋਂ ਲੈਂਦਾ ਹੈ, ਪਰ ਸੰਭਾਵਨਾ ਇਹ ਹੈ ਕਿ ਇਸ ਨਾਲ ਸਿੱਖਾਂ ’ਚ ਪਾਰਟੀ ਦੀ ਭਰੋਸੇਯੋਗਤਾ ਨੂੰ ਹੋਰ ਖੋਰਾ ਹੀ ਲੱਗੇਗਾ। ਕਾਰਜਕਾਰੀ ਕਮੇਟੀ ਦੇ ਹਾਲੀਆ ਫ਼ੈਸਲਿਆਂ ਦੀ ਵਿਆਪਕ ਨਿਖੇਧੀ ਤੋਂ ਇਲਾਵਾ ਸਿੱਖ ਸਿਵਲ ਸੁਸਾਇਟੀ ਦੇ ਮੈਂਬਰਾਂ ਨੇ ਇਹ ਤੱਥ ਵੀ ਉਭਾਰਿਆ ਹੈ ਕਿ ਸ਼੍ਰੋਮਣੀ ਕਮੇਟੀ ਕੋਲ ਹੁਣ ਭਾਈਚਾਰੇ ਦਾ ਫ਼ਤਵਾ ਹੀ ਨਹੀਂ ਹੈ। ਇਸ ਦਾ ਕਾਰਜਕਾਲ ਬਹੁਤ ਸਮਾਂ ਪਹਿਲਾਂ ਮੁੱਕ ਚੁੱਕਾ ਹੈ। ਇਹ ਬਸ ਲੋੜ ਤਹਿਤ ਚੱਲ ਰਹੀ ਹੈ ਕਿਉਂਕਿ 2011 ਤੋਂ ਬਾਅਦ ਕੋਈ ਚੋਣ ਨਹੀਂ ਹੋਈ।

ਸਿੱਖ ਸੰਸਥਾਵਾਂ ਅੰਦਰ ਇਸ ਤਰ੍ਹਾਂ ਦੇ ਮਤਭੇਦ ਤੇ ਅਣਬਣ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ? ਸਿੱਖਾਂ ਲਈ ਅਗਲਾ ਰਾਹ ਕੀ ਹੋ ਸਕਦਾ ਹੈ? ਇਕ ਸਦੀ ਤੋਂ ਵੀ ਵੱਧ ਸਮੇਂ ਤੋਂ ਸਿੱਖ ਧਾਰਮਿਕ ਸੰਸਥਾਵਾਂ ਅਤੇ ਅਕਾਲੀ ਸਿਆਸਤ ਅਟੁੱਟ ਰਹੇ ਹਨ ਤੇ ਨਾਲੋ-ਨਾਲ ਚੱਲਦੇ ਰਹੇ ਹਨ। ਸ਼੍ਰੋਮਣੀ ਕਮੇਟੀ ਦਾ ਜਨਮ 1920 ਤੋਂ ਬਾਅਦ ਦੇ ਸਾਲਾਂ ’ਚ ਇਤਿਹਾਸਕ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਚੱਲੀ ਲਾਮਬੰਦੀ ਦੀ ਲਹਿਰ ਦੌਰਾਨ ਹੋਇਆ ਸੀ। ਇਸ ਸੁਧਾਰ ਲਹਿਰ ਦੇ ਆਗੂਆਂ ਨੇ ਆਪਣੇ ਸਿਆਸੀ ਵਿੰਗ ਵਜੋਂ ਅਕਾਲੀ ਦਲ ਦੀ ਨੀਂਹ ਰੱਖੀ, ਜਿਸ ਦਾ ਦਰਜਾ ਧਾਰਮਿਕ ਸੰਸਥਾਵਾਂ, ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਤੋਂ ਨੀਵਾਂ ਰਹਿਣਾ ਸੀ। ਗੁਜ਼ਰੇ ਵਰ੍ਹਿਆਂ ’ਚ ਇਹ ਰਿਸ਼ਤਾ ਬਦਲ ਗਿਆ। ਸਿਆਸੀ ਜਮਾਤ, ਆਪਣੇ ਉੱਤੇ ਇੱਕ ਵਿਸ਼ੇਸ਼ ਪਰਿਵਾਰ ਦੇ ਸ਼ਾਸਨ ’ਚ, ਵੱਖ-ਵੱਖ ਸੰਸਥਾਵਾਂ ਨੂੰ ਕੰਟਰੋਲ ਕਰਨ ਲਈ ਅੱਗੇ ਆ ਗਈ। ਸ਼੍ਰੋਮਣੀ ਅਕਾਲੀ ਦਲ ਨੇ ਵੀ ਪ੍ਰਚੱਲਿਤ ਰਾਜਨੀਤਕ ਸੱਭਿਆਚਾਰ ਮੁਤਾਬਿਕ ਢਲਦਿਆਂ ਦੂਜੀਆਂ ਪਾਰਟੀਆਂ ਵਾਂਗ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਹਿੱਤਾਂ ਅਤੇ ਉਮੰਗਾਂ ਦੀ ਨੁਮਾਇੰਦਾ ਪਾਰਟੀ ਦੇ ਆਪਣੇ ਫ਼ਤਵੇ ਨੂੰ ਬਦਲ ਕੇ ਇਹ ਸਾਰੇ ਪੰਜਾਬੀਆਂ ਦੀ ਪਾਰਟੀ ਬਣ ਗਈ ਤੇ ਉਨ੍ਹਾਂ ਦੇ ਖੇਤਰੀ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਲੱਗੀ।

ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਨਾਲ ਸ਼੍ਰੋਮਣੀ ਕਮੇਟੀ ਦੇ ਰਸੂਖ਼ ਦਾ ਘੇਰਾ ਸੁੰਗੜ ਗਿਆ ਤੇ ਪੰਜਾਬ ਤੱਕ ਸੀਮਤ ਹੋ ਕੇ ਰਹਿ ਗਿਆ। ਇਸੇ ਤਰ੍ਹਾਂ ਦਿੱਲੀ ਵਿਚ ਵੱਖਰੀ ਗੁਰਦੁਆਰਾ ਕਮੇਟੀ ਹੈ। ਇਸ ਤੋਂ ਇਲਾਵਾ, ਪੰਜਾਬ ਸਮੇਤ ਕਈ ਥਾਈਂ ਵੱਡੀ ਗਿਣਤੀ ਮਹੱਤਵਪੂਰਨ ਗੁਰਦੁਆਰੇ ਹਨ, ਜੋ ਸ਼੍ਰੋਮਣੀ ਕਮੇਟੀ ਦੇ ਦਾਇਰੇ ਵਿੱਚੋਂ ਬਾਹਰ ਹਨ।

ਇਸ ਤੋਂ ਵੀ ਵੱਧ ਅਹਿਮ ਹੈ ਕਿ ਪਿਛਲੇ 100 ਸਾਲਾਂ ਦੌਰਾਨ, ਸਿੱਖ ਭਾਈਚਾਰੇ ਦੀ ਸਮਾਜਿਕ ਰੂਪ-ਰੇਖਾ ਵਿੱਚ ਵੀ ਕਈ ਬਦਲਾਓ ਆਏ ਹਨ। ਸ਼ਹਿਰੀਕਰਨ ਵਧਣ ਤੇ ਪੇਸ਼ੇਵਰ ਵੰਨ-ਸਵੰਨਤਾ ਨਾਲ ਕੌਮ ਦੀਆਂ ਰੀਝਾਂ ਅਤੇ ਨਜ਼ਰੀਏ ਵੀ ਪਹਿਲਾਂ ਨਾਲੋਂ ਕਿਤੇ ਵੱਧ ਵੰਨ-ਸਵੰਨੇ ਹੋ ਗਏ ਹਨ। ਸਿੱਖ ਅੱਜ ਕੱਲ੍ਹ ਪੂਰੇ ਸੰਸਾਰ ਵਿੱਚ ਫੈਲੇ ਹੋਏ ਹਨ, ਜਿਨ੍ਹਾਂ ਦੀ ਖ਼ਾਸ ਕਰ ਕੇ ਯੂਰੋਪ ਅਤੇ ਉੱਤਰੀ ਅਮਰੀਕਾ ਵਿੱਚ ਵੱਡੀ ਗਿਣਤੀ ਹੈ। ਇਹ ਸਾਰੇ ਅਕਾਲ ਤਖ਼ਤ ਨੂੰ ਹੀ ਧਰਮ ਦੀ ਸਰਵ-ਉੱਚ ਸੱਤਾ ਵਜੋਂ ਦੇਖਦੇ ਹਨ।

ਇਸ ਪਹਿਲੂ ਨੂੰ ਮੁੱਖ ਰੱਖਦਿਆਂ ਕਿ ਸ਼੍ਰੋਮਣੀ ਕਮੇਟੀ ਸਾਰੇ ਸਿੱਖਾਂ ਦੀਆਂ ਰੀਝਾਂ ਦੀ ਪ੍ਰਤੀਨਿਧਤਾ ਨਹੀਂ ਕਰਦੀ, ਸਿਰਫ਼ ਇਸੇ ਕੋਲ ਹੀ ਜਥੇਦਾਰ ਥਾਪਣ ਜਾਂ ਹਟਾਉਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਸਮਾਂ ਆ ਗਿਆ ਹੈ ਕਿ ਅਕਾਲ ਤਖ਼ਤ ਨੂੰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਖੇਤਰੀ ਸਿਆਸਤ ਤੋਂ ਵੱਖ ਕੀਤਾ ਜਾਵੇ। ਲੰਮੇਰੇ ਭਵਿੱਖ ’ਚ, ਇਸ ਤਰ੍ਹਾਂ ਦੀ ਅਲਹਿਦਗੀ ਸਾਰਿਆਂ ਲਈ ਲਾਭਕਾਰੀ ਸਾਬਿਤ ਹੋ ਸਕਦੀ ਹੈ ਪਰ ਇਹ ਸੌਖੇ ਢੰਗ ਨਾਲ ਸਿਰੇ ਚੜ੍ਹਨ ਦੀ ਸੰਭਾਵਨਾ ਬਹੁਤ ਘੱਟ ਹੈ। ਇਸ ਤਰ੍ਹਾਂ ਦੀ ਤਬਦੀਲੀ ਲਈ ਵਿਆਪਕ ਜਨਤਕ ਲਾਮਬੰਦੀ ਦੀ ਲੋੜ ਪਏਗੀ।

ਸਕਾਰਾਤਮਕ ਪਹਿਲੂ ਇਹ ਹੈ ਕਿ ਸਿੱਖਾਂ ਕੋਲ ਅੱਜ ਕਈ ਮੁਲਕਾਂ ’ਚ ਪ੍ਰਫੁੱਲਤ ਸਿਵਲ ਸੁਸਾਇਟੀ ਸੰਗਠਨ ਅਤੇ ਆਪਣੇ ਸਾਧਨ ਹਨ, ਜੋ ਇਸ ਤਰ੍ਹਾਂ ਦੀ ਤਬਦੀਲੀ ਨੂੰ ਸੰਭਵ ਬਣਾ ਸਕਦੇ ਹਨ।

# ਡਿਜੀਟਲ ਕ੍ਰਾਂਤੀ; ਪੰਜਾਬ ਵਿਧਾਨ ਸਭਾ ਦੀਆਂ ਤਕਰੀਰਾਂ ਹੁਣ ਇਕ ਕਲਿੱਕ ’ਤੇ

ਡਾ. ਗੁਰਪ੍ਰੀਤ ਸਿੰਘ ਲਹਿਲ

ਅੱਜ ਦੇ ਦੌਰ ਵਿਚ ਸਾਡੇ ਸਾਰੇ ਪ੍ਰੰਪਰਾਗਤ ਢਾਂਚੇ ਡਿਜੀਟਲ ਦੁਨੀਆ ਵੱਲ ਵੱਧ ਰਹੇ ਹਨ। ਇੰਟਰਨੈੱਟ ਨੇ ਬਹੁਤ ਕੁਝ ਬਦਲ ਦਿੱਤਾ ਹੈ। ਹੁਣ ਅਸੀਂ ਹਰ ਸਹੂਲਤ ਦੀ ਆਸ ਇਕ ਕਲਿੱਕ ਤੋਂ ਕਰਦੇ ਹਾਂ। ਅਸੀਂ ਕੁਝ ਵੀ ਸੋਚਦੇ ਹਾਂ ਅਤੇ ਉਸ ਬਾਰੇ ਜਾਣਕਾਰੀ ਹਾਸਿਲ ਕਰਨਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਇੰਟਰਨੈੱਟ ’ਤੇ ਜਾ ਕੇ ਸਰਚ ਕਰਦੇ ਹਾਂ। ਇਸ ਦਾ ਸਾਡੇ ਰਾਜਨੀਤਕ ਮਾਹੌਲ ’ਤੇ ਵੀ ਅਸਰ ਹੋਇਆ ਹੈ। ਸਾਡਾ ਦੇਸ਼ ਹੁਣ ‘ਡਿਜੀਟਲ’ ਹੋਣ ਵੱਲ ਵੱਧ ਰਿਹਾ ਹੈ।ਸਾਲ 2023 ਦੇ ਸ਼ੁਰੂ ਵਿਚ ਪੰਜਾਬ ਵਿਧਾਨ ਸਭਾ ਦੀਆਂ ਸਾਰੀਆਂ ਤਕਰੀਰਾਂ ਨੂੰ ਡਿਜੀਟਲ ਰੂਪ ਦੇਣ ਦਾ ਖ਼ਿਆਲ ਆਇਆ ਸੀ, ਜੋ ਹੁਣ ਅਸਲੀਅਤ ਬਣ ਚੁੱਕਿਆ ਹੈ। ਇਹ ਸਭ ਮੁਮਕਿਨ ਹੋਇਆ ਹੈ ਆਈਆਈਆਈਟੀ ਹੈਦਰਾਬਾਦ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸੀ-ਡੈਕ ਨੋਇਡਾ ਦੇ ਸਾਂਝੇ ਯਤਨਾਂ ਨਾਲ, ਜੋ ਐੱਨਐੱਲਟੀਐੱਮ ਭਾਸ਼ਿਨੀ ਪ੍ਰਾਜੈਕਟ ਦੇ ਅਧੀਨ ਆਉਂਦਾ ਹੈ। ਇਸ ਪ੍ਰਾਜੈਕਟ ਨੂੰ ਮਾਇਟੀ (ਇਟੇ) ਵੱਲੋਂ ਫੰਡ ਦਿੱਤਾ ਗਿਆ ਹੈ। ਇਸ ਪ੍ਰਾਜੈਕਟ ਰਾਹੀਂ ਵਿਧਾਨ ਸਭਾ ਦੇ ਸਾਰੇ ਰਿਕਾਰਡ ਨੂੰ ਡਿਜੀਟਲ ਰੂਪ ਦਿੱਤਾ ਜਾਵੇਗਾ ਤਾਂ ਜੋ ਯੂਜ਼ਰਜ਼ ਇਸ ਸਬੰਧੀ ਇੰਟਰਨੈੱਟ 'ਤੇ ਕੋਈ ਵੀ ਜਾਣਕਾਰੀ ਲੈ ਸਕਣ। ਇਹ ਇਕ ਚੰਗੀ ਪਹਿਲ ਹੈ।

ਡਾ. ਗੁਰਪ੍ਰੀਤ ਸਿੰਘ ਲਹਿਲ (ਸਾਬਕਾ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਸੀਨੀਅਰ ਪ੍ਰਾਜੈਕਟ ਸਲਾਹਕਾਰ, ਆਈਆਈਆਈਟੀ ਹੈਦਰਾਬਾਦ) ਅਤੇ ਪ੍ਰੋਫੈਸਰ ਸੀਵੀ ਜਵਾਹਰ (ਆਈਆਈਆਈਟੀ ਹੈਦਰਾਬਾਦ) ਦੀ ਅਗਵਾਈ ਵਿਚ ਇਹ ਇਤਿਹਾਸਕ ਪ੍ਰਾਜੈਕਟ ਪੰਜਾਬ ਵਿਧਾਨ ਸਭਾ ਦੀਆਂ ਕਾਰਵਾਈਆਂ ਦੇ ਪੂਰੇ ਇਤਿਹਾਸ ਤਕ ਪਹੁੰਚ ਪ੍ਰਦਾਨ ਕਰਦਾ ਹੈ। ਸਾਲ 1947 ਤੋਂ ਲੈ ਕੇ ਹੁਣ ਤਕ ਦੀਆਂ ਵਿਧਾਨ ਸਭਾ ਦੀਆਂ ਸਾਰੀਆਂ ਤਕਰੀਰਾਂ ਦਾ ਖੋਜਣਯੋਗ ਯੂਨੀਕੋਡ ਡਾਟਾਬੇਸ ਡਿਜੀਟਲਾਈਜ਼ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਪਹਿਲ ਨੂੰ ਸੂਬੇ ਦੇ ਬਿਨਾਂ ਕਿਸੇ ਖ਼ਰਚੇ ਤੋਂ ਵਿਕਸਿਤ ਕੀਤਾ ਗਿਆ ਹੈ, ਜਿਸ ਨੇ ਓਪਨ ਗਵਰਨੈਂਸ ਵਿਚ ਮਿਸਾਲ ਕਾਇਮ ਕੀਤੀ ਹੈ।ਇਸ ਖੋਜ ਇੰਜਣ ਦਾ ਰਸਮੀ ਤੌਰ ’ਤੇ ਉਦਘਾਟਨ 11 ਮਾਰਚ 2025 ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਕੀਤਾ ਗਿਆ ਸੀ। ਇਸ ਦਾ ਉਦੇਸ਼ ਵਿਧਾਨ ਸਭਾ ਦੇ ਕੰਮਕਾਜ ਵਿਚ ਪਾਰਦਰਸ਼ਤਾ ਲਿਆਉਣਾ ਅਤੇ ਸੰਸਦੀ ਰਿਕਾਰਡ ਨੂੰ ਜਨਤਾ ਦੀ ਪਹੁੰਚ ਤਕ ਯਕੀਨੀ ਬਣਾਉਣਾ ਹੈ। ਪੰਜਾਬ ਦੋ ਇਤਿਹਾਸਕ ਮੀਲ ਪੱਥਰ ਹਾਸਿਲ ਕਰਨ ਵਾਲਾ ਪਹਿਲਾ ਸੂਬਾ ਬਣ ਗਿਆ ਹੈ ਪਹਿਲਾ ਹੈ ਸੱਤ ਦਹਾਕਿਆਂ ਦੇ ਵਿਧਾਨ ਸਭਾ ਦੇ ਰਿਕਾਰਡਾਂ ਦੀ ਪੂਰੀ ਯੂਨੀਕੋਡ ਡਿਜੀਟਲਾਈਜੇਸ਼ਨ ਤੇ ਦੂਜਾ ਹੈ ਵਿਧਾਨ ਸਭਾ ਦੀਆਂ ਤਕਰੀਰਾਂ ਨੂੰ ਸਾਂਭਣ ਤੇ ਖੋਜਣ ਲਈ ਸਰਚ ਇੰਜਣ ਤਿਆਰ ਕਰਨਾ। ਯੂਨੀਕੋਡ ਡਿਜੀਟਲਾਈਜੇਸ਼ਨ ਉਹ ਹੁੰਦੀ ਹੈ, ਜਿਸ ਨੂੰ ਅਸੀਂ ਆਸਾਨੀ ਨਾਲ ਮੋਬਾਈਲ ’ਤੇ ਦੇਖ ਸਕਦੇ ਹਾਂ ਜਾਂ ਉਸ ਬਾਰੇ ਸਰਚ ਕਰ ਸਕਦੇ ਹਾਂ। ਉਸ ਦਾ ਅਨੁਵਾਦ ਵੀ ਕੀਤਾ ਜਾ ਸਕਦਾ ਹੈ। ਕਹਿਣ ਦਾ ਭਾਵ ਹੈ ਕਿ ਉਸ ਬਾਰੇ ਡਿਜੀਟਲ ਰੂਪ ਵਿਚ ਹਰ ਸਹੂਲਤ ਮੁਹੱਈਆ ਹੁੰਦੀ ਹੈ।




**ਤਕਨੀਕੀ ਚੁਣੌਤੀਆਂ**

ਇਸ ਪ੍ਰਾਜੈਕਟ ਨੂੰ ਲਾਗੂ ਕਰਨ ਤੇ ਪੰਜਾਬ ਦੀ ਵਿਧਾਨ ਸਭਾ ਦੀ ਵਿਰਾਸਤ ਨੂੰ ਆਧੁਨਿਕ ਡਿਜੀਟਲ ਸਰੋਤ ਵਿਚ ਬਦਲਣ ਬਾਰੇ ਚਰਚਾ ਕੀਤੀ ਗਈ। ਇਹ ਆਪਣੇ ਆਪ ਵਿਚ ਬਹੁਤ ਹੀ ਚੁਣੌਤੀ ਭਰਿਆ ਕੰਮ ਹੈ। ਇਸ ਖੋਜ ਇੰਜਣ ਦੇ ਵਿਕਾਸ ਲਈ ਪੰਜਾਬ ਵਿਧਾਨ ਸਭਾ ਦੇ ਪੁਰਾਲੇਖ, ਜਿਸ ਵਿਚ ਪਿਛਲੇ 77 ਸਾਲਾਂ ਦਾ ਵਿਧਾਨ ਸਭਾ ਦਾ ਇਤਿਹਾਸ, ਜਿਸ ’ਚ 2,00,000 ਤੋਂ ਵੱਧ ਪੰਨੇ ਹਨ, ਉਨ੍ਹਾਂ ਦੀ ਤਰਤੀਬਵਾਰ ਡਿਜੀਟਲਾਈਜੇਸ਼ਨ ਜ਼ਰੂਰੀ ਸੀ। ਇਸ ਵਿਸ਼ਾਲ ਸਮੱਗਰੀ ਨੂੰ ਯੂਨੀਕੋਡ ਅਨੁਕੂਲ ਟੈਕਸਟ ਵਿਚ ਬਦਲਣ ਲਈ ਕਈ ਤਕਨੀਕੀ ਚੁਣੌਤੀਆਂ ਵਿੱਚੋਂ ਲੰਘਣਾ ਪਿਆ ਕਿਉਂਕਿ ਏਨੇ ਵਿਸ਼ਾਲ ਡਾਟੇ ਨੂੰ ਡਿਜੀਟਲ ਰੂਪ ਦੇਣਾ ਕੋਈ ਆਸਾਨ ਕੰਮ ਨਹੀਂ ਹੈ।

**ਬਹੁਲਿਪੀ ਪਛਾਣ**

ਵਿਧਾਨ ਸਭਾ ਵਿਚ ਜੋ ਤਕਰੀਰਾਂ ਦਿੱਤੀਆਂ ਜਾਂਦੀਆਂ ਹਨ, ਉਹ ਕਈ ਭਾਸ਼ਾਵਾਂ ਦਾ ਸੁਮੇਲ ਹੁੰਦੀਆਂ ਹਨ। ਉਨ੍ਹਾਂ ਨੂੰ ਡਿਜੀਟਲ ਰੂਪ ਦੇਣ ਲਈ ਉਨ੍ਹਾਂ ਭਾਸ਼ਾਵਾਂ ਨੂੰ ਕੰਪਿਊਟਰ ਦੀ ਭਾਸ਼ਾ ਵਿਚ ਹੋਣਾ ਬਹੁਤ ਜ਼ਰੂਰੀ ਹੈ। ਡਿਜੀਟਲਾਈਜ਼ਡ ਤਕਰੀਰਾਂ ਵਿਚ ਤਿੰਨ ਭਾਸ਼ਾਈ ਸਮੱਗਰੀ (ਦੇਵਨਾਗਰੀ, ਗੁਰਮੁਖੀ ਅਤੇ ਅੰਗਰੇਜ਼ੀ) ਨੂੰ ਆਪਣੇ ਆਪ ਪਛਾਣਨ ਤੇ ਪ੍ਰੋਸੈਸ ਕਰਨ ਦੇ ਸਮਰੱਥ ਏਆਈ-ਸੰਚਾਲਿਤ ਸਕ੍ਰਿਪਟ ਪਛਾਣ ਮੋਡਿਊਲ ਨੂੰ ਲਾਗੂ ਕਰਨਾ, ਜੋ ਵੱਖ-ਵੱਖ ਸੰਸਦੀ ਰਿਕਾਰਡਾਂ ਦੇ ਸਹੀ ਵਰਗੀਕਰਨ ਨੂੰ ਸਮਰੱਥ ਬਣਾਉਂਦਾ ਹੈ। ਇਕ ਉੱਨਤ ਆਪਟੀਕਲ ਕਰੈਕਟਰ ਰਿਕੋਗਨੀਸ਼ਨ ਯਾਨੀ ਓਸੀਆਰ ਸਿਸਟਮ ਦਾ ਵਿਕਾਸ ਜੋ ਇਤਿਹਾਸਕ ਰਿਕਾਰਡਾਂ ਵਿਚ ਵੱਖ-ਵੱਖ ਫੌਂਟ ਸਟਾਈਲਾਂ, ਸਿਆਹੀ ਦੀਆਂ ਭਿੰਨਤਾਵਾਂ ਅਤੇ ਖ਼ਰਾਬ ਪ੍ਰਿੰਟ ਨੂੰ ਪਛਾਣਨ ਦੇ ਸਮਰੱਥ ਹੈ। ਓਸੀਆਰ ਉਹ ਸਿਸਟਮ ਹੁੰਦਾ ਹੈ, ਜਿਸ ਵਿਚ ਤਸਵੀਰਾਂ ਨੂੰ ਸ਼ਬਦਾਂ ਦਾ ਰੂਪ ਦਿੱਤਾ ਜਾਂਦਾ ਹੈ। ਸਾਲ 1947 ਤੋਂ ਲੈ ਕੇ ਹੁਣ ਤਕ ਉਨ੍ਹਾਂ ਤਸਵੀਰਾਂ ਦਾ ਵਿਸ਼ਲੇਸ਼ਣ ਕਰਨਾ ਹੈ। ਜਦ ਅਸੀਂ ਰਿਕਾਰਡ ਚੈੱਕ ਕਰਦੇ ਹਾਂ ਤਾਂ ਕਈ ਚੁਣੌਤੀਆਂ ਆਉਂਦੀਆਂ ਹਨ। ਅੱਖਰਾਂ ਦੀ ਬਣਤਰ ਅਲੱਗ ਹੁੰਦੀ ਹੈ, ਸਿਆਹੀ ਅਲੱਗ ਹੋ ਸਕਦੀ ਹੈ ਅਤੇ ਕਈ ਪੁਰਾਣੇ ਦਸਤਾਵੇਜ਼ਾਂ ਦੀ ਹਾਲਤ ਵੀ ਖ਼ਰਾਬ ਹੁੰਦੀ ਹੈ। ਉਨ੍ਹਾਂ ਨੂੰ ਸਮਝਣਾ ਤੇ ਡਿਜੀਟਲ ਰੂਪ ਦੇਣਾ ਔਖਾ ਹੁੰਦਾ ਹੈ।

**ਲਿਪੀਅੰਤਰਨ**

ਬਹੁ-ਭਾਸ਼ਾਈ ਉਪਭੋਗਤਾਵਾਂ ਦੀ ਸਹੂਲਤ ਲਈ ਤਿੰਨ ਵੱਖ-ਵੱਖ ਲਿਖਣ ਪ੍ਰਣਾਲੀਆਂ ’ਚ ਨਿਰਵਿਘਨ ਲਿਪੀਅੰਤਰਨ ਤੇ ਖੋਜ ਕਾਰਜਕੁਸ਼ਲਤਾ ਨੂੰ ਯਕੀਨੀ ਬਣਾਉਣਾ, ਭਾਸ਼ਾਵਾਂ ’ਚ ਖੋਜ ਨਤੀਜਿਆਂ ਵਿਚ ਉੱਚ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਸਰਚ ਇੰਜਣ ਨੂੰ ਭਾਸ਼ਾ ਅਨੁਕੂਲ ਬਣਾਉਣਾ।

**ਮੁੱਖ ਵਿਸ਼ੇਸ਼ਤਾਵਾਂ**

**ਤਕਰੀਰਾਂ ਦੀ ਆਸਾਨ ਪ੍ਰਾਪਤੀ**

ਯੂਜ਼ਰਜ਼ ਖ਼ਾਸ ਕੀਅ-ਵਰਡ ਜਾਂ ਸ਼ਬਦਾਂ ਰਾਹੀਂ ਇਤਿਹਾਸਕ ਤੇ ਸਮਕਾਲੀ ਤਕਰੀਰਾਂ ਨੂੰ ਸਰਚ ਕਰ ਕੇ ਹਾਸਿਲ ਕਰ ਸਕਦੇ ਹਨ। ਉਦਾਹਰਨ ਲਈ ਜੇ ਤੁਸੀਂ ‘ਪੰਜਾਬੀ ਸੂਬਾ’ ਲਿਖ ਕੇ ਸਰਚ ਕਰਦੇ ਹੋ ਤਾਂ 1947 ਤੋਂ ਲੈ ਕੇ ਹੁਣ ਤਕ ਇਸ ਨਾਲ ਸਬੰਧਿਤ ਸਾਰੀਆਂ ਤਕਰੀਰਾਂ ਦੀ ਸੂਚੀ ਤੁਹਾਡੇ ਸਾਹਮਣੇ ਆ ਜਾਵੇਗੀ। ਇਸ ਨਾਲ ਯੂਜ਼ਰਜ਼ ਨੂੰ ਮਹੱਤਵਪੂਰਨ ਨੀਤੀਗਤ ਮਾਮਲਿਆਂ ਦੇ ਵਿਕਾਸ ਦਾ ਪਤਾ ਲਗਾਉਣ ਦੇ ਯੋਗ ਬਣਾਇਆ ਜਾਂਦਾ ਹੈ।

**ਵਿਸ਼ੇਸ਼ ਬਹਿਸ ਵਿਸ਼ਲੇਸ਼ਣ**

ਨਾਗਰਿਕ ਆਪਣੇ ਹਲਕੇ ਦੇ ਵਿਧਾਇਕ ਦਾ ਨਾਂ ਦਰਜ ਕਰ ਕੇ ਉਸ ਦੀ ਸ਼ਮੂਲੀਅਤ ਦਾ ਮੁਲਾਂਕਣ ਕਰ ਸਕਦੇ ਹਨ। ਸਿਸਟਮ ਵਿਧਾਇਕ ਵੱਲੋਂ ਵਿਚਾਰੇ ਗਏ ਵਿਸ਼ਿਆਂ ਅਤੇ ਉਸ ਦੀ ਭਾਗੀਦਾਰੀ ਦੀ ਸਾਰੀ ਜਾਣਕਾਰੀ ਤੁਹਾਨੂੰ ਪ੍ਰਦਾਨ ਕਰਦਾ ਹੈ, ਜਿਸ ਨਾਲ ਸ਼ਾਸਨ ਵਿਚ ਪਾਰਦਰਸ਼ਤਾ ਤੇ ਜਵਾਬਦੇਹੀ ਨੂੰ ਉਤਸ਼ਾਹ ਮਿਲਦਾ ਹੈ।

**ਲਿਪੀਅੰਤਰਨ ਤਕਨਾਲੋਜੀ**

ਇਸ ਤਕਨਾਲੋਜੀ ਵਿਚ ਇਕ ਭਾਸ਼ਾ (ਉਦਾਹਰਨ ਲਈ, ਅੰਗਰੇਜ਼ੀ, ਪੰਜਾਬੀ ਜਾਂ ਹਿੰਦੀ) ਵਿਚ ਦਾਖ਼ਲ ਕੀਤੀ ਗਈ ਜਾਣਕਾਰੀ ਨੂੰ ਆਪਣੇ-ਆਪ ਤਿੰਨਾਂ ਅਧਿਕਾਰਤ ਤਕਰੀਰ ਕਰਨ ਵਾਲੀਆਂ ਲਿਪੀਆਂ (ਗੁਰਮੁਖੀ, ਦੇਵਨਾਗਰੀ ਅਤੇ ਅੰਗਰੇਜ਼ੀ) ਵਿਚ ਵਿਆਪਕ ਬਹੁਲਿਪੀ ਖੋਜ ਲਈ ਲਿਪੀਅੰਤਰਿਤ ਕੀਤਾ ਜਾਂਦਾ ਹੈ। ਉਦਾਹਰਨ ਲਈ ਜੇ ਤੁਸੀਂ ਅੰਗਰੇਜ਼ੀ ਵਿਚ “Punjaib suba” ਸਰਚ ਕਰਦੇ ਹੋ ਤਾਂ ਡਿਜੀਟਲਾਈਜ਼ਡ ਰਿਕਾਰਡਾਂ ਵਿਚ ਸਮਾਨ ਸ਼ਬਦਾਂ ਜਿਵੇਂ ‘ਪੰਜਾਬੀ ਸੂਬਾ’ ਨੂੰ ਗੁਰਮੁਖੀ ਅਤੇ ਦੇਵਨਾਗਰੀ ਲਈ ਇੱਕੋ ਸਮੇਂ ਖੋਜਿਆ ਜਾਂਦਾ ਹੈ।

ਸਰਚ ਇੰਜਣ ਵਿਚ ਇੱਕੋ ਜਿਹੀ ਧੁਨੀ ਵਾਲੇ ਸ਼ਬਦਾਂ ਨੂੰ ਪਛਾਣਨ, ਨਾਵਾਂ ਤੇ ਵਿਸ਼ਿਆਂ ਵਿਚ ਮਾਮੂਲੀ ਭਿੰਨਤਾਵਾਂ ਨੂੰ ਠੀਕ ਕਰਨ ਲਈ ਐਡਵਾਂਸਡ ਫਿਜ਼ੀ ਸਰਚ ਸਮਰੱਥਾਵਾਂ ਸ਼ਾਮਿਲ ਹਨ, ਜਿਸ ਨਾਲ ਸਹੀ ਨਤੀਜੇ ਆਉਣ ਦੀ ਸੰਭਾਵਨਾ ਵੱਧਦੀ ਹੈ। ਉਦਾਹਰਨ ਲਈ ਪੰਜਾਬ ਦੇ ਪਹਿਲੇ ਮੁੱਖ ਮੰਤਰੀ Goip Chand Bhargava ਨੂੰ ਥੋੜ੍ਹੇ ਜਿਹੇ ਗ਼ਲਤ ਸਪੈਲਿੰਗ, ਜਿਵੇਂ “Bhargav” ਨਾਲ ਸਰਚ ਕਰਨ ’ਤੇ ਵੀ ਸਹੀ ਨਤੀਜੇ ਮਿਲਣਗੇ। ਇਸੇ ਤਰ੍ਹਾਂ ਜੇ ਉਪਭੋਗਤਾ ‘ਪਰਕਾਸ਼ ਸਿੰਘ ਬਾਦਲ’ ਦੀ ਜਾਣਕਾਰੀ ਲਈ ਸਰਚ ਕਰਦਾ ਹੈ, ਤਾਂ ਜੇ ਸਿਸਟਮ ਵਿਚ ‘ਪਰਕਾਸ਼ ਸਿੰਘ ਬਾਦਲ’ ਭਰਿਆ ਜਾਂਦਾ ਹੈ ਤਾਂ ਵੀ ਸਿਸਟਮ ਪ੍ਰਕਾਸ਼ ਸਿੰਘ ਬਾਦਲ ਨਾਲ ਸਬੰਧਿਤ ਜਾਣਕਾਰੀ ਦੇਵੇਗਾ।

**ਮਿਤੀ ਦੁਆਰਾ ਫਿਲਟਰ ਕਰਨਾ**

ਉਪਭੋਗਤਾ ਵਧੇਰੇ ਸਟੀਕ ਨਤੀਜਿਆਂ ਲਈ ਖ਼ਾਸ ਵਿਧਾਨ ਸਭਾ ਸੈਸ਼ਨਾਂ (ਉਦਾਹਰਨ ਲਈ ਪੰਜਵੀਂ ਵਿਧਾਨ ਸਭਾ) ਲਈ ਵੀ ਸਰਚ ਕਰ ਸਕਦੇ ਹਨ ਜਾਂ ਜਿਸ ਮਿਤੀ ਦੀ ਕਾਰਵਾਈ ਲਈ ਜਾਣਕਾਰੀ ਚਾਹੀਦੀ ਹੈ, ਉਹ ਭਰ ਕੇ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।

**ਡਾਊਨਲੋਡ ਤੇ ਪ੍ਰਿੰਟ ਕਾਰਜ ਕੁਸ਼ਲਤਾ**

(ਬਾਕੀ ਅਗਲੇ ਸਫੇ ‘ਤੇ)

Issue- 468, Vol-19, April 28, 2025

# ਯੂਕਰੇਨ ਜੰਗ ਪ੍ਰਤੀ ਅਮਰੀਕੀ ਨੀਤੀ ’ਚ ਬਦਲਾਅ ਨੇ ਯੂਰਪ ਨੂੰ ਕਸੂਤਾ ਫਸਾਇਆ

ਮਨਦੀਪ

ਕੁੱਲ ਸੰਸਾਰ ਨੂੰ ਬੀਤੇ ਕੁਝ ਸਾਲਾਂ ’ਚ ਕਰੋਨਾ ਮਹਾਮਾਰੀ, ਰੂਸ-ਯੂਕਰੇਨ ਤੇ ਇਜ਼ਰਾਈਲ-ਫਲਸਤੀਨ ਜੰਗ ਅਤੇ ਅਮਰੀਕਾ-ਚੀਨ ਵਪਾਰਕ ਜੰਗ ਨੇ ਆਰਥਿਕ-ਸਮਾਜਿਕ ਤੌਰ ’ਤੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਵਿਸ਼ਵਵਿਆਪੀ ਪੱਧਰ ’ਤੇ ਵਧਦੀ ਮਹਿੰਗਾਈ, ਰਾਜਨੀਤਕ ਅਸਥਿਰਤਾ, ਜੰਗੀ ਤਣਾਅ, ਪਰਵਾਸ ਸੰਕਟ, ਲਗਾਤਾਰ ਨਿਘਾਰ ਵੱਲ ਜਾ ਰਿਹਾ ਗਲੋਬਲ ਅਰਥਚਾਰਾ ਆਦਿ ਅਲਾਮਤਾਂ ਨੇ ਕੁੱਲ ਆਲਮ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਸੰਸਾਰ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਦੀ ਵਰਤਮਾਨ ਦੋ ਜੰਗਾਂ (ਯੂਕਰੇਨ, ਇਜ਼ਰਾਈਲ) ਤੇ ਵਪਾਰਕ ਜੰਗ ਦੁਆਲੇ ਹੋ ਰਹੀ ਕਤਾਰਬੰਦੀ ਨਵੀਂ ਵਿਸ਼ਵ ਵਿਵਸਥਾ ’ਚ ਹਲਚਲ ਵਧਾ ਰਹੀ ਹੈ। ਅਮਰੀਕੀ ਸਾਮਰਾਜ ਵੱਲੋਂ ਟਰੰਪ ਪ੍ਰਸ਼ਾਸ਼ਨ ਹੇਠ ਅਪਣਾਈਆਂ ਜਾ ਰਹੀਆਂ ਨਵੀਆਂ ਪੈਂਤੜੇਬਾਜ਼ੀਆਂ ਸੰਸਾਰ ਭਰ ਦੇ ਆਰਥਿਕ-ਸਿਆਸੀ ਮਾਹਿਰਾਂ-ਵਿਸ਼ਲੇਸ਼ਕਾਂ ਨੂੰ ਅਚੰਭੇ ਵਿੱਚ ਪਾ ਰਹੀਆਂ ਹਨ। ਅਮਰੀਕਾ ਅੰਦਰ ਟਰੰਪ-ਜ਼ੇਲੈਂਸਕੀ ਮਿਲਣੀ ਦੀ ਅਸਫਲਤਾ ਤੋਂ ਬਾਅਦ ਵਿਸ਼ਵ ਭੂ-ਰਾਜਨੀਤੀ ‘ਚ ਆਏ ਭੂਚਾਲ ਕਾਰਨ ਵੱਖ ਵੱਖ ਤਰ੍ਹਾਂ ਦੀਆਂ ਕਿਆਸਅਰਾਈਆਂ ਹੋਰ ਤੀਬਰ ਹੋ ਗਈਆਂ ਹਨ।

ਟਰੰਪ ਵੱਲੋਂ ਆਪਣੇ ਮੇਜ਼ਬਾਨ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੂੰ ਓਵਲ ਦਫ਼ਤਰ ਸੱਦਕੇ ਮੀਡੀਆ ਜ਼ਰੀਏ ਸੰਸਾਰ ਸਾਹਮਣੇ ਬੇਇਜ਼ਤ ਕਰਨਾ ਇੱਕ ਇਤਿਹਾਸਕ ਘਟਨਾ ਬਣ ਗਈ ਹੈ। ਜ਼ੇਲੈਂਸਕੀ ਨੂੰ ਵਾਈਟ ਹਾਊਸ ਦੀ ਗਰਿਮਾ ਮੁਤਾਬਕ ਵਧੀਆ ਡਰੈੱਸ ਨਾ ਪਾਉਣ ’ਤੇ ਤਨਜ਼ ਕਸਣਾ ਉਸ ਨਾਲ ਬਦਸਲੂਕੀ ਕਰਨ ਬਰਾਬਰ ਸੀ। ਜੰਗ ਰੋਕਣ ਲਈ ਯੂਕਰੇਨ ਦੀ ਰੂਸ ਤੋਂ ‘ਸੁਰੱਖਿਆ ਗਾਰੰਟੀ’ ਦਾ ਅਮਰੀਕੀ ਵਾਅਦਾ ਅਤੇ ਇਵਜ਼ਾਨੇ ਵਿੱਚ ਅਮਰੀਕਾ ਦੀ ਯੂਕਰੇਨ ਦੇ ਬੇਸ਼ਕੀਮਤੀ ਖਣਿਜ਼ ਸਰੋਤਾਂ (ਮਾਈਕ੍ਰੋਚਿੱਪਾਂ ਤੇ ਨਵੀਨ ਤਕਨਾਲੋਜੀ ਲਈ ਧਰਤੀ ਦੇ ਦੁਰਲੱਭ ਖਣਿਜ਼) ਵਿੱਚ ਹਿੱਸੇਦਾਰੀ ਸੌਦੇ ਦੇ ਦੋ ਮੁੱਖ ਨੁਕਤੇ ਸਨ। ਇਹ ਸੌਦਾ ਯੂਕਰੇਨ ਨੂੰ ਜੰਗ ਵਿੱਚ ਹੁਣ ਤੱਕ ਦਿੱਤੀ ਗਈ ਅਮਰੀਕੀ ਸਹਾਇਤਾ ਦੀ ਅਦਾਇਗੀ ਦੇ ਸਿੱਟੇ ਵਜੋਂ ਹੋਣਾ ਸੀ। ਪਰੰਤੂ, ਜ਼ੇਲੈਂਸਕੀ ਦੀ ਪੂਤਿਨ ਉੱਤੇ ਬੇਭਰੋਸਗੀ ਅਤੇ ਅਮਰੀਕਾ ਵੱਲੋਂ ਜ਼ੇਲੈਂਸਕੀ ਦੇ ਨਿਰਾਦਰ ਨਾਲ ਇਹ ਸੌਦਾ ਵਿਚਾਲੇ ਟੁੱਟ ਗਿਆ। ਮਿਲਣੀ ਤੋਂ ਪਹਿਲਾਂ ਜ਼ੇਲੈਂਸਕੀ ਨੂੰ ਟਰੰਪ ਵੱਲੋਂ ਤਾਨਾਸ਼ਾਹ ਕਹਿਣਾ ਅਤੇ ਫਿਰ ਮੀਡੀਆ ਸਾਹਮਣੇ ਉਸਨੂੰ ਤੀਜੀ ਸੰਸਾਰ ਜੰਗ ਲਈ ਜ਼ਿੰਮੇਵਾਰ ਕਰਾਰ ਦੇਣਾ ਸਿੱਧੇ-ਅਸਿੱਧੇ ਤੌਰ ਤੇ ਯੂਕਰੇਨ ਸਮੇਤ ਟ੍ਰਾਂਸਅਟਲਾਂਟਿਕ ਗੱਠਜੋੜ (ਅਮਰੀਕਾ, ਨਾਟੋ, ਯੂਰੋਪੀਅਨ ਯੂਨੀਅਨ) ਦੇ ਵਿਰੁੱਧ ਅਤੇ ਰੂਸ ਦੇ ਪੱਖ ਵਿੱਚ ਭੁਗਤਣ ਵਾਲਾ ਬਿਆਨ ਸੀ। ਮੀਟਿੰਗ ਦੀ ਅਸਫਲਤਾ ਬਾਅਦ ਟਰੰਪ ਵੱਲੋਂ ਕੀਵ ’ਤੇ ਜੰਗਬੰਦੀ ਲਈ ਦਬਾਅ ਵਧਾਉਣ ਲਈ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਅਮਰੀਕੀ ਫੌਜੀ, ਖੁਫੀਆ ਤੇ ਵਿੱਤੀ ਸਹਾਇਤਾ ’ਤੇ ਰੋਕ ਲਗਾਉਣ ਅਤੇ ਰੂਸ ਉੱਤੇ ਪੱਛਮੀ ਪਾਬੰਦੀਆਂ ਨੂੰ ਘਟਾਉਣ ਦੇ ਬਿਆਨ ਨਾਲ ਟਰੰਪ ਉੱਤੇ ਰੂਸ ਦਾ ਜਾਸੂਸ ਹੋਣ ਦੇ ਕਈ ‘ਸਾਜ਼ਿਸ਼ੀ ਸਿਧਾਂਤਾਂ’ ਦਾ ਬਾਜ਼ਾਰ ਗਰਮ ਹੋ ਗਿਆ ਹੈ। ਨਾ ਤਾਂ ਅਮਰੀਕਾ ਸ਼ਾਂਤੀ ਦਾ ਪੁਜਾਰੀ ਹੈ ਤੇ ਨਾ ਹੀ ਟਰੰਪ ਜੰਗਬੰਦੀ ਦੀ ਲੜਾਈ ਲੜਨ ਵਾਲਾ ਸ਼ਾਂਤੀਦੂਤ। ਸ਼ਾਂਤੀ ਬਹਾਨੇ ਇਹ ਸਮਝੌਤਾ ਯੂਕਰੇਨ ਦੇ ਬੇਸ਼ਕੀਮਤੀ ਸਰੋਤਾਂ ’ਤੇ ਕਬਜ਼ੇ, ਯੂਕਰੇਨ ਅੰਦਰ ਨਵ-ਉਦਾਰਵਾਦੀ ਨੀਤੀਆਂ ਦੇ ਮਾਡਲ ਦਾ ਰਾਹ ਹੋਰ ਵੱਧ ਪੱਧਰਾ ਕਰਨ ਅਤੇ ਜੰਗ ਦਾ ਮੁਹਾਣ ਰੂਸ ਵੱਲੋਂ ਮੋੜ ਕੇ ਮੁੱਖ ਦੁਸ਼ਮਣ ਚੀਨ ਵੱਲ ਕਰਨ ਲਈ ਸੀ। ਅਮਰੀਕੀ ਸਾਮਰਾਜੀ ਦਬਦਬੇ ਲਈ ਅੱਜ ਸਭ ਤੋਂ ਵੱਡੀ ਚੁਣੌਤੀ ਚੀਨ ਹੈ।



ਉਧਰ, ਵਾਈਟ ਹਾਊਸ ਤੋਂ ਬੇਆਬਰੂ ਹੋ ਕੇ ਪਰਤੇ ਜ਼ੇਲੈਂਸਕੀ ਨੂੰ ਫਰਾਂਸ, ਬ੍ਰਿਟੇਨ ਸਮੇਤ ਯੂਰੋਪੀਅਨ ਮੁਲਕਾਂ ਦਾ ਥਾਪੜਾ ਪ੍ਰਾਪਤ ਹੋ ਰਿਹਾ ਹੈ। ਟਰੰਪ ਵੱਲੋਂ ਪੱਛਮੀ ਯੂਰੋਪੀ ਭਾਈਵਾਲਾਂ ਨੂੰ ਦਰਕਿਨਾਰ ਕਰਕੇ ਰੂਸ-ਯੂਕਰੇਨ ਜੰਗਬੰਦੀ ਦੀ ਸਾਲਸੀ ਵਿੱਚੋਂ ਯੂਕਰੇਨ ਨਾਲ ਇਕੱਲਿਆਂ 500 ਅਰਬ ਡਾਲਰ ਦੇ ਖਣਿਜ ਸਮਝੌਤੇ ਕਰਨ ਦੀ ਮਸ਼ਕ ਫਿਲਹਾਲ ਅਧੂਰੀ ਰਹਿ ਗਈ ਹੈ। ਹੁਣ ਜੰਗ ਪ੍ਰਤੀ ਅਮਰੀਕੀ ਨੀਤੀ ਵਿੱਚ ਆਏ ਵੱਡੇ ਬਦਲਾਅ ਕਾਰਨ ਪੁੱਠੀ ਪਈ ਬਾਜ਼ੀ ‘ਚੋਂ ਯੂਰੋਪੀਅਨ ਮੁਲਕ ਸ਼ਾਂਤੀ ਯੋਜਨਾ ਦਾ ਸਿਹਰਾ ਆਪਣੇ ਸਿਰ ਬੰਨ੍ਹਕੇ ਯੂਕਰੇਨੀਅਨ ਮੰਡੀ ਵਿੱਚੋਂ ਹਿੱਸੇ-ਪੱਤੀ ਲਈ ਉਤਾਵਲੇ ਹੋ ਰਹੇ ਹਨ। ਕਿੰਗ ਚਾਰਲਸ ਨਾਲ ਜ਼ੇਲੈਂਸਕੀ ਦੀ ਮਿਲਣੀ ’ਤੇ ਯੂਕਰੇਨ ਦੀ ਸਰਬਸੱਤਾ ਲਈ ਲੰਡਨ ਵਿੱਚ ਹੋਏ ਸਿਖਰ ਸੰਮੇਲਨ ਵਿੱਚ 18 ਯੂਰੋਪੀ ਮੁਲਕਾਂ ਨੇ ਯੂਕਰੇਨ ਨੂੰ ਫੌਜੀ ਤੇ ਵਿੱਤੀ ਸਹਾਇਤਾ ਦੇਣ ਦੀ ਵਚਨਵੱਧਤਾ ਦਿਖਾਈ ਹੈ ਅਤੇ ਇੰਗਲੈਂਡ ਨੇ 1.6 ਅਰਬ ਪੌਂਡ ਦੀਆਂ 5,000 ਹਵਾਈ ਰੱਖਿਆ ਮਿਜ਼ਾਈਲਾਂ ਦੀ ਸਪਲਾਈ ਦੇ ਸਮਝੌਤੇ ਦਾ ਐਲਾਨ ਕੀਤਾ ਹੈ।

ਦੁਨੀਆ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਦੀ ਆਪਸੀ ਖਿੱਚੋਤਾਣ ਦਾ ਕੇਂਦਰ ਬਣੀ ਯੂਕਰੇਨ ਜੰਗ ਦਾ ਦਾਰੋਮਦਾਰ ਬਹੁ-ਪਸਾਰੀ ਹੈ। ਇਸ ਯੁੱਧ ਵਿੱਚ ਸਿੱਧੇ-ਅਸਿੱਧੇ ਤੌਰ ’ਤੇ ਸ਼ਾਮਲ ਤਾਕਤਾਂ ‘ਚੋਂ ਕਿਸੇ ਇਕ ਧਿਰ ਦੇ ਕੋਣ ਤੋਂ ਖੜ ਕੇ ਦੇਖਣ ਨਾਲ ਜੰਗ ਦੀ ਰਾਜਨੀਤਕ-ਆਰਥਿਕਤਾ ਨੂੰ ਨਹੀਂ ਸਮਝਿਆ ਜਾ ਸਕਦਾ। ਮਸਲਨ, ਜ਼ੇਲੈਂਸਕੀ ਦੇ ਸੰਦਰਭ ਵਿੱਚ ਇਹ ਧਾਰਨਾ ਕਿ ‘ਇੱਕ ਜੋਕਰ ਨੇ ਦੇਸ਼ ਡੋਬ ਦਿੱਤਾ’, ਜੰਗ ਦੇ ਕੁੱਲ ਪਹਿਲੂਆਂ ਦਾ ਸਧਾਰਨੀਕਰਨ ਕਰਨ ਤੇ ਜੰਗ ਵਿੱਚ ਸ਼ਾਮਲ ਵੱਡੀਆਂ ਬਾਹਰੀ ਤਾਕਤਾਂ ਦੀ ਭੂਮਿਕਾ ਨੂੰ ਮੇਸਣ ਜਾਂ ਘੱਟ ਕਰ ਕੇ ਆਂਕਣ ਬਰਾਬਰ ਹੈ। ਇਤਿਹਾਸਕ ਤੌਰ ’ਤੇ ਇਸ ਜੰਗ ਵਿੱਚ ਰੂਸ ਦੀ ਭੂਮਿਕਾ ਅਟੁੱਟ ਤੌਰ ’ਤੇ ਜੁੜੀ ਹੋਈ ਹੈ। ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਬਾਅਦ ਯੂਕਰੇਨ ਸਮੇਤ ਅਨੇਕਾਂ ਕੌਮੀਅਤਾਂ ਵੱਖ ਹੋ ਕੇ ਇੱਕ ਸੁਤੰਤਰ ਦੇਸ਼ ਵਜੋਂ ਹੋਂਦ ‘ਚ ਆਈਆਂ ਸਨ। ਸਮਾਜਵਾਦੀ ਸੋਵੀਅਤ ਯੂਨੀਅਨ ਦੇ ਪਤਨ ਬਾਅਦ ਰੂਸ ਨੇ ਸਾਮਰਾਜੀ ਪਦਚਿੰਨ੍ਹਾਂ ’ਤੇ ਚੱਲਦਿਆਂ ਆਪਣੇ ਪਸਾਰਵਾਦੀ ਹਿੱਤਾਂ ਤਹਿਤ ਆਪਣੇ ਖੁੱਸੇ ਹੋਏ ਖੇਤਰ ਨੂੰ ਮੁੜ ਹਾਸਲ ਕਰਨ ਦੀ ਹਿਰਸ ਪਾਲੀ ਹੋਈ ਹੈ। ਜਿਸ ਤਹਿਤ ਰੂਸ ਨੇ ਸਾਲ 2003 ‘ਚ ਯੂਕਰੇਨ ਦੇ ਤੁਜ਼ਲਾ ਟਾਪੂ ਉੱਤੇ ਡੈਮ ਬਣਾਕੇ ਜਬਰੀ ਘੁਸਪੈਠ ਕੀਤੀ। ਅਮਰੀਕਾ ਨੇ ਯੂਕਰੇਨ ਦੇ ਰੂਸ ਪੱਖੀ ਰਾਸ਼ਟਰਪਤੀ ਵਿਕਟਰ ਯਾਨਕੋਵਿਚ ਨਾਲ ਕਈ ਊਰਜਾ ਸਮਝੌਤੇ ਕਰਕੇ ਯੂਕਰੇਨ ਦੇ ਬੇਸ਼ਕੀਮਤੀ ਖੇਤਰਾਂ ਵਿੱਚ ਆਪਣੀ ਦਖਲਅੰਦਾਜ਼ੀ ਵਿੱਚ ਵਾਧਾ ਕੀਤਾ। ਯਾਨਕੋਵਿਚ ਨੇ ਰੂਸ ਦੇ ਪ੍ਰਭਾਵ ਹੇਠ ਆ ਕੇ ਯੂਰਪੀਅਨ ਯੂਨੀਅਨ ਨਾਲ ਮੁਕਤ ਵਪਾਰ ਸਮਝੌਤੇ ਰੱਦ ਕੀਤੇ ਅਤੇ ਸਾਲ 2014 ਵਿੱਚ ਰੂਸ ਨੇ ਕ੍ਰੀਮੀਆ ਤੇ ਸੇਵਾਸਤੋਪੋਲ ਦੀ ਬੰਦਰਗਾਹ ਉੱਤੇ ਕਬਜ਼ਾ ਕੀਤਾ। ਰੂਸ ਨੇ 2014 ਤੋਂ ਬਾਅਦ ਜੰਗਬੰਦੀ ਲਈ ਹੋਏ ‘ਮਿੰਸਕ ਸਮਝੌਤੇ’ ਦੀ ਉਲੰਘਣਾ ਕਰਕੇ ਲਗਾਤਾਰ ਪੂਰਬੀ ਡੋਨਬਾਸ ਵਿੱਚ ਰੂਸੀ ਵੱਖਵਾਦੀਆਂ ਰਾਹੀਂ ਘੁਸਪੈਠ ਜਾਰੀ ਰੱਖੀ। ਇਸੇ ਦੌਰਾਨ ਯੂਕਰੇਨ ਨੇ ਆਪਣੇ ਪੱਛਮੀ ਖੇਤਰ ਵਿੱਚ ਰੂਸੀ ਘੁਸਪੈਠ ਦੇ ਖਤਰੇ ਤੋਂ ਬਚਾਅ ਲਈ ਨਾਟੋ ਦਾ ਆਸਰਾ ਤੱਕਣਾ ਸ਼ੁਰੂ ਕਰ ਦਿੱਤਾ। ਉਧਰ ਅਮਰੀਕਾ ਤੇ ਉਸਦੇ ਪੱਛਮੀ ਭਾਈਵਾਲ ਜੋ ਲਗਾਤਾਰ ਰੂਸ ਦੇ ਗੁਆਂਢੀ ਮੁਲਕਾਂ ‘ਚ ਨਾਟੋ ਦਾ ਵਿਸਤਾਰ ਕਰਦੇ ਆ ਰਹੇ ਸਨ, ਲਈ ਇਹ ਸੁਨਹਿਰੀ ਮੌਕਾ ਵਰਦਾਨ ਬਣਕੇ ਬਹੁੜਿਆ।

ਇਸ ਜੰਗ ਵਿੱਚ ਜ਼ੇਲੈਂਸਕੀ ਦੀ ਇਤਿਹਾਸਕ ਤੇ ਬੱਜਰ ਗਲਤੀ ਇਹ ਸੀ ਕਿ ਉਸਨੂੰ ਸਾਮਰਾਜੀ ਤਾਕਤਾਂ ਦੇ ਵਿਸਤਾਰਵਾਦੀ ਚਰਿਤਰ ਦਾ ਇਲਮ ਨਹੀ ਸੀ। ਉਸਨੇ ਰੂਸੀ ਸਾਮਰਾਜ ਦੀ ਥਾਂ ਵੱਧ ਖੂੰਖਾਰ ਅਮਰੀਕੀ ਸਾਮਰਾਜ ਦੀ ਸ਼ਰਨ ਲੈ ਕੇ ਵੱਡੀ ਭੁੱਲ ਕੀਤੀ। ਇਸ ਯੁੱਧ ਵਿੱਚ ਸਭ ਤੋਂ ਵੱਧ ਵਿੱਤੀ ਤੇ ਫੌਜੀ ਸਹਾਇਤਾ ਅਮਰੀਕਾ ਨੇ ਪ੍ਰਦਾਨ ਕੀਤੀ ਹੈ। ਅਮਰੀਕਾ ਨੇ ਰੂਸ ਖ਼ਿਲਾਫ਼ ਯੂਕਰੇਨ ਦੀ ਧਰਤੀ ’ਤੇ ਲੁਕਵੀਂ ਜੰਗ (ਪ੍ਰੌਕਸੀ) ਲੜਨ ਲਈ ਜੰਗ ਦੇ ਕੁੱਲ ਫੌਜੀ ਹਾਰਡਵੇਅਰ ਦਾ 20% ਅਤੇ 180 ਅਰਬ ਅਮਰੀਕੀ ਡਾਲਰ (ਪੈਂਟਾਗਨ ਮੁਤਾਬਕ) ਤੋਂ ਵੱਧ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ। ਯੂਕਰੇਨ ਜੰਗ ਵਿੱਚ ਐਨਾ ਅੱਗੇ ਨਿਕਲ ਆਇਆ ਕਿ ਹੁਣ ਉਸਨੂੰ ਜੰਗ ਵਿੱਚੋਂ ਨਿਕਲਣ ਲਈ ਸਾਮਰਾਜੀ ਤਾਕਤਾਂ ਦੇ ਇੱਕ ਜਾਂ ਦੂਸਰੇ ਧੜੇ ਦੀ ਢੋਈ ਲੈਣੀ ਪੈ ਰਹੀ ਹੈ। ਰੂਸ ਨਾਲ ਸਨਮਾਨਜਨਕ ਸਮਝੌਤੇ ਉੱਤੇ ਪਹੁੰਚਣ ਲਈ ਉਸ ਨੂੰ ਰੂਸ ਉੱਤੇ ਜੰਗੀ ਦਬਾਅ ਲਈ ਅਮਰੀਕੀ ਹਵਾਈ ਰੱਖਿਆ, ਬੈਲਿਸਟਿਕ ਮਿਜ਼ਾਈਲਾਂ, ਸੈਟੇਲਾਈਟ ਸੰਚਾਰ (ਸਟਾਰਲਿੰਕ), ਫੌਜੀ ਤੇ ਵਿੱਤੀ ਸਹਾਇਤਾ ਦੀ ਜ਼ਰੂਰਤ ਵੀ ਹੈ ਅਤੇ ਜੰਗ ਦੁਆਲੇ ਸਾਮਰਾਜੀ ਤਾਕਤਾਂ ਤੇ ਕੂਟਨੀਤਕ ਦਬਾਅ ਬਣਾਉਣ ਅਤੇ ਵਿੱਤੀ ਸਹਾਇਤਾ ਲਈ ਯੂਰੋਪੀ ਸ਼ਕਤੀਆਂ ਦੀ ਵੀ ਲੋੜ ਹੈ।

ਯੂਕਰੇਨ ਜੰਗ ਦੁਆਲੇ ਪੈਦਾ ਹੋਏ ਨਵੇਂ ਹਾਲਾਤਾਂ ਵਿੱਚੋਂ ਜਿੱਥੇ ਰੂਸ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ, ਉੱਥੇ ਦੂਜੇ ਪਾਸੇ ਚੀਨ ਜੰਗਾਂ ਤੋਂ ਲਾਂਭੇ ਰਹਿਕੇ ਆਪਣੇ ਵਪਾਰਕ ਹਿੱਤਾਂ ਲਈ ਸੰਸਾਰ ਮੰਡੀ ਵਿੱਚ ਲਗਾਤਾਰ ਮਜ਼ਬੂਤੀ ਨਾਲ ਪੈਰ ਪਸਾਰ ਰਿਹਾ ਹੈ। ਟਰੰਪ ਪ੍ਰਸ਼ਾਸ਼ਨ ਦੀ ਯੂਕਰੇਨ ਜੰਗ ਨੂੰ ਲੈ ਕੇ ਬਦਲੀ ਨੀਤੀ ਨਾਲ ਯੂਰੋਪ ਅੰਦਰ ਅਮਰੀਕੀ ਸਾਖ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਵੱਲੋਂ ਨਾਟੋ ‘ਚੋਂ ਬਾਹਰ ਆਉਣ, ਯੂਐੱਸ ਏਡ ਬੰਦ ਕਰਨ ਅਤੇ ਨਾਟੋ ਭਾਈਵਾਲਾਂ ਉੱਤੇ ਫੌਜੀ ਖਰਚ ਲਈ ਬਜਟ ਹੋਰ ਵਧਾਉਣ ਦਾ ਦਬਾਅ ਅਤੇ ਟੈਰਿਫ ਨੂੰ ਲੈ ਕੇ ਯੂਰੋਪ, ਕੈਨੇਡਾ, ਮੈਕਸੀਕੋ, ਭਾਰਤ ਆਦਿ ਭਾਈਵਾਲਾਂ ਨਾਲ ਸ਼ੁਰੂ ਹੋਈ ਵਪਾਰਕ ਜੰਗ ਕਾਰਨ ਇਹਨਾਂ ਮੁਲਕਾਂ ਨੇ ਅਮਰੀਕਾ ਉੱਤੇ ਨਿਰਭਰਤਾ ਘਟਾਉਣ ਤੇ ਆਪਸੀ ਦੁਵੱਲੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਯਤਨ ਤੇਜ਼ ਕਰ ਦਿੱਤੇ ਹਨ। ਇਸ ਨਾਲ ਯੂਰੋ ਜ਼ੋਨ ਅਤੇ ਬ੍ਰਿਕਸ ਦੇਸ਼ਾਂ ਵਿਚਕਾਰ ਆਪਸੀ ਤਾਲਮੇਲ ਵਧ ਰਿਹਾ ਹੈ। ਚੀਨ, ਰੂਸ, ਯੂਰੋਪੀਅਨ ਯੂਨੀਅਨ, ਬ੍ਰਿਕਸ ਤੇ ਅਮਰੀਕੀ ਸਾਮਰਾਜ ਵਿਰੋਧੀ ਲਾਤੀਨੀ ਮੁਲਕਾਂ ਦੀ ਅਮਰੀਕਾ ਖਿਲਾਫ ਵਧਦੀ ਬੇਭਰੋਸਗੀ ਅਮਰੀਕੀ ਸਾਮਰਾਜ ਲਈ ਖਤਰੇ ਦੀ ਘੰਟੀ ਹੈ।

ਸ਼ਾਂਤੀ ਸਮਝੌਤੇ ਦੇ ਅੱਧ-ਵਿਚਾਲੇ ਲਟਕਣ ਨਾਲ ਰੂਸ ਦੇ ਹੌਸਲੇ ਹੋਰ ਮਜ਼ਬੂਤ ਹੋਏ ਹਨ। ਰੂਸ ਨੇ ਜੰਗ ਦੀ ਤੀਜੀ ਵਰ੍ਹੇਗੰਢ ਮੌਕੇ ਯੂਕਰੇਨ ਉੱਤੇ ਹਮਲੇ ਤੇਜ਼ ਕਰਕੇ ਸੰਕੇਤ ਦੇ ਦਿੱਤੇ ਹਨ ਕਿ ਉਹ ਯੂਕਰੇਨੀ ਸ਼ਰਤਾਂ ਤਹਿਤ ਸਮਝੌਤੇ ਲਈ ਰਾਜ਼ੀ ਨਹੀਂ ਹੈ। ਨੇੜ ਭਵਿੱਖ ਵਿੱਚ ਇਸ ਜੰਗ ਦਾ ਹਾਂ-ਪੱਖੀ ਨਿਬੇੜਾ ਨਜ਼ਰ ਨਹੀਂ ਆ ਰਿਹਾ। ਇਹ ਜੰਗ ਵਿਸ਼ਵ ਦੀਆਂ ਬਹੁਕੌਮੀ ਹਥਿਆਰ ਕਾਰਪੋਰੇਸ਼ਨਾਂ ਦੇ ਜੰਗੀ ਵਪਾਰ ਦੀ ਸ਼ਾਹਰਗ ਬਣ ਗਈ ਹੈ। ਅਮਰੀਕਾ ਦੇ ਪਿੱਛੇ ਹਟਣ ਤੋਂ ਬਾਅਦ ਵੀ ਪਹਿਲਾਂ ਤੋਂ ਹੀ ਲਮਕਦੀ ਆ ਰਹੀ ਯੂਕਰੇਨ ਜੰਗ ਸੰਭਾਵੀ ਤੌਰ ’ਤੇ ਅੱਗੇ ਵੀ ਜਾਰੀ ਰਹੇਗੀ ਅਤੇ ਗਲੋਬਲ ਸਪਲਾਈ ਚੇਨ ਪ੍ਰਭਾਵਿਤ ਹੋਣ ਨਾਲ ਤੇਲ, ਗੈਸ, ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਧਾ ਜਾਰੀ ਰਹੇਗਾ। ਰੂਸ-ਯੂਕਰੇਨ ਸਮੇਤ ਸੰਸਾਰ ਭਰ ਦੇ ਲੋਕਾਂ ਨੂੰ ਸਾਮਰਾਜੀ ਜੰਗਾਂ ਦੀ ਕੀਮਤ ਤਾਰਨੀ ਪਵੇਗੀ। ਮੌਜੂਦਾ ਸਾਮਰਾਜੀ ਜੰਗਾਂ ਮਨੁੱਖਤਾ ਦੀ ਬੰਦਖਲਾਸੀ ਲਈ ਨਹੀਂ ਬਲਕਿ ਪਿਛਾਂਹ-ਖਿਚੂ ਜਮਾਤਾਂ ਦੀ ਅਦਲਾ-ਬਦਲੀ ਤੇ ਸਾਮਰਾਜੀ ਮੰਡੀ ਦੇ ਵਿਸਤਾਰ ਲਈ ਲੜੀਆਂ ਜਾ ਰਹੀਆਂ ਹਨ। ਉਹਨਾਂ ਨੂੰ ਸਾਮਰਾਜੀ-ਸਰਮਾਏਦਾਰ ਜੰਗਬਾਜ਼ਾਂ ਤੋਂ ਨਿਜਾਤ ਪਾਉਣ ਲਈ ਜੰਗ ਵਿੱਚ ਸ਼ਾਮਲ ਸਾਰੀਆਂ ਤਾਕਤਾਂ ਦਾ ਵਿਰੋਧ ਕਰਨਾ ਚਾਹੀਦਾ ਹੈ।

# ਡਿਜੀਟਲ ਕ੍ਰਾਂਤੀ; ਪੰਜਾਬ ਵਿਧਾਨ ਸਭਾ ਦੀਆਂ ਤਕਰੀਰਾਂ ਹੁਣ ਇਕ ਕਲਿੱਕ ’ਤੇ

(ਸਫਾ 16 ਦੀ ਬਾਕੀ)

ਡਿਜੀਟਲਾਈਜ਼ਡ ਤਕਰੀਰਾਂ ਨੂੰ ਡਾਊਨਲੋਡ ਤੇ ਪ੍ਰਿੰਟ ਕੀਤਾ ਜਾ ਸਕਦਾ ਹੈ, ਜਿਸ ਨਾਲ ਖੋਜ, ਹਵਾਲੇ ਤੇ ਪੁਰਾਲੇਖ ਦੇ ਉਦੇਸ਼ਾਂ ਲਈ ਆਸਾਨ ਪਹੁੰਚ ਯਕੀਨੀ ਹੁੰਦੀ ਹੈ।

### ਚੰਗੇ ਪ੍ਰਸ਼ਾਸਨ ਨੂੰ ਉਤਸ਼ਾਹਿਤ ਕਰਨਾ

ਇਤਿਹਾਸਕ ਵਿਧਾਨਕ ਰਿਕਾਰਡਾਂ ਨੂੰ ਆਸਾਨੀ ਨਾਲ ਉਪਲੱਬਧ ਕਰਵਾ ਕੇ, ਸਰਚ ਇੰਜਣ ਪਾਰਦਰਸ਼ਤਾ ਨੂੰ ਵਧਾਉਂਦਾ ਹੈ, ਜਿਸ ਨਾਲ ਨੀਤੀ ਨਿਰਮਾਤਾਵਾਂ, ਖੋਜਕਰਤਾਵਾਂ ਅਤੇ ਨਾਗਰਿਕਾਂ ਨੂੰ ਸੰਸਦ ਦੀਆਂ ਕਾਰਵਾਈਆਂ ਦਾ ਆਸਾਨੀ ਨਾਲ ਅਧਿਐਨ ਕਰਨ ਦੇ ਯੋਗ ਬਣਾਇਆ ਜਾਂਦਾ ਹੈ।

### ਭਵਿੱਖ ਦੀਆਂ ਸੰਭਾਵਨਾਵਾਂ

ਆਪਣੇ ਨਿਰੰਤਰ ਵਿਕਾਸ ਦੇ ਹਿੱਸੇ ਵਜੋਂ ਪੰਜਾਬ ਵਿਧਾਨ ਸਭਾ ਸਰਚ ਇੰਜਣ ਪਹੁੰਚਯੋਗਤਾ, ਉਪਭੋਗਤਾ ਸ਼ਮੂਲੀਅਤ ਅਤੇ ਐਡਵਾਂਸਡ ਜਾਣਕਾਰੀ ਨੂੰ ਹੋਰ ਵਧਾਉਣ ਲਈ ਮਹੱਤਵਪੂਰਨ ਤਰੱਕੀ ਕਰ ਸਕਦਾ ਹੈ। ਭਵਿੱਖ ਦੀਆਂ ਸੰਭਾਵਨਾਵਾਂ ਵਿਚ ਮਸ਼ੀਨ ਅਨੁਵਾਦ, ਏਆਈ-ਸੰਚਾਲਿਤ ਖੋਜ ਸਮਰੱਥਾਵਾਂ ਅਤੇ ਵਾਇਸ ਆਊਟਪੁੱਟ ਏਕੀਕਰਨ ਸ਼ਾਮਿਲ ਹਨ, ਜਿਸ ਨਾਲ ਵਿਧਾਨ ਸਭਾ ਦੇ ਰਿਕਾਰਡ ਵਧੇਰੇ ਆਪਸੀ ਤਾਲਮੇਲ ਅਤੇ ਵੱਡੇ ਪੱਧਰ ’ਤੇ ਪਹੁੰਚਯੋਗ ਹੋ ਜਾਣਗੇ।

### ਵਿਆਪਕ ਪਹੁੰਚ ਲਈ ਬਹੁ-ਭਾਸ਼ਾਈ ਅਨੁਵਾਦ

ਸਰਚ ਇੰਜਣ ਨੂੰ ਮਸ਼ੀਨ ਅਨੁਵਾਦ ਸਮਰੱਥਾਵਾਂ ਨਾਲ ਵਧਾਉਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਨਾਲ ਵਿਧਾਨ ਸਭਾ ਦੀਆਂ ਤਕਰੀਰਾਂ ਨੂੰ ਕਈ ਭਾਰਤੀ ਭਾਸ਼ਾਵਾਂ ਵਿਚ ਬਦਲਿਆ ਜਾ ਸਕਦਾ ਹੈ। ਇਹ ਭਾਰਤ ਦੇ ਨਾਗਰਿਕਾਂ ਨੂੰ ਆਪਣੀ ਪਸੰਦੀਦਾ ਭਾਸ਼ਾ ਵਿਚ ਇਤਿਹਾਸਕ ਅਤੇ ਸਮਕਾਲੀ ਵਿਧਾਨਕ ਚਰਚਾਵਾਂ ਤਕ ਪਹੁੰਚਣ ਅਤੇ ਸਮਝਣ ਦੇ ਯੋਗ ਬਣਾਏਗਾ, ਜਿਸ ਨਾਲ ਲੋਕਤੰਤਰੀ ਭਾਗੀਦਾਰੀ ਨੂੰ ਉਤਸ਼ਾਹ ਮਿਲੇਗਾ।

### ਵੱਡੇ ਭਾਸ਼ਾਈ ਮਾਡਲ ਏਕੀਕਰਨ ਨਾਲ ਏਆਈ-ਸੰਚਾਲਿਤ ਖੋਜ

ਭਵਿੱਖ ਵਿਚ ਪੰਜਾਬ ਵਿਧਾਨ ਸਭਾ ਦੀਆਂ ਤਕਰੀਰਾਂ ’ਤੇ ਸਿਖਲਾਈ ਪ੍ਰਾਪਤ ਇਕ ਵੱਡਾ ਭਾਸ਼ਾਈ ਮਾਡਲ ਇੰਟੈਲੀਜੈਂਸ, ਗੱਲਬਾਤ ਕਰਨ ਵਾਲੀਆਂ ਖੋਜ ਸਮਰੱਥਾਵਾਂ ਨੂੰ ਪੇਸ਼ ਕਰਨ ਲਈ ਵਿਕਸਤ ਕੀਤਾ ਜਾ ਸਕਦਾ ਹੈ। ਉਪਭੋਗਤਾ ਉਸ ਨੂੰ ਆਮ ਗੱਲਬਾਤ ਦੀ ਭਾਸ਼ਾ ਵਿਚ ਸਵਾਲ ਪੁੱਛ ਸਕਦੇ ਹਨ। ਉਦਾਹਰਨ ਦੇ ਤੌਰ ’ਤੇ ਉਸ ਨੂੰ ਪੁੱਛ ਸਕਦੇ ਹਾਂ ਕਿ 1980 ਦੇ ਖੇਤੀਬਾੜੀ ਸੁਧਾਰਾਂ ਬਾਰੇ ਮਹੱਤਵਪੂਰਨ ਚਰਚਾਵਾਂ ਕੀ ਸਨ ਜਾਂ ਪੰਜਾਬੀ ਸੂਬੇ ਨੂੰ ਲੈ ਕੇ ਵੱਖ-ਵੱਖ ਪਾਰਟੀਆਂ ਦੇ ਰਾਜਨੀਤਕ ਸਟੈਂਡਾਂ ਦੀ ਤੁਲਨਾ ਕਰੋ? ਇਸ ਸਬੰਧ ਵਿਚ ਸੰਖੇਪ ਰੂਪ ਵਿਚ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।

### ਜਿਨ੍ਹਾਂ ਦਾ ਰਿਹਾ ਮੁੱਖ ਯੋਗਦਾਨ

ਇਹ ਪਹਿਲਕਦਮੀ ਅਕਾਦਮਿਕ ਤੇ ਸੰਸਥਾਗਤ ਭਾਈਵਾਲਾਂ ’ਚ ਬਹੁ-ਅਨੁਸ਼ਾਸਨੀ ਟੀਮਾਂ ਦੇ ਸਹਿਯੋਗੀ ਯਤਨਾਂ ਨਾਲ ਸਾਕਾਰ ਹੋਈ, ਜਿਨ੍ਹਾਂ ਵਿਚ ਮੁੱਖ ਤੌਰ ’ਤੇ ਆਈਆਈਆਈਟੀ ਹੈਦਰਾਬਾਦ ਤੋਂ ਡਾ. ਗੁਰਪ੍ਰੀਤ ਸਿੰਘ ਲਹਿਲ, ਪ੍ਰੋ. ਸੀਵੀ ਜਵਾਹਰ, ਕ੍ਰਿਸ਼ਨਾ ਤੁਲਸਿਆਨ, ਡਾ. ਅਜੋਏ ਮੋਂਡਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਡਾ. ਅੰਕੁਰ ਰਾਣਾ, ਦਲਵਿੰਦਰ ਕੌਰ, ਸੀ-ਡੈਕ ਨੋਇਡਾ ਤੋਂ ਤੁਸ਼ਾਰ ਪਟਨਾਇਕ ਅਤੇ ਭੁਪਿੰਦਰ ਸਿੰਘ ਹਨ। ਇਸ ਤੋਂ ਇਲਾਵਾ ਇਸ ਪ੍ਰਾਜੈਕਟ ਦੀ ਸਫਲਤਾ ਲਈ ਮਾਣਯੋਗ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ, ਸਕੱਤਰ ਰਾਮ ਲੋਕ ਖਟਾਣਾ, ਤਕਰੀਰਾਂ ਦੇ ਸੰਪਾਦਕ ਸ. ਜਸਵਿੰਦਰ ਸਿੰਘ ਤੇ ਸਿਸਟਮ ਵਿਸ਼ਲੇਸ਼ਕ ਸ੍ਰੀ ਸੁਜੀਤ ਕੁਮਾਰ ਨੇ ਬਹੁਤ ਸਮਰਥਨ ਦਿੱਤਾ। ਲਿਪੀਅੰਤਰਨ ਸਾਧਨਾਂ ਦੇ ਵਿਕਾਸ ਲਈ ਭਾਸ਼ਾਈ ਸਹਾਇਤਾ ਡਾ। ਤੇਜਿੰਦਰ ਸਿੰਘ ਸੈਣੀ, ਸਿਸਟਮ ਐਡਮਨਿਸਟ੍ਰੇਟਰ, ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਤਕਨੀਕੀ ਵਿਕਾਸ ਲਈ ਖੋਜ ਕੇਂਦਰ, ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਦਾਨ ਕੀਤੀ ਗਈ ਸੀ, ਜਦੋਂਕਿ ਪ੍ਰਸ਼ਾਸਕੀ ਸਹਾਇਤਾ ਡਾ. ਧਰਮਵੀਰ ਸ਼ਰਮਾ, ਨਿਰਦੇਸ਼ਕ, ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ ਤਕਨੀਕੀ ਵਿਕਾਸ ਲਈ ਖੋਜ ਕੇਂਦਰ ਵੱਲੋਂ ਦਿੱਤੀ ਗਈ ਸੀ। ਇਹ ਸਹਿਯੋਗੀ ਢਾਂਚਾ ਡਿਜੀਟਲ ਢਾਂਚੇ ਨੂੰ ਅੱਗੇ ਵਧਾਉਣ ਵਿਚ ਵਿੱਦਿਅਕ ਅਦਾਰੇ, ਸਰਕਾਰ ਅਤੇ ਤਕਨਾਲੋਜੀ ਸੰਸਥਾਵਾਂ ਵਿਚਕਾਰ ਤਾਲਮੇਲ ਨੂੰ ਦਰਸਾਉਂਦਾ ਹੈ।

ਆਈਆਈਆਈਟੀ ਹੈਦਰਾਬਾਦ ਦੇ ਸੀਨੀਅਰ ਪ੍ਰਾਜੈਕਟ ਸਲਾਹਕਾਰ ਡਾ। ਗੁਰਪ੍ਰੀਤ ਸਿੰਘ ਲਹਿਲ ਨੇ ਕਿਹਾ...

ਮੇਰੇ ਨਾਜ਼ੁਕ ਇਤਿਹਾਸਕ ਪੁਰਾਲੇਖਾਂ ਨੂੰ ਪਹੁੰਚਯੋਗ ਤੇ ਬਹੁ-ਭਾਸ਼ਾਈ ਡਿਜੀਟਲ ਰੂਪ ’ਚ ਬਦਲ ਕੇ ਵਿਧਾਨ ਸਭਾ ਸਰਚ ਇੰਜਣ ਪ੍ਰਾਜੈਕਟ ਨਾਗਰਿਕਾਂ, ਖੋਜਕਰਤਾਵਾਂ ਤੇ ਨੀਤੀ ਨਿਰਮਾਤਾਵਾਂ ਨੂੰ ਨੀਤੀ ਵਿਕਾਸ ਦਾ ਵਿਸ਼ਲੇਸ਼ਣ ਕਰਨ, ਵਿਧਾਇਕਾਂ ਦੀ ਜਵਾਬਦੇਹੀ ਨੂੰ ਟਰੈਕ ਕਰਨ ਤੇ ਲੋਕਤੰਤਰੀ ਭਾਗੀਦਾਰੀ ਨੂੰ ਮਜ਼ਬੂਤ ਕਰਦਾ ਹੈ। ਉਮੀਦ ਹੈ ਕਿ ਇਸ ਨਾਲ ਸਾਡੀ ਅੱਜ ਦੀ ਪੀੜ੍ਹੀ ਨੂੰ ਵਿਧਾਨ ਸਭਾ ਦੇ ਕੰਮਕਾਜ ਨੂੰ ਸਮਝਣ ’ਚ ਆਸਾਨੀ ਹੋਵੇਗੀ।

ਆਈਆਈਆਈਟੀ ਹੈਦਰਾਬਾਦ ਦੇ ਪ੍ਰੋਫ਼ੈਸਰ ਡਾ. ਸੀਵੀ ਜਵਾਹਰ ਨੇ ਕਿਹਾ .. ਭਾਸ਼ਿਨੀ ਪ੍ਰਾਜੈਕਟ ਤਹਿਤ ਸਾਡੀਆਂ ਟੀਮਾਂ ਵੱਲੋਂ ਲਗਪਗ 22 ਭਾਰਤੀ ਭਾਸ਼ਾਵਾਂ ਲਈ ਬਣਾਈਆਂ ਗਈਆਂ ਓਸੀਆਰ ਤਕਨਾਲੋਜੀਆਂ ਛਪੀਆਂ ਅਤੇ ਹੱਥ ਲਿਖਤਾਂ ਸਮੱਗਰੀ ਨੂੰ ਡਿਜੀਟਲ ਫਾਰਮੈਟਾਂ ਵਿਚ ਬਦਲ ਕੇ ਉਪਭੋਗਤਾਵਾਂ ਨੂੰ ਸਹੂਲਤ ਦਿੰਦੀਆਂ ਹਨ। ਇਹ ਹੱਲ ਸਰਕਾਰੀ ਸੇਵਾਵਾਂ ਤਕ ਪਹੁੰਚ ਨੂੰ ਬਿਹਤਰ ਬਣਾਉਂਦੇ ਹਨ, ਸਥਾਨਕ ਸਮੱਗਰੀ ਦੀ ਡਿਜੀਟਲਾਈਜੇਸ਼ਨ ਨੂੰ ਸੁਚਾਰੂ ਬਣਾਉਂਦੇ ਹਨ ਤੇ ਆਡੀਓਬੁੱਕ ਉਤਪਾਦਨ ਨੂੰ ਸਮਰੱਥ ਬਣਾ ਕੇ ਦ੍ਰਿਸ਼ਟੀਹੀਣ ਵਿਅਕਤੀਆਂ ਦੀ ਸਹਾਇਤਾ ਕਰਦੇ ਹਨ।

### ਭਾਸ਼ਿਨੀ ਦੇ ਸੀਈਓ ਅਮਿਤਾਭ ਨਾਗ ਨੇ ਕਿਹਾ

ਤਕਨਾਲੋਜੀ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਭਾਰਤ ਸਰਕਾਰ ਦੀ ਪਹਿਲਕਦਮੀ ਭਾਸ਼ਿਨੀ ਨੇ ਰਵਾਇਤੀ ਗਿਆਨ ਨੂੰ ਪੜ੍ਹਨਯੋਗ ਅਤੇ ਖੋਜਣਯੋਗ ਰੂਪ ਵਿਚ ਬਦਲਣ ਲਈ ਏਆਈ ਦੀ ਵਰਤੋਂ ਕਰਦਿਆਂ ਐਡਵਾਂਸਡ ਮਾਡਲ ਵਿਕਸਤ ਕੀਤੇ ਹਨ ਤਾਂ ਜੋ ਸਾਡੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਲਈ ਪਹੁੰਚਯੋਗ ਰਹੇ। ਸਾਡੀ ਅੱਜ ਦੀ ਪੀੜ੍ਹੀ ਸਭ ਕੁਝ ਮੋਬਾਈਲ ’ਤੇ ਹੀ ਲੱਭਣ ਵਿਚ ਵਿਸ਼ਵਾਸ ਕਰਦੀ ਹੈ। ਇਹ ਇਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਗਿਆ ਹੈ।

### ਜਿਨ੍ਹਾਂ ਦਾ ਰਿਹਾ ਮੁੱਖ ਯੋਗਦਾਨ

ਇਹ ਪਹਿਲਕਦਮੀ ਅਕਾਦਮਿਕ ਤੇ ਸੰਸਥਾਗਤ ਭਾਈਵਾਲਾਂ ’ਚ ਬਹੁ-ਅਨੁਸ਼ਾਸਨੀ ਟੀਮਾਂ ਦੇ ਸਹਿਯੋਗੀ ਯਤਨਾਂ ਨਾਲ ਸਾਕਾਰ ਹੋਈ, ਜਿਨ੍ਹਾਂ ਵਿਚ ਮੁੱਖ ਤੌਰ ’ਤੇ ਆਈਆਈਆਈਟੀ ਹੈਦਰਾਬਾਦ ਤੋਂ ਡਾ। ਗੁਰਪ੍ਰੀਤ ਸਿੰਘ ਲਹਿਲ, ਪ੍ਰੋ. ਸੀਵੀ ਜਵਾਹਰ, ਕ੍ਰਿਸ਼ਨਾ ਤੁਲਸਿਆਨ, ਡਾ. ਅਜੋਏ ਮੋਂਡਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਡਾ. ਅੰਕੁਰ ਰਾਣਾ, ਦਲਵਿੰਦਰ ਕੌਰ, ਸੀ-ਡੈਕ ਨੋਇਡਾ ਤੋਂ ਤੁਸ਼ਾਰ ਪਟਨਾਇਕ ਅਤੇ ਭੁਪਿੰਦਰ ਸਿੰਘ ਹਨ। ਇਸ ਤੋਂ ਇਲਾਵਾ ਇਸ ਪ੍ਰਾਜੈਕਟ ਦੀ ਸਫਲਤਾ ਲਈ ਮਾਣਯੋਗ ਸਪੀਕਰ ਸ। ਕੁਲਤਾਰ ਸਿੰਘ ਸੰਧਵਾਂ, ਸਕੱਤਰ ਰਾਮ ਲੋਕ ਖਟਾਣਾ, ਤਕਰੀਰਾਂ ਦੇ ਸੰਪਾਦਕ ਸ. ਜਸਵਿੰਦਰ ਸਿੰਘ ਤੇ ਸਿਸਟਮ ਵਿਸ਼ਲੇਸ਼ਕ ਸ੍ਰੀ ਸੁਜੀਤ ਕੁਮਾਰ ਨੇ ਬਹੁਤ ਸਮਰਥਨ ਦਿੱਤਾ। ਲਿਪੀਅੰਤਰਨ ਸਾਧਨਾਂ ਦੇ ਵਿਕਾਸ ਲਈ ਭਾਸ਼ਾਈ ਸਹਾਇਤਾ ਡਾ. ਤੇਜਿੰਦਰ ਸਿੰਘ ਸੈਣੀ, ਸਿਸਟਮ ਐਡਮਨਿਸਟ੍ਰੇਟਰ, ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਤਕਨੀਕੀ ਵਿਕਾਸ ਲਈ ਖੋਜ ਕੇਂਦਰ, ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਦਾਨ ਕੀਤੀ ਗਈ ਸੀ, ਜਦੋਂਕਿ ਪ੍ਰਸ਼ਾਸਕੀ ਸਹਾਇਤਾ ਡਾ। ਧਰਮਵੀਰ ਸ਼ਰਮਾ, ਨਿਰਦੇਸ਼ਕ, ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ ਤਕਨੀਕੀ ਵਿਕਾਸ ਲਈ ਖੋਜ ਕੇਂਦਰ ਵੱਲੋਂ ਦਿੱਤੀ ਗਈ ਸੀ। ਇਹ ਸਹਿਯੋਗੀ ਢਾਂਚਾ ਡਿਜੀਟਲ ਢਾਂਚੇ ਨੂੰ ਅੱਗੇ ਵਧਾਉਣ ਵਿਚ ਵਿੱਦਿਅਕ ਅਦਾਰੇ, ਸਰਕਾਰ ਅਤੇ ਤਕਨਾਲੋਜੀ ਸੰਸਥਾਵਾਂ ਵਿਚਕਾਰ ਤਾਲਮੇਲ ਨੂੰ ਦਰਸਾਉਂਦਾ ਹੈ।

# ਦੁਨੀਆ ਦੀ ਚਿੰਤਾ ਵਧਾਉਂਦੇ ਡੋਨਾਲਡ ਟਰੰਪ



ਸ਼ਿਵਕਾਂਤ ਸ਼ਰਮਾ

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜੰਗਬੰਦੀ ਕਰਵਾਉਣ ਦੇ ਦੋਵਾਂ ਯਤਨਾਂ ਨੂੰ ਲੈ ਕੇ ਯੂਰਪ, ਪੱਛਮੀ ਏਸ਼ੀਆ ਅਤੇ ਏਸ਼ੀਆ-ਪ੍ਰਸ਼ਾਂਤ ਖੇਤਰ ਵਿਚ ਅਮਰੀਕਾ ਦੇ ਮਿੱਤਰ ਦੇਸ਼ ਡੂੰਘੀ ਚਿੰਤਾ ਵਿਚ ਹਨ। ਜੰਗਬੰਦੀ ਜ਼ਰੀਏ ਸ਼ਾਂਤੀ ਸਥਾਪਤ ਕਰਵਾਉਣ ਦੀ ਟਰੰਪ ਦੀ ਬੇਤਾਬੀ ਕਿਸੇ ਨੂੰ ਬੁਰੀ ਨਹੀਂ ਲੱਗਦੀ ਪਰ ਇਸ ਵਿਆਕੁਲਤਾ ਲਈ ਉਹ ਜੋ ਕੀਮਤ ਤਾਰਨ ਲਈ ਤਿਆਰ ਹਨ, ਉਸ ਦੀ ਵਜ੍ਹਾ ਲੋਕਾਂ ਦੀ ਸਮਝ ਤੋਂ ਪਰੇ ਹੈ।

ਗਾਜ਼ਾ ਵਿਚ ਉਹ ਫਲਸਤੀਨੀਆਂ ਅਤੇ ਉਨ੍ਹਾਂ ਦੇ ਦੇਸ਼ ਦੀ ਹੋਂਦ ਨੂੰ ਸੰਕਟ ਵਿਚ ਪਾ ਕੇ ਅਤੇ ਦੁਨੀਆ ਦਾ ਵਿਰੋਧ ਅਤੇ ਨਿੰਦਾ ਸਹਾਰ ਕੇ ਵੀ ਪ੍ਰਧਾਨ ਮੰਤਰੀ ਨੇਤਨਯਾਹੂ ਨੂੰ ਖੁੱਲ੍ਹੀ ਛੋਟ ਦੇਣ ਲਈ ਤਿਆਰ ਹਨ ਤਾਂ ਜੋ ਨੇਤਨਯਾਹੂ ਖ਼ੁਦ ਨੂੰ ਅਤੇ ਆਪਣੀ ਸਰਕਾਰ ਨੂੰ ਬਚਾਅ ਕੇ ਰੱਖ ਸਕਣ। ਯੂਕਰੇਨ ਵਿਚ ਉਹ ਉਸ ਦੀ 20 ਪ੍ਰਤੀਸ਼ਤ ਜ਼ਮੀਨ ’ਤੇ ਕਬਜ਼ਾ ਕਰੀ ਬੈਠੇ ਪੁਤਿਨ ’ਤੇ ਜ਼ਮੀਨ ਵਾਪਸ ਕਰਨ ਅਤੇ ਹਮਲਿਆਂ ਰਾਹੀਂ ਕੀਤੀ ਗਈ ਤਬਾਹੀ ਦੀ ਭਰਪਾਈ ਦਾ ਕੋਈ ਦਬਾਅ ਪਾਏ ਬਿਨਾਂ ਜੰਗਬੰਦੀ ਕਰਵਾਉਣੀ ਚਾਹੁੰਦੇ ਹਨ। ਇਹ ਵੀ ਸੰਭਵ ਹੈ ਕਿ ਉਹ ਪੁਤਿਨ ਦੀ ਇਸ ਸ਼ਰਤ ਨੂੰ ਮੰਨ ਲੈਣ ਕਿ ਯੂਕਰੇਨ ਨੂੰ ਨਾ ਤਾਂ ਕਦੇ ਨਾਟੋ ਦੀ ਮੈਂਬਰਸ਼ਿਪ ਮਿਲੇਗੀ ਅਤੇ ਨਾ ਹੀ ਉਸ ਦੀ ਰੱਖਿਆ ਲਈ ਨਾਟੋ ਦੀ ਫ਼ੌਜ ਉੱਥੇ ਜਾ ਸਕੇਗੀ। ਹੋ ਸਕਦਾ ਹੈ ਕਿ ਇਸ ਵਾਸਤੇ ਯੂਕਰੇਨ ਦੀ ਜਨਤਾ ਦੀ ਰਾਇ ਲੈਣ ਦੀ ਰਸਮ ਨਿਭਾਈ ਜਾਵੇ ਜਿਸ ਵਿਚ ਰੂਸ ਨੂੰ ਵੀ ਖੇਡਣ ਦੀ ਪੂਰੀ ਖੁੱਲ੍ਹ ਮਿਲੇ। ਅਰਬ ਅਤੇ ਖਾੜੀ ਦੇ ਦੇਸ਼ਾਂ ਵਿਚ ਟਰੰਪ ਦੀ ਗਾਜ਼ਾ ਨੀਤੀ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਨਜ਼ਰ ਆਉਂਦੀ। ਹਮਾਸ ਤੇ ਹਿਜ਼ਬੁੱਲਾ ਦੀ ਕਮਰ ਟੁੱਟਣ ਅਤੇ ਸੀਰੀਆ ਵਿਚ ਅਸਦ ਸਰਕਾਰ ਦੇ ਪਤਨ ਕਾਰਨ ਈਰਾਨ ਵੀ ਚੁੱਪ ਹੈ। ਹਾਲਾਂਕਿ ਉਸ ਨੇ ਟਰੰਪ ਦੀਆਂ ਸ਼ਰਤਾਂ ’ਤੇ ਪਰਮਾਣੂ ਸਮਝੌਤਾ ਕਰਨ ਦਾ ਪ੍ਰਸਤਾਵ ਠੁਕਰਾ ਦਿੱਤਾ ਹੈ ਪਰ ਟਰੰਪ ਯਮਨ ਦੇ ਹੂਤੀਆਂ ਦੀ ਕਮਰ ਤੋੜਨ ਦੀ ਮੁਹਿੰਮ ਵਿੱਢ ਕੇ ਉਸ ’ਤੇ ਵੀ ਦਬਾਅ ਵਧਾ ਰਹੇ ਹਨ।

ਪੁਤਿਨ ਨਾਲ ਸਬੰਧ ਬਹਾਲ ਹੋਣ ਤੋਂ ਬਾਅਦ ਸੰਭਵ ਹੈ ਕਿ ਈਰਾਨ ’ਤੇ ਰੂਸ ਦਾ ਵੀ ਦਬਾਅ ਪੁਆਇਆ ਜਾਵੇ ਪਰ ਪੁਤਿਨ ਨਾਲ ਸ਼ਾਂਤੀ ਲਈ ਯੂਰਪ ਦੇ ਦੇਸ਼ ਯੂਕਰੇਨ ਦੀ ਬਲੀ ਦੇਣ ਨੂੰ ਤਿਆਰ ਨਹੀਂ ਹਨ। ਹੰਗਰੀ, ਸਰਬੀਆ, ਸਲੋਵਾਕੀਆ ਅਤੇ ਬੁਲਗਾਰੀਆ ਵਰਗੇ ਕੁਝ ਯੂਰਪੀ ਦੇਸ਼ ਰੂਸ ਨਾਲ ਸ਼ਾਂਤੀ ਦੀ ਹਮਾਇਤ ਕਰਦੇ ਹਨ ਪਰ ਉਦੋਂ ਤੱਕ ਹੀ ਜਦ ਤੱਕ ਉਨ੍ਹਾਂ ਨੂੰ ਨਾਟੋ ਦੀ ਸੁਰੱਖਿਆ ਪ੍ਰਾਪਤ ਹੈ। ਰੂਸ ਦੀ ਸਰਹੱਦ ਨਾਲ ਲੱਗਦੇ ਫਿਨਲੈਂਡ ਅਤੇ ਪੋਲੈਂਡ ਵਰਗੇ ਦੇਸ਼ਾਂ ਅਤੇ ਪੱਛਮੀ ਯੂਰਪ ਦੇ ਦੇਸ਼ਾਂ ਨੂੰ ਪੁਤਿਨ ਦੇ ਇਰਾਦਿਆਂ ’ਤੇ ਭਰੋਸਾ ਨਹੀਂ ਹੈ। ਉਧਰ ਜਰਮਨੀ ਨੇ ਰੱਖਿਆ ਖ਼ਰਚ ਵਧਾਉਣ ਲਈ ਆਪਣੇ ਸੰਵਿਧਾਨ ਵਿਚ ਤਰਮੀਮ ਕੀਤੀ ਹੈ।

ਬ੍ਰਿਟੇਨ, ਫਰਾਂਸ, ਇਟਲੀ, ਸਪੇਨ ਅਤੇ ਸਵੀਡਨ, ਹਰ ਦੇਸ਼ ਨਾਟੋ ਦੇ ਬਜਟ ਵਿਚ ਆਪਣਾ ਯੋਗਦਾਨ ਤੇ ਰੱਖਿਆ ਖ਼ਰਚਾ ਵਧਾਉਣ ਵਾਲਾ ਹੈ। ਬ੍ਰਿਟੇਨ ਅਤੇ ਫਰਾਂਸ ਦੀ ਪਰਮਾਣੂ ਢਾਲ ਨੂੰ ਯੂਰਪ ਦੇ ਦੇਸ਼ਾਂ ਲਈ ਉਪਲਬਧ ਕਰਵਾਉਣ ’ਤੇ ਵੀ ਵਿਚਾਰ ਹੋ ਰਿਹਾ ਹੈ ਤਾਂ ਕਿ ਅਮਰੀਕਾ ਦੀ ਪਰਮਾਣੂ ਢਾਲ ’ਤੇ ਨਿਰਭਰਤਾ ਨੂੰ ਘੱਟ ਕੀਤਾ ਜਾ ਸਕੇ। ਇਸ ਦੇ ਉਲਟ ਟਰੰਪ ਪਰਮਾਣੂ ਹਥਿਆਰਾਂ ਦੇ ਅਪ੍ਰਸਾਰ ਦੀ ਮੁਹਿੰਮ ਛੇੜਨੀ ਚਾਹੁੰਦੇ ਹਨ।

ਰੂਸ ਨਾਲ ਸਬੰਧ ਬਹਾਲ ਕਰਨ ਦੇ ਪਿੱਛੇ ਵੀ ਉਨ੍ਹਾਂ ਦਾ ਇਕ ਮਕਸਦ ਪਰਮਾਣੂ ਅਪ੍ਰਸਾਰ ਦੀ ਪ੍ਰਕਿਰਿਆ ਨੂੰ ਫਿਰ ਤੋਂ ਸ਼ੁਰੂ ਕਰਨਾ ਹੈ। ਟਰੰਪ ਦਾ ਕਹਿਣਾ ਹੈ ਕਿ ਉਹ ਚੀਨ, ਭਾਰਤ, ਪਾਕਿਸਤਾਨ ਅਤੇ ਇਜ਼ਰਾਈਲ ਵਰਗੀਆਂ ਹੋਰ ਪਰਮਾਣੂ ਤਾਕਤਾਂ ਨੂੰ ਵੀ ਅਪ੍ਰਸਾਰ ਵਾਰਤਾਵਾਂ ਵਿਚ ਸ਼ਾਮਲ ਕਰਨਾ ਚਾਹੁੰਦੇ ਹਨ। ਹਾਲਾਂਕਿ ਉਹ ਜਿਸ ਤਰ੍ਹਾਂ ਦੀ ਜੰਗਬੰਦੀ ਕਰਵਾਉਣੀ ਚਾਹੁੰਦੇ ਹਨ, ਉਨ੍ਹਾਂ ਦਾ ਅਸਰ ਠੀਕ ਇਸ ਦੇ ਉਲਟ ਹੁੰਦਾ ਦਿਸਦਾ ਹੈ। ਯੂਕਰੇਨ ’ਤੇ ਹਮਲਾ ਹੋਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਉਸ ਕੋਲ ਪਰਮਾਣੂ ਹਥਿਆਰ ਨਹੀਂ ਹਨ ਅਤੇ ਰੂਸ ਦੁਨੀਆ ਦੀ ਵੱਡੀ ਪਰਮਾਣੂ ਤਾਕਤ ਹੈ। ਸੰਨ 1991 ਵਿਚ ਸੋਵੀਅਤ ਸੰਘ ਤੋਂ ਅਲੱਗ ਹੋਣ ਤੋਂ ਬਾਅਦ ਯੂਕਰੇਨ ਦੁਨੀਆ ਦੀ ਤੀਜੇ ਨੰਬਰ ਦੀ ਪਰਮਾਣੂ ਤਾਕਤ ਸੀ। ਸੰਨ 1994 ਦੇ ਬੁਡਾਪੈਸਟ ਐਲਾਨਨਾਮੇ ਦੇ ਆਧਾਰ ’ਤੇ ਉਸ ਨੇ ਆਪਣੇ ਪਰਮਾਣੂ ਹਥਿਆਰ ਤਿਆਗ ਕੇ ਰੂਸ ਨੂੰ ਦੇ ਦਿੱਤੇ ਸਨ।

ਬਦਲੇ ਵਿਚ ਉਸ ਨੂੰ ਅਮਰੀਕਾ, ਬ੍ਰਿਟੇਨ ਅਤੇ ਰੂਸ ਨੇ ਸੁਰੱਖਿਆ ਦੀ ਗਾਰੰਟੀ ਦਿੱਤੀ। ਸੁਰੱਖਿਆ ਦੀ ਗਾਰੰਟੀ ਦੇਣ ਵਾਲੇ ਰੂਸ ਨੇ ਹੀ 2014 ਵਿਚ ਹਮਲਾ ਕਰ ਕੇ ਉਸ ਦਾ ਕ੍ਰੀਮੀਆ ਟਾਪੂ ਖੋਹ ਲਿਆ ਅਤੇ 2022 ਵਿਚ ਫਿਰ ਹਮਲਾ ਕੀਤਾ ਜੋ ਅੱਜ ਤੱਕ ਜਾਰੀ ਹੈ। ਨਾ ਸੁਰੱਖਿਆ ਦੀ ਗਾਰੰਟੀ ਦੇਣ ਵਾਲਾ ਅਮਰੀਕਾ ਉਸ ਦੇ ਬਚਾਅ ਵਿਚ ਆਇਆ ਤੇ ਨਾ ਹੀ ਬ੍ਰਿਟੇਨ ਕਿਉਂਕਿ ਹਮਲਾਵਰ ਰੂਸ ਇਕ ਵੱਡੀ ਪਰਮਾਣੂ ਤਾਕਤ ਸੀ। ਇਸ ਘਟਨਾ ਤੋਂ ਬਾਅਦ ਭਲਾ ਕਿਹੜਾ ਦੇਸ਼ ਆਪਣੀ ਪਰਮਾਣੂ ਢਾਲ ਨੂੰ ਹਲਕੀ ਕਰਨਾ ਜਾਂ ਉਸ ਨੂੰ ਤਿਆਗਣਾ ਚਾਹੇਗਾ?

ਨਾਟੋ ਵਰਗੇ ਮਿੱਤਰ ਦੇਸ਼ਾਂ ਦੇ ਗੱਠਜੋੜ ਦੇ ਬਚਾਅ ਤੋਂ ਹੱਥ ਖਿੱਚਣ ਦੀਆਂ ਟਰੰਪ ਸਰਕਾਰ ਦੀਆਂ ਨੀਤੀਆਂ ਕਾਰਨ ਵੀ ਨਾ ਸਿਰਫ਼ ਯੂਰਪ ਦੇ ਦੇਸ਼ਾਂ ਨੂੰ ਆਪਣੀ ਪਰਮਾਣੂ ਢਾਲ ਹੋਰ ਮਜ਼ਬੂਤ ਕਰਨ ਬਾਰੇ ਸੋਚਣਾ ਪੈ ਰਿਹਾ ਹੈ ਬਲਕਿ ਜਾਪਾਨ, ਦੱਖਣੀ ਕੋਰੀਆ ਅਤੇ ਸਾਊਦੀ ਅਰਬ ਵਰਗੇ ਹੋਰ ਵੀ ਕਈ ਮੁਲਕ ਪਰਮਾਣੂ ਦੌੜ ਵਿਚ ਸ਼ਾਮਲ ਹੋਣ ਦੀ ਸੋਚ ਰਹੇ ਹਨ। ਭਾਰਤ ਅੱਗੇ ਤਾਂ ਚੀਨ ਅਤੇ ਪਾਕਿਸਤਾਨ ਦੀ ਦੋਹਰੀ ਚੁਣੌਤੀ ਹੈ। ਹਾਲਾਂਕਿ ਟਰੰਪ ਚਾਹੁੰਦੇ ਹਨ ਕਿ ਰੂਸ ਦੇ ਨਾਲ-ਨਾਲ ਚੀਨ ਵੀ ਪਰਮਾਣੂ ਅਪ੍ਰਸਾਰ ਦੀ ਪਹਿਲ ਵਿਚ ਸ਼ਾਮਲ ਹੋਵੇ ਪਰ ਜਿਸ ਨੂੰ ਤੁਸੀਂ ਤਕਨੀਕ ਤੇ ਵਪਾਰ ਜੰਗ ਦਾ ਨਿਸ਼ਾਨਾ ਬਣਾ ਰਹੇ ਹੋ, ਉਹ ਤੁਹਾਡੇ ਕਹਿਣ ’ਤੇ ਆਪਣੀ ਪਰਮਾਣੂ ਢਾਲ ਕਿਉਂ ਕਮਜ਼ੋਰ ਕਰੇਗਾ?



ਚੀਨ ਜਿਸ ਰਫ਼ਤਾਰ ਨਾਲ ਪਰਮਾਣੂ ਹਥਿਆਰ ਬਣਾ ਰਿਹਾ ਹੈ, ਉਸ ਕਾਰਨ ਦੋ ਦਹਾਕਿਆਂ ਦੇ ਅੰਦਰ ਹੀ ਅਮਰੀਕਾ ਤੇ ਰੂਸ ਦੀ ਬਰਾਬਰੀ ’ਤੇ ਪੁੱਜ ਜਾਵੇਗਾ। ਇਹ ਭਾਰਤ ਲਈ ਵੀ ਬਹੁਤ ਸਿਰਦਰਦ ਹੋਵੇਗਾ।

ਫ਼ਿਲਹਾਲ ਤਾਂ ਭਾਰਤ ਲਈ ਸਭ ਤੋਂ ਵੱਡਾ ਸਿਰਦਰਦ ਟਰੰਪ ਦੀ ਵਪਾਰ ਨੀਤੀ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਬਹੁਤ ਸਾਰੇ ਦੇਸ਼ਾਂ ਨੇ ਅਮਰੀਕੀ ਮਾਲ ’ਤੇ ਟੈਕਸ ਲਗਾ ਕੇ ਉਸ ਨੂੰ ਤਾਂ ਆਪਣੀਆਂ ਮੰਡੀਆਂ ਵਿਚ ਆਉਣ ਹੀ ਨਹੀਂ ਦਿੱਤਾ ਅਤੇ ਆਪਣਾ ਮਾਲ ਅਮਰੀਕੀ ਮੰਡੀਆਂ ਵਿਚ ਵੇਚ ਕੇ ਅਮਰੀਕੀ ਸਨਅਤਾਂ ਨੂੰ ਚੌਪਟ ਕੀਤਾ ਹੈ। ਇਸ ਲਈ ਉਹ ਦੋ ਅਪ੍ਰੈਲ ਤੋਂ ਹਰ ਦੇਸ਼ ’ਤੇ ਜਵਾਬੀ ਟੈਰਿਫ ਲਗਾਉਣ ਜਾ ਰਹੇ ਹਨ। ਯਾਨੀ ਜਿੰਨਾ ਟੈਰਿਫ ਤੁਸੀਂ ਅਮਰੀਕਾ ਦੇ ਮਾਲ ’ਤੇ ਲਗਾਓਗੇ, ਅਮਰੀਕਾ ਓਨਾ ਹੀ ਤੁਹਾਡੇ ਮਾਲ ’ਤੇ ਲਗਾਵੇਗਾ। ਭਾਰਤ ਦੇ ਦਵਾ ਤੇ ਮੋਟਰ ਪਾਰਟ ਉਦਯੋਗਾਂ ’ਤੇ ਇਸ ਦਾ ਤਤਕਾਲ ਬੁਰਾ ਅਸਰ ਪਵੇਗਾ ਅਤੇ ਅੱਗੇ ਚੱਲ ਕੇ ਭਾਰਤ ਦੇ ਨਵੇਂ ਸੈਮੀਕੰਡਕਟਰ ਉਦਯੋਗ ’ਤੇ ਵੀ ਬੁਰਾ ਅਸਰ ਪੈ ਸਕਦਾ ਹੈ। ਅਮਰੀਕਾ ਦੇ ਮਾਲ ’ਤੇ ਟੈਰਿਫ ਘੱਟ ਕਰਨ ਜਾਂ ਹਟਾਉਣ ਤੋਂ ਇਲਾਵਾ ਭਾਰਤ ਆਪਣੇ ਮਾਲ ਲਈ ਦੂਜੀਆਂ ਮੰਡੀਆਂ ਦੀ ਤਲਾਸ਼ ਕਰ ਸਕਦਾ ਹੈ ਪਰ ਉਸ ਵਿਚ ਸਮਾਂ ਲੱਗੇਗਾ।

ਟਰੰਪ ਦੇ ਇਸ ਵਪਾਰ ਯੁੱਧ ਕਾਰਨ ਹੁਣ ਹਰ ਦੇਸ਼ ਆਪਣੀਆਂ ਮੰਡੀਆਂ ਬਚਾਉਣ ਲਈ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਵਾਲੀ ਨੀਤੀ ਦਾ ਸਹਾਰਾ ਲਵੇਗਾ। ਅਰਥ-ਸ਼ਾਸਤਰੀਆਂ ਨੂੰ ਸ਼ੰਕਾ ਹੈ ਕਿ ਆਪਣੇ ਹਿੱਤਾਂ ਦੀ ਰੱਖਿਆ ਕਰਨ ਵਾਲੀ ਇਸ ਲਹਿਰ ਨਾਲ ਬੀਤੇ ਤਿੰਨ ਦਹਾਕਿਆਂ ਵਿਚ ਮੁਕਤ ਵਪਾਰ ਕਾਰਨ ਹੋਈ ਤਰੱਕੀ ਦੀ ਰਫ਼ਤਾਰ ਮੱਠੀ ਪੈ ਸਕਦੀ ਹੈ।

ਇਹ ਸਭ ਅਜਿਹੇ ਸਮੇਂ ਹੋ ਰਿਹਾ ਹੈ ਜਦ ਭਾਰਤ ਨੂੰ ਆਪਣਾ ਜ਼ਿਆਦਾ ਤੋਂ ਜ਼ਿਆਦਾ ਮਾਲ ਵਿਦੇਸ਼ ਵਿਚ ਵੇਚ ਕੇ ਉਹ ਪੂੰਜੀ ਕਮਾਉਣ ਦੀ ਸਖ਼ਤ ਜ਼ਰੂਰਤ ਹੈ ਜਿਸ ਤੋਂ ਬਿਨਾਂ ਲੋਕਾਂ ਦਾ ਜੀਵਨ ਪੱਧਰ ਸੁਧਾਰਿਆ ਨਹੀਂ ਜਾ ਸਕਦਾ। ਚੀਨ ਨੇ ਚਾਰ ਦਹਾਕਿਆਂ ਤੱਕ ਲੱਖਾਂ ਕਰੋੜ ਦਾ ਵਪਾਰ ਲਾਭ ਕਮਾਇਆ ਹੈ। ਉਸੇ ਦੇ ਬਲਬੂਤੇ ਉੱਥੋਂ ਦੇ ਲੋਕਾਂ ਦਾ ਜੀਵਨ ਪੱਧਰ ਬਹੁਤ ਸੁਧਰਿਆ ਹੈ।

ਉਸੇ ਤੋਂ ਸਬਕ ਲੈ ਕੇ ਹੋਰ ਦੇਸ਼ ਵੀ ਉਸ ਦੀ ਕਦਮਤਾਲ ਕਰ ਰਹੇ ਹਨ। ਭਾਵੇਂ ਟਰੰਪ ‘ਮੇਕ ਅਮਰੀਕਾ ਗ੍ਰੇਟ ਅਗੇਨ’ ਮੁਹਿੰਮ ਨੂੰ ਸਫਲ ਬਣਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ ਪਰ ਟੈਰਿਫ ਦੇ ਮੁੱਦੇ ’ਤੇ ਅਪਣਾਏ ਸਖ਼ਤ ਰੁਖ ਕਾਰਨ ਅਮਰੀਕਾ ਨੂੰ ਵੀ ਨੁਕਸਾਨ ਸਹਿਣਾ ਪਵੇਗਾ। ਮੌਜੂਦਾ ਸਮੇਂ ਕੋਈ ਵੀ ਮੁਲਕ ਵਿੱਤੀ ਨੁਕਸਾਨ ਨਹੀਂ ਸਹਾਰਨਾ ਚਾਹੁੰਦਾ। ਜੇ ਉਸ ਦੇ ਹਿੱਤਾਂ ਨੂੰ ਨੁਕਸਾਨ ਪੁੱਜੇਗਾ ਤਾਂ ਉਹ ਯਕੀਨਨ ਜਵਾਬੀ ਕਾਰਵਾਈ ਕਰੇਗਾ। ਭਾਰਤ ਵੀ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਹੀਲਾ-ਵਸੀਲਾ ਵਰਤ ਰਿਹਾ ਹੈ। ਉਸ ਦੀ ਨੀਤੀ ਲਚਕੀਲੀ ਹੈ ਤੇ ਜੇ ਕਿਸੇ ਮੁੱਦੇ ’ਤੇ ਆਪਸੀ ਸਹਿਮਤੀ ਨਾਲ ਹੱਲ ਨਿਕਲਦਾ ਹੋਵੇਗਾ ਤਾਂ ਉਸ ਤੋਂ ਪਿੱਛੇ ਨਹੀਂ ਹਟਿਆ ਜਾਵੇਗਾ।

# ਅਮਰੀਕਾ ਵੱਲੋਂ ਲਗਾਏ ਟੈਰਿਫਾਂ ਕਾਰਨ ਮੰਦੀ ਦਾ ਖਦਸ਼ਾ

ਸੌਤਿਕ ਬਿਸਵਾਸ

ਭਾਰਤ, ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਅਤੇ ਸਭ ਤੋਂ ਤੇਜ਼ੀ ਨਾਲ ਵਧ ਰਹੀ ਮੁੱਖ ਅਰਥਵਿਵਸਥਾ ਹੈ। ਫਿਰ ਵੀ, ਵਿਸ਼ਵ ਪੱਧਰ 'ਤੇ ਇਹ ਵਪਾਰ ਮੁਕਾਬਲੇ ਵਿੱਚ ਪਿੱਛੇ ਹੈ ਅਤੇ ਇਸ ਦਾ ਕਾਰਨ ਹਨ - ਕੌਮਾਂਤਰੀ ਵਪਾਰ ਪ੍ਰਤੀ ਜ਼ਿਆਦਾ ਸੁਰੱਖਿਅਤ ਢੰਗ ਨਾਲ ਚੱਲਣ ਵਾਲਾ ਇਸਦਾ ਹਾਲੀਆ ਰਵੱਈਆ ਅਤੇ ਗ੍ਰਹਿ-ਕੇਂਦ੍ਰਿਤ ਵਪਾਰ ਨੀਤੀਆਂ। ਭਾਰਤ ਆਪਣੀਆਂ ਟੈਰਿਫ ਦਰਾਂ ਉੱਚੀਆਂ ਰੱਖਦਾ ਹੈ ਅਤੇ ਵਿਸ਼ਵ ਪੱਧਰ 'ਤੇ ਬਰਾਮਦਗੀ ਵਿੱਚ ਇਸ ਦਾ ਹਿੱਸਾ 2 ਫੀਸਦੀ ਤੋਂ ਘੱਟ ਹੈ। ਭਾਰਤ ਦੇ ਵਿਸ਼ਾਲ ਘਰੇਲੂ ਬਾਜ਼ਾਰ ਨੇ ਬਹੁਤ ਸਾਰੇ ਹੋਰ (ਦੇਸ਼ਾਂ) ਨੂੰ ਪਛਾੜਦੇ ਹੋਏ ਇਸਦੇ ਵਿਕਾਸ ਨੂੰ ਤੇਜ਼ ਕੀਤਾ ਹੈ, ਹਾਲਾਂਕਿ ਅਰਥਸ਼ਾਸਤਰੀਆਂ ਦਾ ਤਰਕ ਹੈ ਕਿ ਅਜਿਹਾ ਹੋਣ ਪਿੱਛੇ ਇੱਕ ਮੁੱਖ ਕਾਰਨ ਇਹ ਵੀ ਹੈ ਕਿ - ਬਾਕੀ ਦੁਨੀਆਂ ਦਾ ਵਿਕਾਸ ਹੌਲੀ ਹੋ ਰਿਹਾ ਹੈ।

ਪਰ ਇੱਕ ਅਸ਼ਾਂਤ, ਵਧਦੇ ਸੁਰੱਖਿਆਵਾਦੀ ਯੁੱਗ ਵਿੱਚ, ਭਾਰਤ ਦੀ ਇਹ ਸਵੈ-ਨਿਰਭਰਤਾ ਵਾਲੀ ਪ੍ਰਵਿਰਤੀ ਕੁਝ ਸਮੇਂ ਲਈ ਇੱਕ ਢਾਲ ਵਜੋਂ ਕੰਮ ਕਰ ਸਕਦੀ ਹੈ। ਬਦਲਦੀਆਂ ਹੋਈਆਂ ਅਮਰੀਕੀ ਵਪਾਰ ਨੀਤੀਆਂ ਦੇ ਜਵਾਬ ਵਿੱਚ ਹੋਰ ਕਈ ਦੇਸ਼ ਮੁੜ ਤਾਲਮੇਲ ਬਿਠਾਉਣ ਲਈ ਸੰਘਰਸ਼ ਕਰ ਰਹੇ ਹਨ, ਪਰ ਭਾਰਤ ਦੀ ਸਾਪੇਖਿਕ ਨਿਰਲੇਪਤਾ (ਇਸ ਸਬੰਧ 'ਚ ਭਾਰਤ ਦੀ ਹੁਣ ਤੱਕ ਦੀ ਰਣਨੀਤੀ) ਨੇ ਇਸ ਨੂੰ ਉਨ੍ਹਾਂ ਝਟਕਿਆਂ ਦਾ ਸਾਹਮਣਾ ਕਰਨ ਵਿੱਚ ਮਦਦ ਕੀਤੀ ਹੋ ਸਕਦੀ ਹੈ, ਜਿਨ੍ਹਾਂ ਨੇ ਵਧੇਰੇ ਵਪਾਰ-ਨਿਰਭਰ ਅਰਥਵਿਵਸਥਾਵਾਂ ਨੂੰ ਤਗੜਾ ਝਟਕਾ ਦਿੱਤਾ ਹੈ।




### 'ਵਪਾਰ ਪ੍ਰਤੀ ਸੰਕੋਚੀ ਹੋਣਾ ਸਾਡੇ ਲਈ ਫਾਇਦੇ ਦੀ ਗੱਲ'

ਮੁੰਬਈ ਸਥਿਤ ਇੰਦਰਾ ਗਾਂਧੀ ਇੰਸਟੀਚਿਊਟ ਆਫ਼ ਡਿਵੈਲਪਮੈਂਟ ਰਿਸਰਚ ਵਿੱਚ ਅਰਥਸ਼ਾਸਤਰ ਦੇ ਐਸੋਸੀਏਟ ਪ੍ਰੋਫੈਸਰ ਰਾਜੇਸ਼ਵਰੀ ਸੇਨਗੁਪਤਾ ਕਹਿੰਦੇ ਹਨ ਕਿ "ਵਿਸ਼ਵਵਿਆਪੀ ਵਸਤੂਆਂ ਦੇ ਵਪਾਰ ਵਿੱਚ ਭਾਰਤ ਦਾ ਘੱਟ ਜੋਖ਼ਮ ਲੈਣਾ, ਸਾਡੇ ਹੱਕ ਵਿੱਚ ਕੰਮ ਕਰ ਸਕਦਾ ਹੈ। ਜੇਕਰ ਨਿਰਯਾਤ-ਸੰਚਾਲਿਤ ਅਰਥਵਿਵਸਥਾਵਾਂ ਟੈਰਿਫ ਦਬਾਅ ਹੇਠ ਹੌਲੀ ਹੋ ਜਾਂਦੀਆਂ ਹਨ, ਅਤੇ ਅਸੀਂ 6 ਫੀਸਦੀ ਦੀ ਦਰ ਨਾਲ ਵਧਦੇ ਰਹਿੰਦੇ ਹਾਂ, ਤਾਂ ਅਸੀਂ ਤੁਲਨਾਤਮਕ ਤੌਰ 'ਤੇ ਜ਼ਿਆਦਾ ਮਜ਼ਬੂਤ ਦਿਖਾਈ ਦੇਵਾਂਗੇ - ਖਾਸ ਕਰਕੇ ਸਾਡੇ ਵੱਡੇ ਘਰੇਲੂ ਬਾਜ਼ਾਰ ਨਾਲ।"

ਉਹ ਅੱਗੇ ਕਹਿੰਦੇ ਹਨ, "ਵਪਾਰ ਪ੍ਰਤੀ ਸੰਕੋਚੀ ਹੋਣਾ ਸਾਡੇ ਲਈ ਇੱਕ ਫਾਇਦੇ ਵਿੱਚ ਬਦਲ ਗਿਆ ਹੈ - ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਸੰਤੁਸ਼ਟ ਹੋ ਕੇ ਬੈਠ ਜਾਈਏ। ਨਵੇਂ ਮੌਕੇ ਹਾਸਿਲ ਕਰਨ ਲਈ, ਭਾਰਤ ਨੂੰ ਮੁਸਤੈਦ ਰਹਿਣਾ ਚਾਹੀਦਾ ਹੈ ਅਤੇ ਹੌਲੀ-ਹੌਲੀ ਪਰ ਰਣਨੀਤਕ ਤੌਰ 'ਤੇ ਵਪਾਰ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।" ਹਾਲਾਂਕਿ, ਵਪਾਰ ਨਾਲ ਜੁੜੀਆਂ ਪਾਬੰਦੀਆਂ ਅਤੇ ਟੈਰਿਫਾਂ ਕਾਰਨ ਭਾਰਤ ਦੇ ਲੰਬੇ ਅਤੇ ਗੁੰਝਲਦਾਰ ਸਬੰਧਾਂ ਨੂੰ ਦੇਖਦੇ ਹੋਏ, ਇਹ ਕਰਨਾ ਸੌਖਾ ਨਹੀਂ ਹੋਵੇਗਾ।

### ਵਪਾਰ ਪ੍ਰਤੀ ਭਾਰਤ ਦੀ ਪਹੁੰਚ

ਕੋਲੰਬੀਆ ਯੂਨੀਵਰਸਿਟੀ ਦੇ ਅਰਥਸ਼ਾਸਤਰੀ ਅਤੇ ਪ੍ਰਸਿੱਧ ਵਪਾਰ ਮਾਹਰ ਅਰਵਿੰਦ ਪਨਗੜੀਆ ਨੇ ਆਪਣੀ ਕਿਤਾਬ 'ਇੰਡੀਆਜ਼ ਟ੍ਰੇਡ ਪਾਲਿਸੀ: ਦਿ 1990 ਐਂਡ ਬਿਓਂਡ' ਵਿੱਚ, ਵਪਾਰ ਪ੍ਰਤੀ ਭਾਰਤ ਦੀ ਪਹੁੰਚ ਦੇ ਗੁੰਝਲਦਾਰ ਅਤੇ ਅਕਸਰ ਅਸੰਗਤ ਵਿਕਾਸ ਦਾ ਪਤਾ ਲਗਾਇਆ ਹੈ। ਅੰਤਰ-ਯੁੱਧ ਦੇ ਸਾਲਾਂ ਦੌਰਾਨ, ਕੱਪੜਾ, ਲੋਹਾ ਅਤੇ ਸਟੀਲ ਵਰਗੇ ਉਦਯੋਗਾਂ ਨੇ ਉੱਚ ਪੱਧਰੀ ਸੁਰੱਖਿਆ ਲਈ ਲਾਬਿੰਗ ਕੀਤੀ - ਅਤੇ ਇਹ ਪ੍ਰਾਪਤ ਵੀ ਕੀਤੀ। ਦੂਜੇ ਵਿਸ਼ਵ ਯੁੱਧ ਦੌਰਾਨ ਹੋਈ ਘਾਟ ਨੇ ਸਖ਼ਤ ਦਰਾਮਦ ਨਿਯੰਤਰਣਾਂ ਨੂੰ ਹੋਰ ਵੀ ਸਖ਼ਤ ਕਰ ਦਿੱਤਾ ਅਤੇ ਇਨ੍ਹਾਂ ਨੂੰ ਇੱਕ ਵਿਸਤ੍ਰਿਤ ਲਾਇਸੈਂਸ ਪ੍ਰਣਾਲੀ ਰਾਹੀਂ ਲਾਗੂ ਕੀਤਾ ਗਿਆ।

ਇੱਕ ਪਾਸੇ ਜਿੱਥੇ ਤਾਈਵਾਨ, ਦੱਖਣੀ ਕੋਰੀਆ ਅਤੇ ਸਿੰਗਾਪੁਰ ਵਰਗੇ ਏਸ਼ੀਆਈ ਸਾਥੀ ਦੇਸ਼ਾਂ ਨੇ 1960 ਦੇ ਦਹਾਕੇ ਵਿੱਚ ਦਰਾਮਦ ਨੂੰ ਪ੍ਰਮੁੱਖ ਰੱਖਣ ਵਾਲੀਆਂ ਰਣਨੀਤੀਆਂ ਅਪਣਾਈਆਂ ਅਤੇ ਸਾਲਾਨਾ 8-10 ਫੀਸਦ ਦੀ ਪ੍ਰਭਾਵਸ਼ਾਲੀ ਵਿਕਾਸ ਦਰ ਦਿਖਾਉਣੀ ਸ਼ੁਰੂ ਕੀਤੀ - ਭਾਰਤ ਨੇ ਦਰਾਮਦ ਦੇ ਬਦਲ 'ਤੇ ਦੁੱਗਣਾ ਜ਼ੋਰ ਦਿੱਤਾ (ਜੋ ਚੀਜ਼ਾਂ ਦੂਜੇ ਦੇਸ਼ਾਂ ਤੋਂ ਮੰਗਵਾਉਣੀਆਂ ਪੈਂਦੀਆਂ ਸਨ, ਉਨ੍ਹਾਂ ਦੇ ਬਦਲ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਜੋ ਦਰਾਮਦ ਘੱਟ ਹੋਵੇ)। ਨਤੀਜੇ ਵਜੋਂ, ਜੀਡੀਪੀ ਦੇ ਹਿੱਸੇ ਵਜੋਂ ਦਰਾਮਦ, ਜੋ 1957-58 ਵਿੱਚ 10 ਫੀਸਦੀ ਹੁੰਦਾ ਸੀ, ਉਹ 1969-70 ਵਿੱਚ ਘੱਟ ਕੇ ਸਿਰਫ਼ 4 ਫੀਸਦੀ ਰਹਿ ਗਿਆ। 1960 ਦੇ ਦਹਾਕੇ ਦੇ ਅੱਧ ਤੱਕ, ਭਾਰਤ ਨੇ ਉਪਭੋਗਤਾਵਾਂ ਦੁਆਰਾ ਇਸਤੇਮਾਲ ਹੋਣ ਵਾਲੀਆਂ ਵਸਤੂਆਂ ਦੇ ਦਰਾਮਦ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ। ਇਸ ਨਾਲ ਨਾ ਸਿਰਫ਼ ਘਰੇਲੂ ਉਤਪਾਦਕਾਂ 'ਤੇ ਗੁਣਵੱਤਾ ਵਿੱਚ ਸੁਧਾਰ ਕਰਨ ਦਾ ਦਬਾਅ ਦੂਰ ਹੋਇਆ, ਸਗੋਂ ਉਨ੍ਹਾਂ ਨੂੰ ਵਿਸ਼ਵ ਪੱਧਰੀ ਇਨਪੁਟ ਅਤੇ ਤਕਨਾਲੋਜੀ ਤੱਕ ਪਹੁੰਚ ਤੋਂ ਵੀ ਵਾਂਝੇ ਹੋਣਾ ਪਿਆ। ਨਤੀਜੇ ਵਜੋਂ, ਭਾਰਤੀ ਉਤਪਾਦਾਂ ਨੇ ਵਿਸ਼ਵ ਬਾਜ਼ਾਰਾਂ ਵਿੱਚ ਆਪਣੀ ਮੁਕਾਬਲੇਬਾਜ਼ੀ (ਸਾਖ) ਗੁਆ ਦਿੱਤੀ ਅਤੇ ਇਨ੍ਹਾਂ ਦੀ ਬਰਾਮਦਗੀ ਰੁਕ ਗਈ। ਨਤੀਜੇ ਵਜੋਂ ਵਿਦੇਸ਼ੀ ਮੁਦਰਾ ਦੀ ਘਾਟ ਹੋ ਗਈ ਅਤੇ ਇਸ ਕਾਰਨ ਦਰਾਮਦ 'ਤੇ ਹੋਰ ਵੀ ਸਖਤ ਕੰਟਰੋਲ ਹੋ ਗਿਆ ਜਿਸ ਨਾਲ ਇੱਕ ਅਜਿਹਾ ਚੱਕਰ ਬਣਿਆ, ਜਿਸ ਨੇ ਵਿਕਾਸ ਨੂੰ ਰੋਕ ਦਿੱਤਾ। 1951 ਅਤੇ 1981 ਦੇ ਵਿਚਕਾਰ, ਪ੍ਰਤੀ ਵਿਅਕਤੀ ਆਮਦਨ ਸਿਰਫ 1.5 ਫੀਸਦੀ ਪ੍ਰਤੀ ਸਾਲ ਦੀ ਸੁਸਤ ਰਫ਼ਤਾਰ ਨਾਲ ਵਧੀ।

### ਇੱਕ ਨਵਾਂ ਮੋੜ

1991 ਵਿੱਚ ਇੱਕ ਨਵਾਂ ਮੋੜ ਆਇਆ। ਭੁਗਤਾਨ ਸੰਤੁਲਨ ਦੇ ਸੰਕਟ ਦਾ ਸਾਹਮਣਾ ਕਰਦੇ ਹੋਏ, ਭਾਰਤ ਨੇ ਬਹੁਤ ਸਾਰੇ ਦਰਾਮਦ ਨਿਯੰਤਰਣਾਂ (ਪਾਬੰਦੀਆਂ) ਨੂੰ ਖਤਮ ਕਰ ਦਿੱਤਾ ਅਤੇ ਰੁਪਏ ਨੂੰ ਘਟਣ ਦਿੱਤਾ। ਇਹ ਇੱਕ ਅਜਿਹਾ ਕਦਮ ਸੀ, ਜਿਸਨੇ ਨਿਰਯਾਤਕਾਂ (ਬਰਾਮਦ ਕਰਨ ਵਾਲਿਆਂ) ਅਤੇ ਘਰੇਲੂ ਉਤਪਾਦਕਾਂ ਨੂੰ ਦਰਾਮਦ ਦੇ ਖੇਤਰ ਵਿੱਚ ਮੁਕਾਬਲਾ ਕਰਨ ਲਈ ਜ਼ਰੂਰੀ ਹੁਲਾਰਾ ਮਿਲਿਆ। ਉਪਭੋਗਤਾਵਾਂ ਦੁਆਰਾ ਇਸਤੇਮਾਲ ਹੋਣ ਵਾਲੀਆਂ ਵਸਤੂਆਂ 'ਤੇ ਆਯਾਤ (ਦਰਾਮਦ) ਲਾਇਸੈਂਸਿੰਗ ਵੀ 2001 ਵਿੱਚ ਖਤਮ ਹੋ ਗਈ, ਜਦੋਂ ਵਿਸ਼ਵ ਵਪਾਰ ਸੰਗਠਨ (ਡਬਲਯੂਟੀਓ) ਨੇ ਇਸਦੇ ਵਿਰੁੱਧ ਫੈਸਲਾ ਸੁਣਾਇਆ। ਇਸ ਦਾ ਪ੍ਰਭਾਵ ਹੈਰਾਨ ਕਰਨ ਵਾਲਾ ਸੀ - 2002-03 ਅਤੇ 2011-12 ਦੇ ਵਿਚਕਾਰ, ਭਾਰਤ ਦੇ ਸਾਮਾਨ ਅਤੇ ਸੇਵਾਵਾਂ ਦੇ ਬਰਾਮਦ (ਨਿਰਯਾਤ) ਵਿੱਚ ਛੇ ਗੁਣਾ ਵਾਧਾ ਹੋਇਆ, ਜੋ ਕਿ 75 ਬਿਲੀਅਨ ਡਾਲਰ ਤੋਂ ਵਧ ਕੇ 400 ਬਿਲੀਅਨ ਡਾਲਰ ਤੱਕ ਵੱਧ ਗਿਆ ਸੀ।

ਪ੍ਰੋਫੈਸਰ ਪਨਗੜੀਆ ਮੁਤਾਬਕ, ਵਪਾਰ ਉਦਾਰੀਕਰਨ ਅਤੇ ਹੋਰ ਸੁਧਾਰਾਂ ਦੇ ਨਾਲ, ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 21ਵੀਂ ਸਦੀ ਦੇ ਪਹਿਲੇ 17 ਸਾਲਾਂ ਵਿੱਚ, ਪੂਰੀ 20ਵੀਂ ਸਦੀ ਦੇ ਮੁਕਾਬਲੇ ਵੱਧ ਹੋ ਗਈ ਸੀ। ਪਰ ਵਪਾਰ ਪ੍ਰਤੀ ਅਜਿਹੀਆਂ ਪਾਬੰਦੀਆਂ ਖਤਮ ਨਹੀਂ ਹੋਈਆਂ। 'ਜੇਕਰ ਵਿਦੇਸ਼ੀ ਸਾਨੂੰ ਚੀਜ਼ਾਂ ਵੇਚਣਗੇ ਨਹੀਂ ਤਾਂ ਸਾਡੀਆਂ ਚੀਜ਼ਾਂ ਖਰੀਦਣ ਲਈ ਪੈਸੇ ਕਿੱਥੋਂ ਲਿਆਉਣਗੇ'। ਪ੍ਰੋਫੈਸਰ ਪਨਗੜੀਆ ਦੇ ਅਨੁਸਾਰ, ਭਾਰਤ ਵਿੱਚ ਵਪਾਰ ਉਦਾਰੀਕਰਨ ਨੂੰ ਦੋ ਵਾਰ ਉਲਟਾਇਆ ਗਿਆ - 1996-97 ਵਿੱਚ ਅਤੇ ਫਿਰ 2018 ਵਿੱਚ - ਜਦੋਂ ਸਭ ਤੋਂ ਵੱਧ ਮੁਕਾਬਲੇ ਵਾਲੇ ਸਰੋਤਾਂ ਤੋਂ ਦਰਾਮਦ ਨੂੰ ਰੋਕਣ ਲਈ ਐਂਟੀ-ਡੰਪਿੰਗ ਉਪਾਵਾਂ ਦੀ ਵਿਆਪਕ ਵਰਤੋਂ ਹੋਈ। **(ਬਾਕੀ ਅਗਲੇ ਸਫੇ ‘ਤੇ)**

# ਅਮਰੀਕਾ ਵੱਲੋਂ ਲਗਾਏ ਟੈਰਿਫਾਂ ਕਾਰਨ ਮੰਦੀ ਦਾ ਖਦਸ਼ਾ

(ਸਫਾ 18 ਦੀ ਬਾਕੀ)

ਕੈਨੇਡਾ ਦੀ ਕਾਰਲਟਨ ਯੂਨੀਵਰਸਿਟੀ ਦੇ ਅਰਥਸ਼ਾਸਤਰ ਦੇ ਪ੍ਰੋਫੈਸਰ ਵਿਵੇਕ ਦੇਹੇਜੀਆ ਕਹਿੰਦੇ ਹਨ, "ਭਾਰਤ ਵਰਗੇ ਬਹੁਤ ਸਾਰੇ ਉੱਤਰ-ਉਪਨਿਵੇਸ਼ਕ ਦੇਸ਼ਾਂ (ਕਈ ਸਾਲਾਂ ਤੱਕ ਵਿਦੇਸ਼ੀ ਸੱਤਾ ਦੇ ਅਧੀਨ ਰਹਿਣ ਵਾਲੇ ਦੇਸ਼) ਵਿੱਚ ਇਹ ਖਦਸ਼ਾ ਡੂੰਘਾ ਵੱਸਿਆ ਹੋਇਆ ਹੈ ਕਿ ਅੰਤਰਰਾਸ਼ਟਰੀ ਵਣਜ ਅਤੇ ਵਪਾਰ ਕੇਵਲ ਉਪਨਿਵੇਸ਼ੀਕਣ ਦੇ ਨਵੇਂ ਰੂਪ ਹਨ। ਬਦਕਿਸਮਤੀ ਨਾਲ, ਇਹ ਮਾਨਸਿਕਤਾ ਅਜੇ ਵੀ ਕੁਝ ਨੀਤੀ ਨਿਰਮਾਤਾਵਾਂ ਵਿੱਚ ਬਣੀ ਹੋਈ ਹੈ ਅਤੇ ਇਹ ਸ਼ਰਮ ਦੀ ਗੱਲ ਹੈ।" ਬਹੁਤ ਸਾਰੇ ਅਰਥਸ਼ਾਸਤਰੀ ਦਲੀਲ ਦਿੰਦੇ ਹਨ ਕਿ ਇੱਕ ਦਹਾਕੇ ਤੋਂ ਚੱਲ ਰਹੀਆਂ ਸੁਰੱਖਿਆਵਾਦੀ ਨੀਤੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਮੇਕ ਇਨ ਇੰਡੀਆ' ਪਹਿਲਕਦਮੀ ਨੂੰ ਕਮਜ਼ੋਰ ਕਰ ਦਿੱਤਾ ਹੈ, ਜੋ ਕਿ ਪੂੰਜੀ ਅਤੇ ਤਕਨਾਲੋਜੀ-ਅਧਾਰਤ ਖੇਤਰਾਂ 'ਤੇ ਕੇਂਦ੍ਰਿਤ ਰਹੀ ਅਤੇ ਟੈਕਸਟਾਈਲ ਵਰਗੇ ਕਿਰਤ-ਅਧਾਰਤ ਉਦਯੋਗਾਂ ਨੂੰ ਕਿਨਾਰੇ ਕਰ ਦਿੱਤਾ। ਨਤੀਜੇ ਵਜੋਂ, ਇਹ ਪ੍ਰੋਗਰਾਮ (ਮੇਕ ਇਨ ਇੰਡੀਆ) ਨਿਰਮਾਣ ਅਤੇ ਨਿਰਯਾਤ ਵਿੱਚ ਅਰਥਪੂਰਨ ਲਾਭ ਪ੍ਰਦਾਨ ਕਰਨ ਲਈ ਸੰਘਰਸ਼ ਕਰ ਰਿਹਾ ਹੈ।

ਪ੍ਰੋਫੈਸਰ ਪਨਗੜੀਆ ਨੇ ਲਿਖਿਆ ਹੈ, "ਜੇਕਰ ਵਿਦੇਸ਼ੀ ਸਾਨੂੰ ਆਪਣੀਆਂ ਚੀਜ਼ਾਂ ਨਹੀਂ ਵੇਚ ਸਕਦੇ, ਤਾਂ ਉਨ੍ਹਾਂ ਕੋਲ ਸਾਡੇ ਤੋਂ ਖਰੀਦੀਆਂ ਜਾਣ ਵਾਲੀਆਂ ਚੀਜ਼ਾਂ ਲਈ ਭੁਗਤਾਨ ਕਰਨ ਲਈ ਮਾਲੀਆ ਵੀ ਨਹੀਂ ਹੋਵੇਗਾ। ਜੇਕਰ ਅਸੀਂ ਉਨ੍ਹਾਂ ਦੀਆਂ ਚੀਜ਼ਾਂ 'ਤੇ ਕਟੌਤੀ ਕਰਦੇ ਹਾਂ, ਤਾਂ ਉਨ੍ਹਾਂ ਨੂੰ ਵੀ ਸਾਡੇ ਸਾਮਾਨ 'ਤੇ ਕਟੌਤੀ ਕਰਨੀ ਪਵੇਗੀ।" ਅਜਿਹੇ ਸੁਰੱਖਿਆਵਾਦ ਕਾਰਨ ਕ੍ਰੋਨੀਇਜ਼ਮ (ਭਾਈ-ਭਤੀਜਾਵਾਦ ਜਾਂ ਆਪਣੇ ਸਾਥੀਆਂ ਨੂੰ ਲਾਭ ਦੇਣਾ) ਦੇ ਇਲਜ਼ਾਮ ਵੀ ਲੱਗਣ ਲੱਗੇ ਹਨ।

ਨਿਊਯਾਰਕ ਯੂਨੀਵਰਸਿਟੀ ਸਟਰਨ ਸਕੂਲ ਆਫ਼ ਬਿਜ਼ਨਸ ਦੇ ਅਰਥਸ਼ਾਸਤਰ ਦੇ ਪ੍ਰੋਫੈਸਰ ਵਿਰਲ ਆਚਾਰੀਆ ਦੇ ਅਨੁਸਾਰ, "ਕਈ ਭਾਰਤੀ ਉਦਯੋਗਾਂ ਲਈ ਟੈਰਿਫ ਸੁਰੱਖਿਆ ਦਾ ਮਾਹੌਲ ਪ੍ਰਦਾਨ ਕਰਦਾ ਹੈ। ਇਨ੍ਹਾਂ ਸੁਖਾਵੇਂ ਹਾਲਾਤ ਕਾਰਨ ਇਹ ਉਦਯੋਗ ਆਪਣੀ ਗੁਣਵੱਤਾ ਵਧਾਉਣ ਵੱਲ ਨਿਵੇਸ਼ ਨਹੀਂ ਕਰਦੇ। ਇਸ ਨਾਲ ਉਹ ਬਾਜ਼ਾਰ ਦੇ ਇੱਕ ਵੱਡੇ ਹਿੱਸੇ ਨੂੰ ਲਗਾਤਾਰ ਕਾਬੂ ਕਰਕੇ ਆਪਣੀ ਸਥਿਤੀ ਮਜ਼ਬੂਤ ਰੱਖਦੇ ਹਨ।"

### ਭਾਰਤ ਕੋਲ ਇੱਕ ਸੁਨਹਿਰੀ ਮੌਕਾ ਹੈ

ਬਾਕੀ ਦੇਸ਼ਾਂ ਪ੍ਰਤੀ ਅਮਰੀਕਾ ਦੀ ਨਰਮਾਈ ਅਤੇ ਚੀਨ ਦੇ ਦਬਾਅ ਹੇਠ ਆਉਣ ਮਗਰੋਂ, ਯੂਰਪੀਅਨ ਯੂਨੀਅਨ ਨਾਲ ਸਬੰਧਤ ਦੇਸ਼ ਹੁਣ ਭਰੋਸੇਯੋਗ ਵਪਾਰਕ ਭਾਈਵਾਲਾਂ ਨੂੰ ਲੱਭਣ ਲਈ ਜ਼ੋਰ ਲਗਾ ਰਹੇ ਹਨ - ਅਤੇ ਭਾਰਤ ਉਨ੍ਹਾਂ ਵਿੱਚੋਂ ਇੱਕ ਹੋ ਸਕਦਾ ਹੈ।

ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਸ ਮੌਕੇ ਨੂੰ ਸੰਭਾਲਣ ਲਈ, ਭਾਰਤ ਨੂੰ ਆਪਣੇ ਟੈਰਿਫ ਘਟਾਉਣੇ ਚਾਹੀਦੇ ਹਨ, ਬਰਾਮਦ (ਨਿਰਯਾਤ) ਮੁਕਾਬਲੇਬਾਜ਼ੀ ਨੂੰ ਵਧਾਉਣਾ ਚਾਹੀਦਾ ਹੈ ਅਤੇ ਵਿਸ਼ਵ ਵਪਾਰ ਲਈ ਆਪਣੇ ਰਸਤੇ ਖੁੱਲ੍ਹੇ ਹੋਣ ਦਾ ਸੰਕੇਤ ਦੇਣਾ ਚਾਹੀਦਾ ਹੈ।

ਪੋਸ਼ਾਕਾਂ, ਕੱਪੜੇ ਅਤੇ ਖਿਡੌਣੇ ਵਰਗੇ ਖੇਤਰ ਕੋਲ ਇੱਕ ਸੁਨਹਿਰੀ ਮੌਕਾ ਹੈ, ਖਾਸ ਕਰਕੇ ਦਰਮਿਆਨੇ ਅਤੇ ਛੋਟੇ ਪੱਧਰ ਦੇ ਕਾਰੋਬਾਰਾਂ ਲਈ। ਪਰ ਵੱਡਾ ਸਵਾਲ ਇਹ ਹੈ ਕਿ - ਲਗਭਗ ਇੱਕ ਦਹਾਕੇ ਤੱਕ ਅਜਿਹੇ ਵਪਾਰ ਤੋਂ ਦੂਰ ਰਹਿਣ ਤੋਂ ਬਾਅਦ ਕੀ ਉਹ ਸੌਖਿਆਂ ਇਸ ਰਾਹ 'ਤੇ ਅੱਗੇ ਵਧ ਸਕਦੇ ਹਨ - ਅਤੇ ਕੀ ਸਰਕਾਰ ਉਨ੍ਹਾਂ ਦਾ ਸਮਰਥਨ ਕਰੇਗੀ?

ਦਿੱਲੀ ਸਥਿਤ ਥਿੰਕ ਟੈਂਕ ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ (ਜੀਟੀਆਰਆਈ) ਦੇ ਇੱਕ ਅਨੁਮਾਨ ਅਨੁਸਾਰ, ਜੇਕਰ ਟਰੰਪ ਮੌਜੂਦਾ 90 ਦਿਨਾਂ ਦੇ ਵਿਰਾਮ ਤੋਂ ਬਾਅਦ ਆਪਣੀਆਂ ਟੈਰਿਫ ਯੋਜਨਾਵਾਂ ਮੁੜ ਲਾਗੂ ਕਰ ਦਿੰਦੇ ਹਨ ਤਾਂ ਭਾਰਤ ਇਸ ਸਾਲ ਅਮਰੀਕਾ ਨੂੰ ਭੇਜੀਆਂ ਜਾਣ ਵਾਲੀਆਂ ਵਸਤੂਆਂ ਵਿੱਚ 7.76 ਬਿਲੀਅਨ ਡਾਲਰ - ਜਾਂ 6.4 ਫੀਸਦੀ ਦੀ ਗਿਰਾਵਟ ਦੇਖ ਸਕਦਾ ਹੈ। (ਸਾਲ 2024 ਵਿੱਚ, ਭਾਰਤ ਨੇ ਅਮਰੀਕੀ ਬਾਜ਼ਾਰ ਨੂੰ 89 ਬਿਲੀਅਨ ਡਾਲਰ ਦਾ ਸਮਾਨ ਭੇਜਿਆ ਸੀ।)

ਜੀਟੀਆਰਆਈ ਦੇ ਅਜੈ ਸ੍ਰੀਵਾਸਤਵ ਕਹਿੰਦੇ ਹਨ, "ਭਾਰਤ ਅਮਰੀਕਾ ਨੂੰ ਜੋ ਸਮਾਨ ਭੇਜਦਾ ਹੈ, ਟਰੰਪ ਦੇ ਟੈਰਿਫਾਂ ਨਾਲ ਉਸ ਨੂੰ ਹਲਕਾ ਝਟਕਾ ਲੱਗਣ ਦੀ ਉਮੀਦ ਹੈ।"

ਅਜੈ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਭਾਰਤ ਨੂੰ ਪਹਿਲਾਂ ਅਮਰੀਕਾ ਨਾਲ ਸੰਤੁਲਿਤ ਸੌਦਾ ਕਰਨਾ ਚਾਹੀਦਾ ਹੈ ਅਤੇ ਫਿਰ ਆਪਣੇ ਵਪਾਰਕ ਅਧਾਰ ਨੂੰ ਵਧਾਉਣਾ ਚਾਹੀਦਾ ਹੈ। ਇਸ ਵਿੱਚ ਯੂਰਪੀ ਸੰਘ, ਯੂਕੇ ਅਤੇ ਕੈਨੇਡਾ ਨਾਲ ਤੇਜ਼ੀ ਨਾਲ ਸਮਝੌਤੇ ਕਰਨੇ ਸ਼ਾਮਲ ਹਨ ਅਤੇ ਨਾਲ ਹੀ ਚੀਨ, ਰੂਸ, ਜਾਪਾਨ, ਦੱਖਣੀ ਕੋਰੀਆ ਅਤੇ ਆਸੀਆਨ ਨਾਲ ਸਬੰਧਾਂ ਨੂੰ ਮਜ਼ਬੂਤ ਕਰਨਾ ਵੀ ਸ਼ਾਮਲ ਹੈ।

ਘਰੇਲੂ ਪੱਧਰ 'ਤੇ, ਅਸਲ ਪ੍ਰਭਾਵ ਸੁਧਾਰਾਂ 'ਤੇ ਨਿਰਭਰ ਕਰਦਾ ਹੈ: ਸਰਲ ਟੈਰਿਫ, ਇੱਕ ਸੁਚਾਰੂ ਜੀਐਸਟੀ, ਬਿਹਤਰ ਵਪਾਰ ਪ੍ਰਕਿਰਿਆਵਾਂ ਅਤੇ ਗੁਣਵੱਤਾ ਸਬੰਧੀ ਕੰਟਰੋਲ ਨੂੰ ਨਿਰਪੱਖਤਾ ਨਾਲ ਲਾਗੂ ਕਰਨਾ ਜ਼ਰੂਰੀ ਹੈ। ਇਨ੍ਹਾਂ ਤੋਂ ਬਿਨਾਂ, ਹੋ ਸਕਦਾ ਹੈ ਕਿ ਭਾਰਤ ਵਿਸ਼ਵ ਪੱਧਰ 'ਤੇ ਇੱਕ ਚੰਗਾ ਮੌਕਾ ਹੱਥੋਂ ਗੁਆ ਦੇਵੇ।

# ਅਰਵਿੰਦ ਕੇਜਰੀਵਾਲ ਦੀ ਦਿੱਲੀ ਵਾਲੀ ਟੀਮ ਪੰਜਾਬ ਵਿਚ ਕੀ ਕਰ ਰਹੀ ਹੈ?

"ਲੁਧਿਆਣਾ ਵਿੱਚ ਹਰ ਪਾਸੇ ਬੋਰਡ ਕੇਜਰੀਵਾਲ ਦੇ ਲੱਗੇ ਹੋਏ ਹਨ, ਸਾਨੂੰ ਇਹੀ ਪਤਾ ਨਹੀਂ ਲੱਗ ਰਿਹਾ ਕਿ ਸਾਡਾ ਮੁੱਖ ਮੰਤਰੀ ਕੌਣ ਹੈ, ਭਗਵੰਤ ਮਾਨ ਜਾਂ ਅਰਵਿੰਦ ਕੇਜਰੀਵਾਲ।" ਲੁਧਿਆਣਾ ਵਾਸੀ ਜਸਵੀਰ ਸਿੰਘ ਅਰਵਿੰਦ ਕੇਜਰੀਵਾਲ ਦੇ ਦਿੱਲੀ ਚੋਣਾਂ ਹਾਰਨ ਤੋਂ ਬਾਅਦ ਪੰਜਾਬ ਵਿੱਚ ਸਰਗਰਮ ਹੋਣ ਉੱਤੇ ਇਹ ਗੱਲ ਆਖ ਰਹੇ ਹਨ। ਜਸਵੀਰ ਸਿੰਘ ਸਵਾਲ ਕਰਦੇ ਹਨ ਆਖ਼ਰ ਕੇਜਰੀਵਾਲ ਦਿੱਲੀ ਛੱਡ ਪੰਜਾਬ ਕਿਉਂ ਆ ਗਏ ਹਨ? ਇਹ ਸਵਾਲ ਸਿਰਫ਼ ਇੱਕ ਜਸਵੀਰ ਸਿੰਘ ਦਾ ਨਹੀਂ ਹੈ, ਪੰਜਾਬ ਦੇ ਕਈ ਲੋਕ ਅੱਜਕੱਲ੍ਹ ਇਹ ਸਵਾਲ ਚੁੱਕ ਰਹੇ ਹਨ। ਜਿਸ ਦਿਨ ਤੋਂ ਆਮ ਆਦਮੀ ਪਾਰਟੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਹਾਰੀ ਹੈ ਉਸ ਦਿਨ ਤੋਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਪੰਜਾਬ ਬਾਰੇ ਸਰਗਰਮ ਨਜ਼ਰ ਆ ਰਹੇ ਹਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜਕੱਲ੍ਹ ਜਿਸ ਪ੍ਰੋਗਰਾਮ ਵਿੱਚ ਸ਼ਿਰਕਤ ਕਰ ਰਹੇ ਹਨ ਉੱਥੇ ਅਰਵਿੰਦ ਕੇਜਰੀਵਾਲ ਜਾਂ ਮਨੀਸ਼ ਸਿਸੋਦੀਆ ਜ਼ਰੂਰ ਹੁੰਦੇ ਹਨ। ਪੰਜਾਬ ਦੇ ਮੁੱਖ ਮੰਤਰੀ ਨਾਲ ਦਿੱਲੀ ਦਾ ਕੋਈ ਨਾ ਕੋਈ ਸਿਆਸੀ ਆਗੂ ਹਰ ਵੇਲੇ ਘੁੰਮੇ ਤਾਂ ਸਵਾਲ ਉੱਠਣੇ ਵੀ ਸੁਭਾਵਿਕ ਵੀ ਹਨ। ਸਿਆਸੀ ਗਲਿਆਰਿਆਂ ਵਿੱਚ ਇਹ ਚਰਚਾਵਾਂ ਹਨ ਕਿ ਅਰਵਿੰਦ ਕੇਜਰੀਵਾਲ ਪੰਜਾਬ ਤੋਂ ਰਾਜ ਸਭਾ ਮੈਂਬਰ ਬਣਨ ਦੀ ਤਿਆਰੀ ਕਰ ਰਹੇ ਹਨ ਇਸ ਲਈ ਉਹ ਪੂਰੀ ਤਾਕਤ ਪੰਜਾਬ ਵਿੱਚ ਲਗਾ ਰਹੇ ਹਨ। ਇਨ੍ਹਾਂ ਚਰਚਾਵਾਂ ਵਿੱਚ ਕਿੰਨਾ ਦਮ ਹੈ ਅਤੇ ਅਰਵਿੰਦ ਕੇਜਰੀਵਾਲ ਦੀ ਅਗਲੀ ਰਣਨੀਤੀ ਕੀ ਹੈ ਜਾਂ ਕਹਿ ਲਓ ਕਿ ਆਖ਼ਰ ਅਰਵਿੰਦ ਕੇਜਰੀਵਾਲ ਪੰਜਾਬ ਵਿੱਚ ਕਰ ਕੀ ਰਹੇ ਹਨ, ਉਨ੍ਹਾਂ ਦਾ ਨਿਸ਼ਾਨਾ ਕੀ ਹੈ, ਇਸ ਦੇ ਬਾਰੇ ਬੀਬੀਸੀ ਪੰਜਾਬੀ ਨੇ ਜ਼ਮੀਨੀ ਹਕੀਕਤ ਜਾਨਣ ਦੀ ਕੋਸ਼ਿਸ਼ ਕੀਤੀ।

### ਦਿੱਲੀ ਹਾਰੀ, ਪੰਜਾਬ ਵਿੱਚ ਐਂਟਰੀ ਮਾਰੀ

ਅਰਵਿੰਦ ਕੇਜਰੀਵਾਲ ਦੇ ਪੰਜਾਬ ਆਉਣ ਦੇ ਮਕਸਦ ਨੂੰ ਸਮਝਣ ਲਈ ਉਨ੍ਹਾਂ ਦੀਆਂ ਪੰਜਾਬ ਵਿੱਚ ਕੀਤੀਆਂ ਗਤੀਵਿਧੀਆਂ ਨੂੰ ਸਮਝਣਾ ਜ਼ਰੂਰੀ ਹੈ। ਇਸ ਲਈ ਸਭ ਤੋਂ ਪਹਿਲਾਂ ਨਜ਼ਰ ਅਰਵਿੰਦ ਕੇਜਰੀਵਾਲ ਦੀਆਂ ਗਤੀਵਿਧੀਆਂ ਉੱਤੇ ਮਾਰਦੇ ਹਾਂ। ਦਿੱਲੀ ਵਿੱਚ ਮਿਲੀ ਕਰਾਰੀ ਹਾਰ ਤੋਂ ਬਾਅਦ ਅਰਵਿੰਦ ਕੇਜਰੀਵਾਲ ਸਿੱਧਾ ਪੰਜਾਬ ਦੇ ਹੁਸ਼ਿਆਰਪੁਰ ਵਿੱਚ ਵਿਪਾਸਨਾ ਕਰਨ ਲਈ ਪਹੁੰਚ ਗਏ। ਅਰਵਿੰਦ ਕੇਜਰੀਵਾਲ 5 ਮਾਰਚ 2025 ਨੂੰ ਪਰਿਵਾਰ ਸਮੇਤ ਵਿਪਾਸਨਾ ਲਈ ਹੁਸ਼ਿਆਰਪੁਰ ਪਹੁੰਚੇ ਸਨ। ਇੱਥੇ ਉਹ 10 ਦਿਨ ਲਈ ਰਹੇ, ਪਰ ਵਿਰੋਧੀ ਧਿਰਾਂ ਨੇ ਅਰਵਿੰਦ ਕੇਜਰੀਵਾਲ ਦੀ ਵਿਪਾਸਨਾ ਉੱਤੇ ਵੀ ਸਵਾਲ ਚੁੱਕੇ। ਭਾਜਪਾ ਆਗੂ ਮਨਜਿੰਦਰ ਸਿਰਸਾ ਬੋਲੇ, "ਅਰਵਿੰਦ ਕੇਜਰੀਵਾਲ ਵਿਪਾਸਨਾ ਲਈ ਹੁਸ਼ਿਆਰਪੁਰ ਗਏ ਸਨ, ਪਰ ਉਨ੍ਹਾਂ ਦੇ ਕਾਫ਼ਲੇ ਵਿੱਚ 50 ਤੋਂ ਵੱਧ ਵਾਹਨ ਸਨ, ਜਿਨ੍ਹਾਂ ਵਿੱਚ ਦੋ ਕਰੋੜ ਰੁਪਏ ਦੀਆਂ ਲੈਂਡ ਕਰੂਜ਼ਰ ਵੀ ਸ਼ਾਮਲ ਸਨ।" "ਇਸ ਤੋਂ ਇਲਾਵਾ 100 ਤੋਂ ਵੱਧ ਪੁਲਿਸ ਕਮਾਂਡੋ ਉਸ ਦੇ ਨਾਲ ਸਨ। ਐਂਬੂਲੈਂਸ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਵੀ ਮੌਜੂਦ ਸਨ। ਇਹ ਕਿਹੋ ਜਿਹੀ ਸ਼ਾਂਤੀ ਹੈ, ਜਿਸ ਲਈ ਪੰਜਾਬ ਦੇ ਲੋਕਾਂ ਦੇ ਖਜ਼ਾਨੇ ਵਿੱਚੋਂ ਲੱਖਾਂ ਰੁਪਏ ਬਰਬਾਦ ਕੀਤੇ ਜਾ ਰਹੇ ਹਨ।"

ਦਿੱਲੀ ਹਾਰਨ ਮਗਰੋਂ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿੱਚ ਉਨ੍ਹਾਂ ਮੁੱਦਿਆਂ ਨੂੰ ਚੁੱਕਿਆ ਜਿਹੜੇ ਮੁੱਦੇ ਹੱਲ ਕਰਨ ਦਾ ਵਾਅਦਾ ਕਰ ਕੇ ਉਹ ਪੰਜਾਬ ਦੀ ਸੱਤਾ ਵਿੱਚ ਆਏ ਸਨ ਜਿਵੇਂ ਕਿ ਨਸ਼ੇ ਅਤੇ ਭ੍ਰਿਸ਼ਟਾਚਾਰ ਦਾ ਖ਼ਾਤਮਾ। ਪੰਜਾਬ ਵਿੱਚ ਜਦੋਂ ਹੁਣ ਆਮ ਆਦਮੀ ਪਾਰਟੀ ਸਰਕਾਰ ਦੇ ਸਿਰਫ਼ ਦੋ ਸਾਲ ਹੀ ਬਾਕੀ ਬਚੇ ਹਨ ਤਾਂ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਕਿ ਉਹ ਪੰਜਾਬ ਵਿੱਚ ਨਸ਼ੇ ਨੂੰ ਖ਼ਤਮ ਕਰਨ ਲਈ ਪਿੰਡ-ਪਿੰਡ ਜਾ ਕੇ ਪ੍ਰਚਾਰ ਕਰਨਗੇ। ਇਸ ਪ੍ਰਚਾਰ ਦੌਰਾਨ ਅਰਵਿੰਦ ਕੇਜਰੀਵਾਲ ਨੇ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ, "ਜਾਂ ਤਾਂ ਪੰਜਾਬ 'ਚ ਨਸ਼ਾ ਵੇਚਣਾ ਬੰਦ ਕਰੋ, ਜਾਂ ਪੰਜਾਬ ਛੱਡ ਦਿਓ।"

ਅਰਵਿੰਦ ਕੇਜਰੀਵਾਲ ਨੇ 15 ਮਾਰਚ ਨੂੰ ਅੰਮ੍ਰਿਤਸਰ ਵਿੱਚ ਭਾਜਪਾ ਆਗੂ ਲਕਸ਼ਮੀ ਕਾਂਤਾ ਚਾਵਲਾ ਨਾਲ ਉਨ੍ਹਾਂ ਦੇ ਘਰ ਜਾ ਕੇ ਮੁਲਾਕਾਤ ਕੀਤੀ। ਇਸ ਮੁਲਾਕਾਤ ਦੀ ਫੋਟੋ ਜਿਵੇਂ ਹੀ ਵਾਇਰਲ ਹੋਈ ਤਾਂ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਸਿਆਸਤ ਭਖ਼ ਗਈ। ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ, "ਜੇਕਰ ਕੋਈ ਵਿਅਕਤੀ ਅਸਫਲ ਹੋ ਜਾਂਦਾ ਹੈ, ਤਾਂ ਉਹ ਬਾਹਰ ਨਿਕਲਣ ਦਾ ਰਸਤਾ ਲੱਭਦਾ ਹੈ। ਜੇਕਰ ਅਰਵਿੰਦ ਕੇਜਰੀਵਾਲ ਲਕਸ਼ਮੀ ਕਾਂਤਾ ਚਾਵਲਾ ਦੇ ਘਰ ਜਾ ਕੇ ਭਾਜਪਾ ਵਿੱਚ ਸ਼ਾਮਲ ਹੋਣ ਬਾਰੇ ਸੋਚ ਰਹੇ ਹਨ, ਤਾਂ ਭਾਜਪਾ ਉਨ੍ਹਾਂ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗੀ।"

### ਲੁਧਿਆਣਾ ਪੱਛਮੀ ਵਿੱਚ ਵਧਾਈਆਂ ਸਰਗਰਮੀਆਂ

ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਗੋਗੀ ਦੀ ਮੌਤ ਤੋਂ ਬਾਅਦ ਲੁਧਿਆਣਾ ਪੱਛਮੀ ਦੀ ਸੀਟ ਉੱਤੇ ਥੋੜ੍ਹੇ ਸਮੇਂ ਵਿੱਚ ਹੀ ਜ਼ਿਮਨੀ ਚੋਣ ਹੋਣੀ ਹੈ। ਅਜੇ ਤੱਕ ਜ਼ਿਮਨੀ ਚੋਣ ਦੀਆਂ ਤਰੀਕਾਂ ਦਾ ਐਲਾਨ ਨਹੀਂ ਹੋਇਆ ਹੈ ਪਰ ਆਮ ਆਦਮੀ ਪਾਰਟੀ ਨੇ ਸਭ ਤੋਂ ਪਹਿਲਾਂ ਇਸ ਸੀਟ ਉੱਤੇ ਆਪਣੇ ਮੌਜੂਦਾ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਚੋਣ ਲੜਾਉਣ ਦਾ ਐਲਾਨ ਕਰ ਦਿੱਤਾ। ਜਿਸ ਤੋਂ ਬਾਅਦ ਇਹ ਚਰਚਾਵਾਂ ਹੋਰ ਤੇਜ਼ ਹੋ ਗਈਆਂ ਕਿ ਆਮ ਆਦਮੀ ਪਾਰਟੀ ਸੰਜੀਵ ਅਰੋੜਾ ਨੂੰ ਰਾਜ ਸਭਾ ਤੋਂ ਹਟਾ ਕੇ ਪੰਜਾਬ ਵਿਧਾਨ ਸਭਾ ਭੇਜਣ ਦੀ ਤਿਆਰੀ ਕਰ ਰਹੀ ਹੈ ਅਤੇ ਰਾਜ ਸਭਾ ਲਈ ਅਰਵਿੰਦ ਕੇਜਰੀਵਾਲ ਜਾਂ ਮਨੀਸ਼ ਸਿਸੋਦੀਆ ਉੱਤੇ ਦਾਅ ਖੇਡਿਆ ਜਾ ਸਕਦਾ ਹੈ। ਹਾਲਾਂਕਿ ਲੁਧਿਆਣਾ ਵਾਸੀ ਇੰਦਰਪਾਲ ਸਿੰਘ ਸੋਚਦੇ ਹਨ ਕਿ ਜੇਕਰ ਕੇਜਰੀਵਾਲ ਪੰਜਾਬ ਤੋਂ ਰਾਜ ਸਭਾ ਵਿੱਚ ਜਾਂਦੇ ਵੀ ਹਨ ਤਾਂ ਇਸ ਦੇ

**ਨਵਜੋਤ ਕੌਰ**

ਵਿੱਚ ਕੋਈ ਗ਼ਲਤ ਗੱਲ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕੁਝ ਰਾਜ ਸਭਾ ਮੈਂਬਰ ਪੰਜਾਬ ਤੋਂ ਬਾਹਰੀ ਹੀ ਹਨ, ਇੱਕ ਹੋਰ ਚਲਾ ਜਾਵੇਗਾ ਤਾਂ ਕੋਈ ਫਰਕ ਨਹੀਂ ਪੈਣਾ।" ਆਪਣੀ ਲੁਧਿਆਣਾ ਫੇਰੀ ਦੌਰਾਨ ਅਰਵਿੰਦ ਕੇਜਰੀਵਾਲ ਨੇ ਲੁਧਿਆਣਾ ਦੇ ਵਪਾਰੀਆਂ ਨਾਲ ਵਾਅਦਾ ਕੀਤਾ ਕਿ ਪੰਜਾਬ ਸਰਕਾਰ ਜਲਦੀ ਹੀ ਇੱਕ ਨਵੀਂ ਉਦਯੋਗਿਕ ਨੀਤੀ ਲੈ ਕੇ ਆਵੇਗੀ ਜੋ ਪ੍ਰੋਜੈਕਟਾਂ ਦੀ ਪ੍ਰਵਾਨਗੀ ਨੂੰ ਤੇਜ਼ ਕਰੇਗੀ।

ਲੁਧਿਆਣਾ ਵਿੱਚ ਉਦਯੋਗਪਤੀਆਂ ਨਾਲ ਮੁਲਾਕਾਤ ਦੌਰਾਨ ਕੇਜਰੀਵਾਲ ਨੇ ਕਿਹਾ, "ਅਸੀਂ ਤੁਹਾਨੂੰ ਨੀਤੀ ਦੇ ਨਿਰਮਾਣ ਵਿੱਚ ਸ਼ਾਮਲ ਕਰਨ ਦੀ ਜ਼ਿੰਮੇਵਾਰੀ ਦੇ ਰਹੇ ਹਾਂ, ਤੁਸੀਂ ਸਾਰੇ ਇਕੱਠੇ ਬੈਠੋ ਅਤੇ ਆਪਣੇ ਕੀਮਤੀ ਸੁਝਾਵਾਂ ਨਾਲ ਅੱਗੇ ਆਓ ਅਤੇ ਸਾਨੂੰ ਦੱਸੋ ਇਸ ਨਾਲ ਅਸੀਂ ਤੁਹਾਡੀ ਚੰਗੇ ਤਰੀਕੇ ਨਾਲ ਸੇਵਾ ਕਰ ਸਕਾਂਗੇ।" ਦੂਜੇ ਪਾਸੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਰਾਜਨੀਤੀ ਦੇ ਪ੍ਰੋਫੈਸਰ ਆਸ਼ੂਤੋਸ਼ ਸਿੰਘ ਅਰਵਿੰਦ ਕੇਜਰੀਵਾਲ ਦੇ ਪੰਜਾਬ ਆਉਣ ਪਿੱਛੇ ਲੁਧਿਆਣਾ ਜ਼ਿਮਨੀ ਚੋਣ ਜਿੱਤਣ ਦੇ ਕਾਰਨ ਨੂੰ ਬਹੁਤ ਛੋਟਾ ਮੰਨਦੇ ਹਨ। ਉਹ ਕਹਿੰਦੇ ਹਨ ਜ਼ਿਮਨੀ ਚੋਣ ਜਿੱਤਣ ਤੋਂ ਕਿਤੇ ਜ਼ਿਆਦਾ ਜ਼ੋਰ ਹੁਣ ਅਰਵਿੰਦ ਕੇਜਰੀਵਾਲ ਦਾ ਨਸ਼ਾ ਅਤੇ ਭ੍ਰਿਸ਼ਟਾਚਾਰ ਖ਼ਤਮ ਕਰਨ ਵੱਲ ਲੱਗਿਆ ਹੋਇਆ ਹੈ, ਜਿਸ ਤੋਂ ਇਹ ਲੱਗਦਾ ਹੈ ਕਿ ਉਹ ਲੋਕਾਂ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਅਸੀਂ ਆਪਣੇ ਕੀਤੇ ਵਾਅਦੇ ਪੂਰੇ ਕਰ ਰਹੇ ਹਾਂ ਤਾਂ ਜੋ ਪੰਜਾਬ ਵਾਸੀਆਂ ਦਾ ਭਰੋਸਾ ਜਿੱਤ ਸਕਣ ਅਤੇ ਪਾਰਟੀ ਦਿੱਲੀ ਵਾਂਗ ਪੰਜਾਬ ਵਿੱਚੋਂ ਆਪਣੀ ਸੱਤਾ ਨਾ ਗਵਾ ਬੈਠੇ।"

### ਸਰਕਾਰ ਸਾਡੀ, ਦੂਜਿਆਂ ਦੀ ਚੱਲੇਗੀ ਨਹੀਂ

ਪੰਜਾਬ ਵਿੱਚ ਜਿੱਥੇ ਅਰਵਿੰਦ ਕੇਜਰੀਵਾਲ ਦੇ ਦੌਰੇ ਚਰਚਾ ਵਿੱਚ ਹਨ ਉੱਥੇ ਹੀ ਉਨ੍ਹਾਂ ਦੇ ਭਾਸ਼ਣ ਵੀ ਚਰਚਾ ਵਿੱਚ ਆਏ ਹਨ। ਲੁਧਿਆਣਾ ਵਿੱਚ ਲੋਕਾਂ ਨੂੰ ਸੰਬੋਧਨ ਹੁੰਦਿਆਂ ਅਰਵਿੰਦ ਕੇਜਰੀਵਾਲ ਦੇ ਬਿਆਨ ਉੱਤੇ ਵਿਰੋਧੀ ਧਿਰਾਂ ਨੇ ਵੀ ਇਤਰਾਜ਼ ਜਤਾਇਆ ਸੀ। ਦਰਅਸਲ ਕੇਜਰੀਵਾਲ ਨੇ ਲੁਧਿਆਣਾ ਵਾਸੀਆਂ ਸੰਬੋਧਨ ਕਰਦਿਆਂ ਕਿਹਾ, "ਜੇਕਰ ਤੁਸੀਂ ਸਾਡੇ ਉਮੀਦਵਾਰ ਨੂੰ ਜਿਤਾਓਗੇ ਤਾਂ ਤੁਹਾਡੇ ਛੋਟੇ ਤੋਂ ਛੋਟੇ ਕੰਮ ਕਰਵਾ ਕੇ ਦਿੱਤੇ ਜਾਣਗੇ ਪਰ ਜੇਕਰ ਤੁਸੀਂ ਕਾਂਗਰਸ ਜਾਂ ਭਾਜਪਾ ਵਾਲਿਆਂ ਨੂੰ ਜਿਤਾ ਦਿੱਤਾ ਤਾਂ ਕੰਮ ਨਹੀਂ ਹੋਣਗੇ, ਉਨ੍ਹਾਂ ਦੀ ਚੱਲੇਗੀ ਨਹੀਂ ਕਿਉਂਕਿ ਸਰਕਾਰ ਤਾਂ ਆਮ ਆਦਮੀ ਪਾਰਟੀ ਦੀ ਹੈ।" ਇਸ ਦੇ ਉੱਤੇ ਵਿਰੋਧੀ ਧਿਰਾਂ ਨੇ ਕਿਹਾ ਕਿ ਕੇਜਰੀਵਾਲ ਸ਼ਰੇਆਮ ਧਮਕੀ ਦੇ ਰਹੇ ਹਨ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਕੋਈ ਕੰਮ ਪੰਜਾਬ ਵਿੱਚ ਨਹੀਂ ਹੋਣਗੇ, ਸਾਰੀ ਅਫਸਰਸ਼ਾਹੀ ਆਮ ਆਦਮੀ ਪਾਰਟੀ ਮੁਤਾਬਕ ਹੀ ਚੱਲੇਗੀ।

### ਕੀ ਭਗਵੰਤ ਮਾਨ ਨੂੰ ਪਾਸੇ ਕਰਨ ਦੀ ਤਿਆਰੀ ਹੈ?

ਅਰਵਿੰਦ ਕੇਜਰੀਵਾਲ ਦੇ ਪੰਜਾਬ ਆਉਣ ਤੋਂ ਪਹਿਲਾਂ ਵੀ ਇਹ ਚਰਚਾ ਪੰਜਾਬ ਵਿੱਚ ਹੁੰਦੀ ਸੀ ਕਿ ਭਗਵੰਤ ਮਾਨ ਪੰਜਾਬ ਵਿੱਚ ਲਾਗੂ ਹੁੰਦੇ ਸਾਰੇ ਫ਼ੈਸਲਿਆਂ ਉੱਤੇ ਪਹਿਲਾਂ ਦਿੱਲੀ ਤੋਂ ਮੋਹਰ ਲਗਵਾਉਂਦੇ ਹਨ। ਇਸ ਬਾਰੇ ਪ੍ਰੋਫੈਸਰ ਆਸ਼ੂਤੋਸ਼ ਸਿੰਘ ਕਹਿੰਦੇ ਹਨ, "ਭਗਵੰਤ ਮਾਨ ਨੂੰ ਪੰਜਾਬ ਦੇ ਲੋਕ ਭਾਵੇਂ ਕਿੰਨਾ ਵੀ ਪਸੰਦ ਕਿਉਂ ਨਾ ਕਰਨ ਪਰ ਇਹ ਸੱਚਾਈ ਹੈ ਕਿ ਅਰਵਿੰਦ ਕੇਜਰੀਵਾਲ ਨੂੰ ਭਗਵੰਤ ਮਾਨ ਉੱਤੇ ਭਰੋਸਾ ਨਹੀਂ ਹੈ, ਅਰਵਿੰਦ ਕੇਜਰੀਵਾਲ ਖ਼ੁਦ ਅੱਗੇ ਹੋ ਕੇ ਫ਼ੈਸਲੇ ਲੈਂਦੇ ਹਨ।" "ਤਿੰਨ ਸਾਲ ਵਿੱਚ ਨਸ਼ੇ ਅਤੇ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਵਾਅਦੇ ਜਦੋਂ ਆਮ ਆਦਮੀ ਪਾਰਟੀ ਪੂਰੇ ਨਹੀਂ ਕਰ ਸਕੀ ਤਾਂ ਕੇਜਰੀਵਾਲ ਨੇ ਪੰਜਾਬ ਵਿੱਚ ਇੱਕ ਮਹੀਨੇ ਦੇ ਅੰਦਰ-ਅੰਦਰ ਪੁਲਿਸ ਨੂੰ ਫਰੀ ਹੈਂਡ ਕਰ ਦਿੱਤਾ ਗਿਆ, ਲੋਕਾਂ ਦੇ ਘਰਾਂ ਉੱਤੇ ਬੁਲਡੋਜ਼ਰ ਚਲਵਾ ਦਿੱਤੇ ਗਏ ਕਿਉਂਕਿ ਅਰਵਿੰਦ ਕੇਜਰੀਵਾਲ ਨੂੰ ਪਤਾ ਲੱਗ ਗਿਆ ਸੀ ਕਿ ਭਗਵੰਤ ਮਾਨ ਇਨ੍ਹਾਂ ਹਾਲਾਤਾਂ ਨਾਲ ਨਹੀਂ ਨਜਿੱਠ ਸਕਣਗੇ।"

ਹਾਲਾਂਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਰਾਜਨੀਤੀ ਦੇ ਪ੍ਰੋਫੈਸਰ ਕੁਲਦੀਪ ਸਿੰਘ ਇਸ ਬਾਰੇ ਵੱਖਰੀ ਦਲੀਲ ਦਿੰਦੇ ਹਨ। ਉਹ ਕਹਿੰਦੇ ਹਨ, "2017 ਦੀਆਂ ਚੋਣਾਂ ਵੇਲੇ ਆਮ ਆਦਮੀ ਪਾਰਟੀ ਨੇ ਭਗਵੰਤ ਮਾਨ ਨੂੰ ਸੀਐੱਮ ਦਾਅਵੇਦਾਰ ਨਹੀਂ ਐਲਾਨਿਆ ਸੀ ਜਿਸ ਦਾ ਖ਼ਾਮਿਆਜ਼ਾ ਪਾਰਟੀ ਨੇ 2017 ਵਿੱਚ ਭੁਗਤਿਆ ਪਰ 2022 ਵਿੱਚ ਪਾਰਟੀ ਨੇ ਆਪਣੀ ਗ਼ਲਤੀ ਸੁਧਾਰੀ ਅਤੇ ਭਗਵੰਤ ਮਾਨ ਨੂੰ ਸੀਐੱਮ ਐਲਾਨ ਦਿੱਤਾ ਤੇ ਪਾਰਟੀ ਜਿੱਤ ਵੀ ਗਈ।" "ਇਸ ਤੋਂ ਸਬਕ ਲੈਂਦਿਆਂ ਆਮ ਆਦਮੀ ਪਾਰਟੀ ਦੀ ਦਿੱਲੀ ਲੀਡਰਸ਼ਿਪ ਚੰਗੀ ਤਰ੍ਹਾਂ ਜਾਣਦੀ ਹੈ ਕਿ ਭਗਵੰਤ ਮਾਨ ਤੋਂ ਬਿਨ੍ਹਾਂ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਹੋਂਦ ਨਹੀਂ ਹੈ, ਇਸ ਕਰਕੇ ਉਹ ਭਗਵੰਤ ਮਾਨ ਨੂੰ ਪਾਸੇ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਹਾਂ ਫ਼ੈਸਲੇ ਉਹ ਖ਼ੁਦ ਲੈਂਦੇ ਹਨ ਪਰ ਭਗਵੰਤ ਮਾਨ ਦਾ ਚਿਹਰਾ ਅੱਗੇ ਕਰਨ ਨਹੀਂ ਭੁੱਲਦੇ।"

ਪ੍ਰੋ. ਕੁਲਦੀਪ ਸਿੰਘ ਅਰਵਿੰਦ ਕੇਜਰੀਵਾਲ ਦੇ ਪੰਜਾਬ ਆਉਣ ਪਿੱਛੇ ਮੁੱਖ ਕਾਰਨ ਦੋ ਮੰਨਦੇ ਹਨ। ਉਹ ਕਹਿੰਦੇ ਹਨ, "ਲੋਕ ਸੋਚਦੇ ਹਨ ਅਰਵਿੰਦ ਕੇਜਰੀਵਾਲ ਰਾਜ ਸਭਾ ਵਿੱਚ ਜਾਣ ਲਈ ਪੰਜਾਬ ਆਏ ਹਨ ਪਰ ਮੈਂ ਮੰਨਦਾ ਹਾਂ ਕਿ ਇਹ ਬਹੁਤ ਛੋਟਾ ਕਾਰਨ ਹੈ। ਇੱਕ ਪਾਰਟੀ ਦੇ ਪ੍ਰਧਾਨ ਲਈ ਪਾਰਟੀ ਬਚਾਉਣੀ ਸਭ ਤੋਂ ਜ਼ਰੂਰੀ ਹੈ ਤੇ ਅਰਵਿੰਦ ਕੇਜਰੀਵਾਲ ਹੁਣ ਆਮ ਆਦਮੀ ਪਾਰਟੀ ਦੀ ਹੋਂਦ ਬਚਾਉਣ ਵਿੱਚ ਲੱਗੇ ਹਨ।" "ਪੰਜਾਬ ਤੋਂ ਬਿਨ੍ਹਾਂ ਹੋਰ ਕਿਸੇ ਸੂਬੇ ਵਿੱਚ ਆਮ ਆਦਮੀ ਪਾਰਟੀ ਨੂੰ ਭਵਿੱਖ ਨਹੀਂ ਦਿੱਖ ਰਿਹਾ। ਇਸ ਲਈ ਉਹ ਪੂਰੀ ਵਾਹ ਪੰਜਾਬ ਵਿੱਚ ਲਾ ਰਹੇ ਹਨ।" ਇਸ ਦਲੀਲ ਨਾਲ ਪ੍ਰੋ. ਆਸ਼ੂਤੋਸ਼ ਵੀ ਸਹਿਮਤ ਹਨ, ਉਹ ਕਹਿੰਦੇ ਹਨ "ਅਰਵਿੰਦ ਕੇਜਰੀਵਾਲ ਨੇ ਕੀਤੇ ਵਾਅਦੇ ਪੂਰੇ ਕਰਨ ਲਈ ਹੁਣ ਕਮਾਂਡ ਆਪਣੇ ਹੱਥੀਂ ਲਈ ਹੈ, ਪੰਜਾਬ ਵਿੱਚ ਕੰਮ ਕਰ ਕੇ ਹੀ ਕੇਜਰੀਵਾਲ ਬਾਕੀ ਦੇਸ਼ ਨੂੰ ਦਿਖਾ ਸਕਣਗੇ ਕਿ ਅਸੀਂ ਬਾਕੀ ਦੀਆਂ ਸਰਕਾਰਾਂ ਤੋਂ ਵੱਖਰੇ ਹਾਂ ਅਤੇ ਆਪਣੇ ਕੀਤੇ ਵਾਅਦੇ ਪੂਰੇ ਕਰਦੇ ਹਾਂ।"

### ਵਿਰੋਧੀਆਂ ਨੇ ਅਰਵਿੰਦ ਕੇਜਰੀਵਾਲ ਦੀ ਮੌਜੂਦਗੀ ਉੱਤੇ ਕੀ ਕਿਹਾ?

ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਦਿੱਲੀ ਦੇ ਆਗੂਆਂ ਦੀ ਪੰਜਾਬ ਵਿੱਚ ਮੌਜੂਦਗੀ ਉੱਤੇ ਸਵਾਲ ਚੁੱਕੇ। ਬਾਜਵਾ ਨੇ ਕਿਹਾ, "ਕੇਜਰੀਵਾਲ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਟੇਕ ਓਵਰ ਕਰ ਲਿਆ ਹੈ, ਮਨੀਸ਼ ਸਿਸੋਦੀਆ ਨੂੰ ਚੰਡੀਗੜ੍ਹ ਵਿੱਚ ਕੋਠੀ ਦੇ ਦਿੱਤੀ ਗਈ ਹੈ। ਹਰ ਸੂਬੇ ਦਾ ਮੁੱਖ ਮੰਤਰੀ ਅਹੁਦਾ ਸੰਭਾਲਣ ਮਗਰੋਂ ਇਹ ਸਹੁੰ ਚੁੱਕਦਾ ਹੈ ਕਿ ਮੈਂ ਸਰਕਾਰ ਦੀਆਂ ਗੱਲਾਂ, ਫਾਈਲਾਂ ਗੁਪਤ ਰੱਖਾਂਗਾ ਪਰ ਇੱਥੇ ਤਾਂ ਭਗਵੰਤ ਮਾਨ ਨੇ ਸਾਰਾ ਕੁਝ ਹੀ ਦਿੱਲੀ ਨੂੰ ਸੌਂਪ ਦਿੱਤਾ ਹੈ।"

### ਉਦਘਾਟਨ ਤਖ਼ਤੀਆਂ ਉੱਤੇ ਕੇਜਰੀਵਾਲ ਦਾ ਨਾਂ

ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਉਦਘਾਟਨ ਬੋਰਡ ਉੱਤੇ ਅਰਵਿੰਦ ਕੇਜਰੀਵਾਲ ਦਾ ਨਾਮ ਹੋਣ ਉੱਤੇ ਸਵਾਲ ਚੁੱਕੇ ਸਨ। 18 ਮਾਰਚ ਨੂੰ ਲੁਧਿਆਣਾ ਵਿੱਚ ਲਾਰਡ ਮਹਾਂਵੀਰ ਸਿਵਲ ਹਸਪਤਾਲ ਦੇ ਨਵੀਨੀਕਰਨ ਮਗਰੋਂ ਕੀਤੇ ਗਏ ਉਦਘਾਟਨੀ ਸਮਾਗਮ ਤੋਂ ਬਾਅਦ ਬਿਕਰਮ ਮਜੀਠੀਆ ਨੇ ਕਿਹਾ, "ਅਰਵਿੰਦ ਕੇਜਰੀਵਾਲ ਪੰਜਾਬ ਸਰਕਾਰ ਦੇ ਕਿਸੇ ਵੀ ਅਹੁਦੇ 'ਤੇ ਨਹੀਂ ਹਨ। ਨਾ ਵਿਧਾਇਕ ਨਾ ਸੰਸਦ ਮੈਂਬਰ ਹਨ ਤਾਂ ਕਿਸ ਹੈਸੀਅਤ ਨਾਲ ਪੰਜਾਬ ਸਰਕਾਰ ਵੱਲੋਂ ਉਦਘਾਟਨ ਕਰ ਸਕਦੇ ਹਨ, ਸੁਪਰ ਸੀਐੱਮ ਦਾ ਨਾਮ ਦੂਰੋਂ ਦਿਖਾਈ ਦੇ ਰਿਹਾ। ਡੰਮੀ ਸੀਐੱਮ ਖਾਨਾ ਪੂਰਤੀ ਲਈ ਕੋਲ ਖੜ੍ਹੇ ਹਨ।"

### ਮਾਨ ਨੂੰ ਰੋਕ ਕੇ ਖ਼ੁਦ ਬੋਲਣ ਲੱਗੇ ਸਿਸੋਦੀਆ

7 ਅਪ੍ਰੈਲ ਨੂੰ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਨੂੰ ਸ਼ੁਰੂ ਕਰਨ ਮਗਰੋਂ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਮੀਡੀਆ ਨੂੰ ਸੰਬੋਧਨ ਹੋ ਰਹੇ ਸਨ ਤਾਂ ਇੱਕ ਸਵਾਲ ਦਾ ਜਵਾਬ ਮੁੱਖ ਮੰਤਰੀ ਭਗਵੰਤ ਮਾਨ ਦੇ ਰਹੇ ਪਰ ਕੋਲ ਖੜੇ ਮਨੀਸ਼ ਸਿਸੋਦੀਆ ਅੱਗੇ ਹੋ ਕੇ ਜਵਾਬ ਦੇਣ ਲੱਗੇ। ਇਸ ਦਾ ਇੱਕ ਵੀਡੀਓ ਕਲਿਪ ਸੋਸ਼ਲ ਮੀਡੀਆ ਉੱਤੇ ਸਾਂਝਾ ਕਰਦਿਆਂ ਜਲੰਧਰ ਕੈਂਟ ਤੋਂ ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਨੇ ਕਿਹਾ, "ਪੰਜਾਬ ਦੇ ਲੋਕਾਂ ਨੇ ਇੱਕ ਸਰਕਾਰ ਚੁਣੀ ਹੈ! ਪੰਜਾਬ ਦੇ ਸਰਕਾਰੀ ਨੀਂਹ ਪੱਥਰਾਂ 'ਤੇ ਦਿੱਲੀ ਦੇ ਲੋਕਾਂ ਵੱਲੋਂ ਨਕਾਰੇ ਹੋਏ ਸਾਬਕਾ ਉੱਪ ਮੁੱਖ ਮੰਤਰੀ ਦਾ ਨਾਮ ਥੋਪਣਾ, ਇਹ ਪੰਜਾਬ ਦੇ ਮੰਤਰੀਆਂ ਅਤੇ ਸੰਵਿਧਾਨ ਦੀ ਸਿੱਧੀ ਤੌਹੀਨ ਹੈ!" "ਅਤੇ ਮੀਡੀਆ ਨੂੰ ਸੰਬੋਧਨ ਕਰਦੇ ਸਮੇਂ ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਦੀ ਗੱਲ ਵਿਚਕਾਰੋਂ ਕੱਟ ਦੇਣਾ, ਇਹ ਨਾ ਸਿਰਫ਼ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਦਾ ਹੀ ਨਹੀਂ ਸਗੋਂ ਪੰਜਾਬੀਆਂ ਦਾ ਵੀ ਸਿੱਧਾ ਅਪਮਾਨ ਹੈ!"

ਆਪਣਾ ਨਾਮ ਨਾ ਦੱਸਣ ਦੀ ਸ਼ਰਤ ਉੱਤੇ ਆਮ ਆਦਮੀ ਪਾਰਟੀ ਦੇ ਨਜ਼ਦੀਕੀਆਂ ਨੇ ਬੀਬੀਸੀ ਪੰਜਾਬੀ ਨੂੰ ਦੱਸਿਆ ਕਿ ਅਰਵਿੰਦ ਕੇਜਰੀਵਾਲ ਦੇ ਪੰਜਾਬ ਆਉਂਦਿਆਂ ਹੀ ਪੰਜਾਬ ਕੈਬਨਿਟ ਵਿੱਚ ਫੇਰਬਦਲ ਦੀ ਪੂਰੀ ਸੰਭਾਵਨਾ ਸੀ ਕਿਉਂਕਿ ਕੇਜਰੀਵਾਲ ਦਿੱਲੀ ਵਾਂਗ ਪੰਜਾਬ ਵਿੱਚੋਂ ਆਮ ਆਦਮੀ ਪਾਰਟੀ ਨੂੰ ਕਮਜ਼ੋਰ ਹੁੰਦਿਆਂ ਨਹੀਂ ਦੇਖ ਸਕਦੇ ਸੀ। ਇਸ ਕਰਕੇ ਉਨ੍ਹਾਂ ਨੇ ਪੰਜਾਬ ਵਿੱਚ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ ਅਤੇ ਨਿਸ਼ਾਨੇ ਉੱਤੇ ਕੈਬਨਿਟ ਹੀ ਸੀ, ਕੈਬਨਿਟ ਦਾ ਫੇਰਬਦਲ ਲਗਭਗ ਸੰਭਵ ਸੀ। ਪਰ ਇਹ ਫੇਰਬਦਲ ਫਿਲਹਾਲ ਟਾਲ ਦਿੱਤਾ ਗਿਆ ਜਿਸ ਦੇ ਬਦਲੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੇ ਆਗੂਆਂ ਨੂੰ ਪੰਜਾਬ ਵਿੱਚ ਦਖ਼ਲ ਅੰਦਾਜ਼ੀ ਦੀ ਖੁੱਲ੍ਹ ਦੇ ਦਿੱਤੀ ਹੈ। ਇਸ ਕਰਕੇ ਹੁਣ ਜਿਵੇਂ ਦਿੱਲੀ ਦੇ ਆਗੂ ਚਾਹੁੰਦੇ ਹਨ ਉਸ ਤਰੀਕੇ ਉਹ ਪੰਜਾਬ ਵਿੱਚ ਵਿਚਰ ਰਹੇ ਹਨ, ਪੰਜਾਬ ਦੇ ਵੱਖ-ਵੱਖ ਸਕੂਲਾਂ ਵਿੱਚ ਮਨੀਸ਼ ਸਿਸੋਦੀਆ ਦਾ ਜਾਣਾ ਇਸੇ ਖੁੱਲ੍ਹ ਦਾ ਨਤੀਜਾ ਹੈ।

# ਬਜ਼ਾਰ ਛੱਡ ਕੇ ਸੋਨੇ ਵੱਲ ਵਧੀ ਦੁਨੀਆ

ਵਿਸ਼ਵ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਪਿਛਲੇ ਕੁਝ ਮਹੀਨਿਆਂ ਦੌਰਾਨ ਬੇਤਹਾਸ਼ਾ ਵਾਧਾ ਹੋਇਆ ਹੈ ਅਤੇ ਰਿਕਾਰਡ ਉਚਾਈਆਂ 'ਤੇ ਪਹੁੰਚ ਗਈਆਂ ਹਨ। ਕਿਉਂਕਿ ਨਿਵੇਸ਼ਕ ਪੂੰਜੀ ਬਜ਼ਾਰਾਂ ਵਿੱਚ ਜਾਰੀ ਅਨਿਸ਼ਚਿਤਤਾ ਦੇ ਕਾਰਨ ਸੁਰੱਖਿਅਤ ਨਿਵੇਸ਼ ਵਿਕਲਪਾਂ ਦੀ ਤਲਾਸ਼ ਕਰ ਰਹੇ ਹਨ। ਸੋਨੇ ਨੂੰ ਰਵਾਇਤੀ ਤੌਰ 'ਤੇ ਵਿੱਤੀ ਮੁਸ਼ਕਲਾਂ ਜਾਂ ਅਸਥਿਰਤਾ ਦੇ ਦੌਰ ਵਿੱਚ ਇੱਕ ਭਰੋਸੇਯੋਗ, ਠੋਸ ਸੰਪਤੀ ਵਜੋਂ ਦੇਖਿਆ ਜਾਂਦਾ ਹੈ।

**"ਪਰ ਕੀ ਇਹ ਸੱਚਮੁੱਚ ਇੰਨਾ ਸੁਰੱਖਿਅਤ ਹੈ?**

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਟੈਰਿਫ ਯੋਜਨਾਵਾਂ ਇਸ ਸਦੀ ਦੌਰਾਨ ਗਲੋਬਲ ਵਪਾਰ ਨੀਤੀ ਵਿੱਚ ਦੇਖੇ ਜਾਣ ਵਾਲੇ ਸਭ ਤੋਂ ਵੱਡੇ ਬਦਲਾਵਾਂ ਵਿੱਚੋਂ ਇੱਕ ਹੈ। ਇਸ ਬਾਰੇ ਚਿੰਤਾਵਾਂ ਦੇ ਪ੍ਰਤੀਕਰਮ ਵਜੋਂ ਪਿਛਲੇ ਹਫ਼ਤੇ ਸੋਨੇ ਦੀ ਕੀਮਤ 3,167 ਅਮਰੀਕੀ ਡਾਲਰ ਤੋਂ ਜ਼ਿਆਦਾ ਦੇ ਰਿਕਾਰਡ ਉੱਚੇ ਪੱਧਰ 'ਤੇ ਪਹੁੰਚ ਗਈ। ਇਸ ਸਾਲ ਟੈਰਿਫ ਅਤੇ ਵਪਾਰ ਯੁੱਧਾਂ ਬਾਰੇ ਚਿੰਤਾਵਾਂ ਦੇ ਕਾਰਨ ਸੋਨੇ ਦੀਆਂ ਕੀਮਤਾਂ ਦੇ ਰਿਕਾਰਡ ਵਾਰ-ਵਾਰ ਟੁੱਟੇ ਹਨ। ਅਸਥਿਰਤਾ ਕਾਰਨ ਅਕਸਰ ਸੋਨੇ ਦੀਆਂ ਕੀਮਤਾਂ ਵਿੱਚ ਵਾਧਾ ਦੇਖਿਆ ਜਾਂਦਾ ਹੈ। ਜਦੋਂ ਵਿੱਤੀ ਬਾਜ਼ਾਰ ਡਿੱਗਦੇ ਹਨ ਤਾਂ ਇੱਕ ਨਿਵੇਸ਼ਕ ਸੋਨੇ ਵੱਲ ਭੱਜਣ ਲੱਗਦੇ ਹਨ। ਵੱਡੀ ਗਿਣਤੀ ਵਿੱਚ ਖਰੀਦਦਾਰ ਇਹ ਕੀਮਤੀ ਧਾਤ ਖਰੀਦਣ ਦੀ ਕੋਸ਼ਿਸ਼ ਕਰਦੇ ਹਨ।

**ਕੌਣ ਖ਼ਰੀਦ ਰਿਹਾ ਹੈ ਸੋਨਾ?**

ਬੈਲਫਾਸਟ ਯੂਨੀਵਰਸਿਟੀ ਦੇ ਇੱਕ ਆਰਥਿਕ ਇਤਿਹਾਸਕਾਰ ਡਾ. ਫਿਲਿਪ ਫਲਾਇਰਜ਼ ਮੁਤਾਬਕ ਸੋਨਾ,



"ਸਰਕਾਰਾਂ, ਵਿਅਕਤੀਗਤ ਨਿਵੇਸ਼ਕ, ਜਾਂ ਛੋਟੇ ਨਿਵੇਸ਼ਕ" ਖ਼ਰੀਦਦੇ ਹਨ। ਉਹ ਅੱਗੇ ਕਹਿੰਦੇ ਹਨ, "ਲੋਕ ਵੱਡੇ ਪੱਧਰ 'ਤੇ ਇਕਵਿਟੀਜ਼। ਜਿਵੇਂ ਕਿ ਸ਼ੇਅਰ ਛੱਡ ਰਹੇ ਹਨ ਅਤੇ ਉਹ ਸੋਨੇ ਵਿੱਚ ਜਾ ਰਹੇ ਹਨ।" "ਇਹੀ ਅਸਲ ਵਿੱਚ ਇਨ੍ਹਾਂ ਕੀਮਤਾਂ ਨੂੰ ਵਧਾਉਂਦਾ ਹੈ।" "ਸੋਨਾ ਰਵਾਇਤੀ ਤੌਰ 'ਤੇ 'ਮਨਪਸੰਦ' ਧਾਤ ਰਿਹਾ ਹੈ ਜਦੋਂ ਵਿੱਤੀ ਬਾਜ਼ਾਰ ਵਿੱਚ ਵਿਸ਼ਵੀ ਅਨਿਸ਼ਚਿਤਤਾ ਹੁੰਦੀ ਹੈ। ਸਾਲ 2020 ਵਿੱਚ, ਕੋਵਿਡ-19 ਮਹਾਮਾਰੀ ਕਾਰਨ ਆਰਥਿਕ ਮੰਦੀ ਆਈ ਅਤੇ ਸੋਨੇ ਦੀਆਂ ਕੀਮਤਾਂ ਵਿੱਚ ਅਚਾਨਕ ਵਾਧਾ ਹੋਇਆ। ਹਾਲਾਂਕਿ, ਵਿੱਤੀ ਬਾਜ਼ਾਰਾਂ ਦੀ ਅਨਿਸ਼ਚਿਤਤਾ ਸੋਨੇ ਉੱਤੇ ਵੀ ਅਸਰ ਕਰ ਸਕਦੀ ਹੈ।

ਜਨਵਰੀ 2020 ਵਿੱਚ, ਜਦੋਂ ਕੋਵਿਡ-19 ਦਾ ਕਹਿਰ ਉਜਾਗਰ ਹੋਇਆ, ਤਾਂ ਸੋਨੇ ਦੀ ਕੀਮਤ ਵਧ ਗਈ, ਪਰ ਉਸ ਸਾਲ ਮਾਰਚ ਤੱਕ ਉਹ ਡਿੱਗਣ ਲੱਗ ਗਈਆਂ। ਡਾ. ਫਲਾਇਰਜ਼ ਕਹਿੰਦੇ ਹਨ, "ਇਹ ਕਿ ਇਹ ਇੱਕ 'ਸੁਰੱਖਿਅਤ' ਨਿਵੇਸ਼ ਹੈ ਇਸਦਾ ਮਤਲਬ ਇਹ ਨਹੀਂ ਹੈ ਕਿ ਇਹ ਖ਼ਤਰੇ ਤੋਂ ਬਿਨਾਂ ਹੈ।" ਲੇਕਿਨ ਸੋਨੇ ਦੀ ਅਜੇ ਵੀ ਆਰਥਿਕ ਅਨਿਸ਼ਚਿਤਤਾ ਦੇ ਸਮੇਂ ਵਿੱਚ ਵੀ ਇੱਕ ਨਿਵੇਸ਼ ਦੀ ਵਸਤੂ ਵਾਲੀ ਸਾਖ ਹੈ। ਇਸ ਦੀ ਵਜ੍ਹਾ ਸਿਰਫ ਇਸਦਾ ਮੁੱਲ ਨਹੀਂ ਸਗੋਂ ਇਤਿਹਾਸ ਅਤੇ ਵੱਖ-ਵੱਖ ਸਭਿਆਚਾਰਾਂ ਵਿੱਚ ਵੀ ਇਸਨੂੰ ਬਹੁਤ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਹ ਆਸਾਨੀ ਨਾਲ ਵਪਾਰ ਯੋਗ ਹੈ।

**ਸ਼ਾਹੀ ਘਰਾਣਿਆਂ ਵਿੱਚ ਸੋਨੇ ਦੀ ਵਰਤੋਂ**

ਪ੍ਰਾਚੀਨ ਮਿਸਰ ਦੇ ਤੂਤਨਖਾਮਨ ਦੇ ਸੋਨੇ ਦੇ ਮਖੌਟੇ ਤੋਂ ਲੈ ਕੇ, ਘਾਨਾ ਵਿੱਚ ਅਸਾਂਟੇ ਸਾਮਰਾਜ ਦੇ ਸੁਨਹਿਰੀ ਪਖਾਨੇ ਤੇ ਭਾਰਤ ਵਿੱਚ ਪਦਮਨਾਭਸਵਾਮੀ ਮੰਦਿਰ ਦੇ ਸੋਨੇ ਦੇ ਸਿੰਘਾਸਣਾਂ ਤੱਕ, ਇਸ ਧਾਤੂ ਨੇ ਇਤਿਹਾਸਕ ਤੌਰ 'ਤੇ ਧਾਰਮਿਕ ਅਤੇ ਚਿੰਨ੍ਹਾਤਮਕ ਅਹਿਮੀਅਤ ਕਾਇਮ ਰੱਖੀ ਹੈ। ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਬਹੁਤ ਸਾਰੇ ਲੋਕ ਸੋਨੇ ਨੂੰ ਆਪਣੀ ਦੌਲਤ ਨੂੰ ਸਟੋਰ ਕਰਨ ਦੇ ਇੱਕ ਭਰੋਸੇਯੋਗ ਸਾਧਨ ਵਜੋਂ ਦੇਖਦੇ ਹਨ। ਘਰ ਵਿੱਚ ਸੋਨੇ ਦੀਆਂ ਚੀਜ਼ਾਂ ਅਤੇ ਗਹਿਣਿਆਂ ਦਾ ਮੁੱਲ ਅਕਸਰ ਵਿਸ਼ਵੀ ਵਿੱਤੀ ਬਾਜ਼ਾਰਾਂ ਦੇ ਬਦਲਾਵਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ। ਕੋਈ ਵੀ ਵੱਡਾ ਨਿਵੇਸ਼ ਵੱਡੇ ਵਿੱਤੀ ਖਿਡਾਰੀਆਂ ਦੇ ਰਹਿਮੋ-ਕਰਮ ਉੱਤੇ ਨਿਰਭਰ ਹੋ ਸਕਦਾ ਹੈ। ਡਾਕਟਰ ਫਲਾਇਰਜ਼ ਸੋਨੇ ਦੀਆਂ ਕੀਮਤਾਂ ਦੇ ਹਾਲੀਆ ਵਾਧੇ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ, "ਮੈਨੂੰ ਸ਼ੱਕ ਹੈ ਕਿ ਅਜਿਹਾ ਸਰਕਾਰੀ ਕੇਂਦਰੀ ਬੈਂਕਾਂ ਵੱਲੋਂ ਵੱਡੀ ਮਾਤਰਾ ਵਿੱਚ ਸੋਨਾ ਖ਼ਰੀਦਣ ਕਰਕੇ ਹੈ।" ਉਹ ਅਕਸਰ ਅਨਿਸ਼ਚਿਤਤਾ ਦੇ ਸਮੇਂ ਵਿੱਚ ਇਕਵਿਟੀ ਨਿਵੇਸ਼ਾਂ ਤੋਂ ਦੂਰ ਹੁੰਦੇ ਹੋਏ ਆਪਣੇ ਸੋਨੇ ਦੇ ਭੰਡਾਰ ਨੂੰ ਵਧਾਉਣ ਲਈ ਵੱਡੀ ਮਾਤਰਾ ਵਿੱਚ ਸੋਨਾ ਖ਼ਰੀਦਦੇ ਹਨ। ਇਸਦਾ ਮਤਲਬ ਹੈ ਕਿ ਕੀਮਤੀ ਧਾਤ ਵਿੱਚ ਨਿਵੇਸ਼ ਕਰਨਾ ਖ਼ਤਰਨਾਕ ਹੋ ਸਕਦਾ ਹੈ। ਡਾਕਟਰ ਫਲਾਇਰਜ਼ ਕਹਿੰਦੇ ਹਨ, "ਸੋਨੇ ਦੇ ਮਹਿੰਗਾ ਹੋਣ ਉੱਤੇ ਸੱਟਾ ਲਾਉਣਾ ਅਜੇ ਵੀ ਇੱਕ ਖ਼ਤਰਨਾਕ ਰਣਨੀਤੀ ਹੈ ਕਿਉਂਕਿ ਜਿਵੇਂ ਹੀ ਬਾਜ਼ਾਰ ਸ਼ਾਂਤ ਹੋ ਜਾਂਦੇ ਹਨ, ਅਤੇ ਸਰਕਾਰਾਂ ਨੂੰ ਹੋਸ਼ ਆ ਜਾਂਦੀ ਹੈ, ਲੋਕ ਮੁੜ ਸੋਨੇ ਤੋਂ ਮੂੰਹ ਮੋੜ ਲੈਣਗੇ।" "ਮੈਂ ਕਹਾਂਗਾ ਕਿ ਸੋਨੇ ਵਿੱਚ ਨਿਵੇਸ਼ ਲੰਬੇ ਸਮੇਂ ਲਈ ਦੂਰ-ਅੰਦੇਸ਼ੀ ਨਾਲ ਕਰਨਾ ਚਾਹੀਦਾ ਹੈ।"

# ਸੋਹਣੀ-ਮਹੀਂਵਾਲ ਦਾ ਕਿੱਸਾ ਕਦੋਂ ਪੰਜਾਬੀ ਸਾਹਿਤ ਦਾ ਹਿੱਸਾ ਬਣਿਆ

ਨਵਦੀਪ ਕੌਰ ਗਰੇਵਾਲ

ਪਿਛਾਂ ਮੁੜਨ ਕੇਹਾ ਜੇਕਰ ਪੈਰ ਮੋੜਾਂ, ਜਲਾਂ ਦੋਜ਼ਖੀਂ ਮਿਲੇ ਸਜ਼ਾ ਬੇਲੀ
ਸੋਹਣੀ ਤਾਂ ਹੋਵਾਂ ਜੇਕਰ ਅਜ ਮਿਲਸਾਂ, ਨਹੀਂ ਕੋਝੜੀ ਨਾਮ ਧਰਾ ਬੇਲੀ
ਮੈਥੋਂ ਕਦੇ ਨਾ ਮੂਲ ਕਜ਼ਾ ਹੋਸੀ, ਜੋ ਕੁਝ ਆਈ ਆ ਲੇਖ ਲਿਖਾ ਬੇਲੀ
ਜੇਕਰ ਪਿਛਾਂਹ ਮੁੜਾਂ ਕਾਫ਼ਰ ਹੋਇ ਮਰਾਂ, ਦੋਜ਼ਖ ਕੁਲ ਕੁਫ਼ਾਰ ਦੀ ਜਾ ਬੇਲੀ

ਫ਼ਜ਼ਲ ਸ਼ਾਹ ਨੇ ਕੁਝ ਇਸ ਤਰ੍ਹਾਂ ਇਸ਼ਕ ਖ਼ਾਤਰ ਜਾਨ ਕੁਰਬਾਨ ਕਰਨ ਨੂੰ ਤਿਆਰ ਸੋਹਣੀ ਦੇ ਸਿਦਕ ਨੂੰ ਬਿਆਨ ਕੀਤਾ ਹੈ। ਸੋਹਣੀ ਦੇ ਕਿਰਦਾਰ ਨੂੰ ਅਕਸਰ ਮਹੀਂਵਾਲ ਲਈ ਸਮਾਜ ਨੂੰ ਚੁਣੌਤੀ ਦੇਣ ਵਾਲੀ ਦਲੇਰ ਮਹਿਬੂਬਾ ਵਜੋਂ ਚਿਤਰਿਆ ਜਾਂਦਾ ਹੈ। ਸਾਡੀਆਂ ਸਾਰੀਆਂ ਪ੍ਰੀਤ ਕਥਾਵਾਂ ਦੀ ਤਰ੍ਹਾਂ ਸੋਹਣੀ ਮਹੀਂਵਾਲ ਦੇ ਕਿੱਸੇ ਨੂੰ ਵੀ ਕੋਈ ਸੱਚੀ ਘਟਨਾ ਤੇ ਕੋਈ ਕਲਪਨਾ ਮੰਨਦਾ ਹੈ। ਪਰ ਸੋਹਣੀ ਮਹੀਂਵਾਲ ਦੀ ਮੁਹੱਬਤ ਦਾ ਕਿੱਸਾ ਸਾਡੇ ਸਾਹਿਤ ਵਿੱਚ ਖ਼ਾਸ ਥਾਂ ਰੱਖਦਾ ਹੈ। ਇਹ ਕਿਰਦਾਰ ਅਤੇ ਕਹਾਣੀ ਮਨੁੱਖੀ ਜੀਵਨ ਦੀਆਂ ਕਈ ਰਮਜ਼ਾਂ ਸਾਨੂੰ ਸਮਝਾਉਂਦੇ ਹਨ। ਇਹ ਕਿੱਸਾ ਵੀ ਮੱਧ-ਕਾਲ ਦਾ ਹੈ। ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਸੇਵਾ ਮੁਕਤ ਅਤੇ ਕਿੱਸਿਆਂ ਬਾਰੇ ਖੋਜੀ ਰੁਚੀ ਰੱਖਣ ਵਾਲੇ ਪ੍ਰੋਫ਼ੈਸਰ ਸੁਖਦੇਵ ਸਿੰਘ ਸਿਰਸਾ ਦੱਸਦੇ ਹਨ ਕਿ ਸਤਾਰਵੀਂ ਸਦੀ ਤੱਕ ਸੋਹਣੀ ਦਾ ਕੋਈ ਕਿੱਸਾ ਸਾਨੂੰ ਨਹੀਂ ਮਿਲਦਾ। ਅਠਾਰਵੀਂ ਸਦੀ ਵਿੱਚ ਸੋਹਣੀ ਦੇ ਕਿੱਸੇ ਮਿਲਣੇ ਸ਼ੁਰੂ ਹੁੰਦੇ ਹਨ। ਕਿੱਸਾ ਬਣਨ ਤੋਂ ਪਹਿਲਾਂ ਇਹ ਕਥਾ ਲੋਕਾਂ ਦੇ ਮਨਾਂ ਵਿੱਚ ਸੀ।

ਕਿੱਸਿਆਂ ਨੂੰ ਨਾਚ ਜ਼ਰੀਏ ਪੇਸ਼ ਕਰਨ ਵਿੱਚ ਮੁਹਾਰਤ ਹਾਸਲ ਥੀਏਟਰ ਕਲਾਕਾਰ ਅਤੇ ਕਿੱਸਿਆਂ ਦੀ ਰੰਗਮੰਚ ਨੂੰ ਦੇਣ ਦੇ ਵਿਸ਼ੇ ਨੂੰ ਆਪਣੀ ਖੋਜ ਵਿੱਚ ਸ਼ਾਮਲ ਕਰਨ ਵਾਲੇ ਡਾਕਟਰ ਨਰਿੰਦਰ ਨਿੰਦੀ ਮੁਤਾਬਕ, ਪਹਿਲਾਂ ਭੱਟ ਤੇ ਮਰਾਸੀ ਇਹ ਕਿੱਸਾ ਆਪਣੀਆਂ ਵੰਨਗੀਆਂ ਜ਼ਰੀਏ ਪੇਸ਼ ਕਰਿਆ ਕਰਦੇ ਸੀ। ਇਸ ਤੋਂ ਬਾਅਦ ਹੌਲੀ ਹੌਲੀ ਅਠਾਰਵੀਂ ਸਦੀ ਵਿੱਚ ਇਸ ਕਥਾ ਨੇ ਕਿੱਸੇ ਦਾ ਰੂਪ ਲਿਆ। ਪ੍ਰੋਫ਼ੈਸਰ ਸਿਰਸਾ ਨੇ ਦੱਸਿਆ ਕਿ ਸੌ ਤੋਂ ਵੱਧ ਕਵੀਆਂ ਨੇ ਸੋਹਣੀ ਮਹੀਂਵਾਲ ਬਾਰੇ ਕਿੱਸੇ ਜਾਂ ਸੀਹਰਫ਼ੀਆਂ ਲਿਖੀਆਂ ਹਨ। ਸੋਹਣੀ ਮਹੀਂਵਾਲ ਦਾ ਸਭ ਤੋਂ ਪਹਿਲਾ ਕਿੱਸਾ ਹਾਫ਼ਿਜ਼ ਬਰਖ਼ੁਰਦਾਰ ਦੇ ਕਿੱਸੇ ਨੂੰ ਮੰਨਿਆ ਜਾਂਦਾ ਹੈ।ਇਸ ਤੋਂ ਇਲਾਵਾ 'ਸੋਹਣੀ' ਲਿਖਣ ਵਾਲੇ ਮੁੱਖ ਕਿੱਸਾਕਾਰਾਂ ਵਿੱਚ ਹਾਸ਼ਮ ਸ਼ਾਹ, ਅਹਿਮਦਯਾਰ, ਕਾਦਰ ਯਾਰ, ਮੀਆਂ ਮੁੰਹਮਦ ਬਖ਼ਸ਼, ਮੁਹੰਮਦ ਬੂਟਾ ਗੁਜਰਾਤੀ ਦਾ ਨਾਮ ਵੀ ਆਉਂਦਾ ਹੈ। ਇਨ੍ਹਾਂ ਸਭ ਵਿੱਚ ਫ਼ਜ਼ਲ ਸ਼ਾਹ ਦੀ 'ਸੋਹਣੀ' ਨੇ ਸਭ ਤੋਂ ਵੱਧ ਮਕਬੂਲੀਅਤ ਹਾਸਲ ਕੀਤੀ।

ਪ੍ਰੋਫ਼ੈਸਰ ਸਿਰਸਾ ਇੱਕ ਸਾਧੂ ਮਾਨ ਦਾਸ ਵੱਲੋਂ ਲਿਖੇ ਸੋਹਣੀ ਮਹੀਂਵਾਲ ਦੇ ਕਿੱਸੇ ਦਾ ਵੀ ਜ਼ਿਕਰ ਕਰਦੇ ਹਨ। ਉਹ ਦੱਸਦੇ ਹਨ, "1898 ਦੀ ਆਪਣੀ ਲਿਖਤ ਵਿੱਚ ਕਿੱਸਾਕਾਰ ਸਾਧੂ ਮਾਨ ਦਾਸ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਮੋਰੇ ਪਿੰਡ ਦੌਧਰ ਦਾ ਵੀ ਜ਼ਿਕਰ ਕਰਦੇ ਹਨ।" "ਇਨ੍ਹਾਂ ਨੇ ਸੋਹਣੀ-ਮਹੀਂਵਾਲ ਦੇ ਕਿੱਸੇ ਨੂੰ ਆਤਮਾ-ਪ੍ਰਮਾਤਮਾ ਦੇ ਪ੍ਰਸੰਗ ਵਿੱਚ ਹੀ ਚਿਤਰਿਆ ਹੈ। ਕਿੱਸਾ ਪੜ੍ਹ ਲੇਖਕ ਦੇ ਵਿਦਵਾਨ ਹੋਣ ਦਾ ਅੰਦਾਜ਼ਾ ਲੱਗ ਜਾਂਦਾ ਹੈ।" ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸੋਹਣੀ ਦਾ ਕਿੱਸਾ ਪੰਜਾਬੀ ਤੋਂ ਇਲਾਵਾ ਉਰਦੂ-ਫਾਰਸੀ ਸ਼ਬਦਾਂ ਵਿੱਚ ਵੀ ਲਿਖਿਆ ਗਿਆ।

"ਬੜੀ ਕਮਾਲ ਦੀ ਗੱਲ ਹੈ ਕਿ ਸੋਹਣੀ ਮਹੀਂਵਾਲ ਦਾ ਕਿੱਸਾ ਮੁਸਲਮਾਨ ਕਿੱਸਾਕਾਰਾਂ ਨੇ ਲਿਖਿਆ, ਹਿੰਦੂ ਕਿੱਸਾਕਾਰਾਂ ਦੀਆਂ ਲਿਖਤਾਂ ਵੀ ਮੌਜੂਦ ਹਨ, ਸਿੱਖ ਕਿੱਸਾਕਾਰ ਨੇ ਵੀ ਸੋਹਣੀ ਮਹੀਂਵਾਲ ਬਾਰੇ ਲਿਖਿਆ।" "ਨਾਮਧਾਰੀਆਂ ਵਿੱਚੋਂ ਵੀ ਇੱਕ ਕਿੱਸਾਕਾਰ ਸੁੰਦਰ ਸਿੰਘ ਨਾਮਧਾਰੀ ਵੀ ਸੋਹਣੀ ਮਹੀਂਵਾਲ ਦਾ ਕਿੱਸਾ ਲਿਖ ਰਹੇ ਹਨ ਅਤੇ ਬਹੁਤ ਸਾਰੇ ਸਾਧੂ ਇਹ ਕਿੱਸਾ ਲਿਖ ਰਹੇ ਹਨ। ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ ਕਿਸੇ ਔਰਤ ਲੇਖਕ ਦਾ ਲਿਖਿਆ ਇਹ ਕਿੱਸਾ ਸਾਨੂੰ ਨਹੀਂ ਮਿਲਦਾ।" ਹਰ ਲੇਖਕ ਦਾ ਬਿਆਨ ਕਰਨ ਦਾ ਢੰਗ ਵੱਖੋ-ਵੱਖਰਾ ਹੁੰਦਾ ਹੈ, ਇਸ ਲਈ ਵੱਖ-ਵੱਖ ਲੇਖਕਾਂ ਵੱਲੋਂ ਲਿਖੇ ਸੋਹਣੀ-ਮਹੀਂਵਾਲ ਦੇ ਕਿੱਸਿਆਂ ਵਿੱਚ ਵੀ ਥੋੜ੍ਹੇ-ਬਹੁਤੇ ਵਖਰੇਵੇਂ ਨਜ਼ਰ ਆਉਂਦੇ ਹਨ। ਮੂਲ ਰੂਪ ਵਿੱਚ ਸੋਹਣੀ ਬਾਰੇ ਬਿਆਨ ਵਿੱਚ ਬਹੁਤਾ ਫ਼ਰਕ ਨਹੀਂ। ਕਈ ਘਟਨਾਵਾਂ ਨੂੰ ਵੱਖਰੇ ਪ੍ਰਸੰਗ ਵਿੱਚ ਪੇਸ਼ ਕੀਤਾ ਗਿਆ, ਪਰ ਕਹਾਣੀ ਦਾ ਮੂਲ ਵੀ ਕੁੱਲ ਮਿਲਾ ਕੇ ਇੱਕੋ ਜਿਹਾ ਰਹਿੰਦਾ ਹੈ ਜੋ ਕਿ ਪ੍ਰਚਲਿਤ ਹੈ।

ਸੋਹਣੀ ਮਹੀਂਵਾਲ ਦੀ ਕਹਾਣੀ ਪਾਕਿਸਤਾਨ ਵਿੱਚ ਪੈਂਦੇ ਗੁਜਰਾਤ ਦੀ ਕਹਾਣੀ ਹੈ। ਸੋਹਣੀ ਦੇ ਪਿਤਾ ਦਾ ਨਾਮ ਤੁੱਲਾ ਸੀ ਜੋ ਨਾਮੀਂ ਘੁਮਿਆਰ ਸੀ। ਉਸ ਕੋਲ ਅਕਸਰ ਵਿਦੇਸ਼ੀ ਸੌਦਾਗਰ ਭਾਂਡੇ ਖਰੀਦਣ ਆਉਂਦੇ ਹਨ। ਪ੍ਰੋਫ਼ੈਸਰ ਸਿਰਸਾ ਕਹਿੰਦੇ ਹਨ, "ਸੋਹਣੀ ਦਾ ਬਾਪ ਕਹਿਣ ਨੂੰ ਘੁਮਿਆਰ ਸੀ, ਪਰ ਅਸਲ ਵਿੱਚ ਭਾਂਡਿਆਂ ਦਾ ਇੱਕ ਵੱਡਾ ਵਪਾਰੀ ਸੀ ਜਿਸ ਕੋਲ ਵੱਡੇ-ਵੱਡੇ ਸੌਦਾਗਰ ਆਇਆ ਕਰਦੇ ਸੀ। ਸੋਹਣੀ ਇੱਕ ਸਰਦੇ ਪੁੱਜਦੇ ਪਰਿਵਾਰ ਦੀ ਧੀ ਸੀ।"

ਕਿਹਾ ਜਾਂਦਾ ਹੈ ਕਿ ਬਲਖ ਬੁਖ਼ਾਰੇ ਤੋਂ ਇੱਕ ਅਮੀਰ ਪਰਿਵਾਰ ਦਾ ਸੌਦਾਗਰ ਬੇਟਾ ਇੱਜ਼ਤ ਬੇਗ ਯਾਨੀ ਮਹੀਂਵਾਲ ਵੀ ਉੱਥੇ ਵਪਾਰ ਦੇ ਸਿਲਸਿਲੇ ਵਿੱਚ ਉੱਥੇ ਆਉਂਦਾ ਹੈ। ਕਈ ਥਾਂ ਇਹ ਵੀ ਲਿਖਿਆ ਹੈ ਕਿ ਉਹ ਘੁੰਮਣ ਫਿਰਨ ਦਾ ਸ਼ੌਕੀਨ ਸੀ ਅਤੇ ਘੁੰਮਦਾ ਘੁੰਮਦਾ ਸੋਹਣੀ ਦੇ ਇਲਾਕੇ ਵਿੱਚ ਪਹੁੰਚਦਾ ਹੈ। ਤੁੱਲੇ ਘੁਮਿਆਰ ਦੀ ਦੁਕਾਨ 'ਤੇ ਜਦੋਂ ਉਹ ਸੋਹਣੀ ਨੂੰ ਦੇਖਦਾ ਹੈ ਤਾਂ ਉਸ ਉੱਤੇ ਮੋਹਿਤ ਹੋ ਜਾਂਦਾ ਹੈ। ਸੋਹਣੀ ਨੂੰ ਦੇਖਣ ਦੇ ਲਈ ਭਾਂਡੇ ਖਰੀਦਣ ਦੇ ਬਹਾਨੇ ਉਹ ਵਾਰ-ਵਾਰ ਦੁਕਾਨ 'ਤੇ ਆਉਂਦਾ ਹੈ। ਜਦੋਂ ਸਾਰੀ ਦੌਲਤ ਖ਼ਤਮ ਹੋ ਜਾਂਦੀ ਹੈ ਤਾਂ ਤੁੱਲੇ ਕੋਲ ਮੱਝੀਆਂ ਚਾਰਨ ਦੀ ਨੌਕਰੀ ਲੈ ਲੈਂਦਾ ਹੈ। ਸੋਹਣੀ ਵੀ ਉਸ ਤੋਂ ਆਪਣਾ ਸਭ ਕੁਝ ਨਿਛਾਵਰ ਕਰਨ ਲਈ ਤਿਆਰ ਹੋ ਜਾਂਦੀ ਹੈ। ਦੋਹਾਂ ਦੇ ਪਿਆਰ ਬਾਰੇ ਪਤਾ ਲਗਦਾ ਹੈ ਤਾਂ ਪਰਿਵਾਰ ਉਸ ਨੂੰ ਵਰਜਦਾ ਹੈ ਅਤੇ ਉਸ ਦਾ ਵਿਆਹ ਕਰ ਦਿੰਦਾ ਹੈ।

ਮਹੀਂਵਾਲ ਝਨਾਂ ਦੇ ਕੰਡੇ ਜਾ ਕੇ ਰਹਿਣ ਲੱਗ ਪੈਂਦਾ ਹੈ। ਉਹ ਝਨਾਂ ਪਾਰ ਕਰਕੇ ਸੋਹਣੀ ਨੂੰ ਮਿਲਣ ਆਉਂਦਾ ਹੈ। ਉਸ ਲਈ ਮੱਛੀ ਵੀ ਭੁੰਨ ਕੇ ਲਿਆਉਂਦਾ ਹੈ। ਇੱਕ ਦਿਨ ਮੱਛੀ ਨਹੀਂ ਮਿਲਦੀ ਤਾਂ ਉਹ ਆਪਣੇ ਪੱਟ ਦਾ ਮਾਸ ਭੁੰਨ ਕੇ ਲਿਆਉਂਦਾ ਹੈ। ਜਦੋਂ ਸੋਹਣੀ ਨੂੰ ਪਤਾ ਲਗਦਾ ਹੈ ਤਾਂ ਉਹ ਮਹੀਂਵਾਲ ਨੂੰ ਕਹਿੰਦੀ ਹੈ ਕਿ ਹੁਣ ਝਨਾਂ ਪਾਰ ਕਰਕੇ ਉਹ ਖ਼ੁਦ ਉਸ ਨੂੰ ਮਿਲਣ ਆਇਆ ਕਰੇਗੀ।


ਉਹ ਰੋਜ਼ ਰਾਤ ਨੂੰ ਘੜੇ ਉੱਤੇ ਤੈਰ ਕੇ ਝਨਾਂ ਪਾਰ ਜਾਂਦੀ ਹੈ। ਸੋਹਣੀ ਦੀ ਨਨਾਣ ਨੂੰ ਪਤਾ ਲੱਗ ਜਾਂਦਾ ਹੈ, ਉਹ ਇੱਕ ਦਿਨ ਪੱਕੇ ਘੜੇ ਦੀ ਥਾਂ ਕੱਚਾ ਘੜਾ ਰੱਖ ਦਿੰਦੀ ਹੈ। ਅਗਲੀ ਰਾਤ ਸੋਹਣੀ ਰਾਤ ਝਨਾਂ ਵਿੱਚ ਠਿੱਲ੍ਹਣ ਲਗਦੀ ਹੈ ਤਾਂ ਦੇਖਦੀ ਹੈ ਕਿ ਘੜਾ ਕੱਚਾ ਹੈ, ਪਰ ਉਹ ਫਿਰ ਵੀ ਠਿੱਲ੍ਹਦੀ ਹੈ। ਦਰਿਆ ਵਿੱਚ ਕੱਚਾ ਘੜਾ ਖੁਰ ਜਾਂਦਾ ਹੈ ਅਤੇ ਸੋਹਣੀ ਦੀ ਮੌਤ ਹੋ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਹੀਂਵਾਲ ਵੀ ਫਿਰ ਝਨਾਂ ਵਿੱਚ ਡੁੱਬ ਕੇ ਮਰ ਜਾਂਦਾ ਹੈ। ਕੀ ਸੋਹਣੀ ਦਾ ਸੁਹੱਪਣ ਹੀ ਉਸ ਨੂੰ ਖਾਸ ਬਣਾਉਂਦਾ ਸੀ?

ਫ਼ਜ਼ਲ ਸ਼ਾਹ ਦੀ 'ਸੋਹਣੀ' ਵਿੱਚ ਇੱਕ ਜ਼ਿਕਰ ਆਉਂਦਾ ਹੈ ਸੋਹਣੀ ਇੰਨੀ ਖ਼ੂਬਸੂਰਤ ਸੀ ਕਿ ਉਸ ਦਾ ਸੁਹੱਪਣ ਦੇਖ ਕੇ ਇੱਜ਼ਤ ਬੇਗ ਯਾਨੀ ਮਹੀਂਵਾਲ ਗਸ਼ ਖਾ ਕੇ ਡਿੱਗ ਪੈਂਦਾ ਹੈ।

ਸੂਰਤ ਸੋਹਣੀ ਦੇਖਕੇ ਸੋਹਣੀ ਦੀ
ਇੱਜ਼ਤ ਬੇਗ ਡਿੱਗ ਗਸ਼ ਖਾ ਜਾਨੀ

ਪਰ ਸੋਹਣੀ ਦੀ ਖ਼ਾਸੀਅਤ ਉਸ ਦੇ ਸੁਹੱਪਣ ਵਿੱਚ ਨਹੀਂ ਬਲਕਿ ਉਸ ਦੇ ਕਿਰਦਾਰ ਕਾਰਨ ਹੈ। ਸੋਹਣੀ ਦਾ ਪਾਤਰ ਸੁੰਦਰਤਾ, ਸੂਝ, ਦਲੇਰੀ ਅਤੇ ਕੋਮਲਤਾ ਦਾ ਸੁਮੇਲ ਹੈ। ਡਾਕਟਰ ਨਰਿੰਦਰ ਨਿੰਦੀ ਕਹਿੰਦੇ ਹਨ ਕਿ ਸੱਚੇ ਇਸ਼ਕ ਦਾ ਜਜ਼ਬਾ, ਸੋਹਣੀ ਦੇ ਕਿਰਦਾਰ ਦੀ ਵੱਡਾ ਵਿਸ਼ੇਸ਼ਤਾ ਸੀ। ਉਹ ਕਹਿੰਦੇ ਹਨ, "ਜਿਸ ਨੂੰ ਇੱਕ ਵਾਰ ਚਾਹਿਆ, ਉਸ ਨੂੰ ਹੀ ਸਭ ਕੁਝ ਮੰਨਿਆ। ਸੋਹਣੀ, ਪੰਜਾਬ ਦੀ ਧਰਤੀ ਦੇ ਸੱਚੇ ਇਸ਼ਕ ਦੀ ਤਸਵੀਰ ਪੇਸ਼ ਕਰਦੀ ਹੈ।" ਪ੍ਰੋਫ਼ੈਸਰ ਸਿਰਸਾ ਮੰਨਦੇ ਹਨ ਕਿ ਪੰਜਾਬ ਦੀਆਂ ਪ੍ਰੀਤ ਕਥਾਵਾਂ ਦੀਆਂ ਨਾਇਕਾਵਾਂ ਵਿੱਚੋਂ ਤਿੰਨ ਨਾਇਕਾਵਾਂ ਹੀਰ, ਸੱਸੀ ਤੇ ਸੋਹਣੀ ਵੱਖਰੀ ਤਰ੍ਹਾਂ ਦੀਆਂ ਨਾਇਕਾਵਾਂ ਹਨ। ਉਹ ਕਹਿੰਦੇ ਹਨ ਕਿ ਇਹ ਤਿੰਨੋਂ ਉਸ ਮੱਧ-ਕਾਲੀ ਸਮਾਜ ਦੀ ਮਰਦਾਵੀਂ ਧੌਂਸ ਦਾ ਸ਼ਿਕਾਰ ਹੁੰਦੀਆਂ ਹਨ। ਤਿੰਨੋਂ ਕੁੜੀਆਂ ਸਧਾਰਨ ਘਰਾਂ ਦੀਆਂ ਧੀਆਂ ਨਹੀਂ, ਬਲਕਿ ਪ੍ਰਭਾਵਸ਼ਾਲੀ ਘਰਾਂ ਦੀਆਂ ਧੀਆਂ ਸਨ। ਪ੍ਰੋਫ਼ੈਸਰ ਸਿਰਸਾ ਮੁਤਾਬਕ ਕਿੱਸਾਕਾਰ ਪੇਸ਼ ਕਰਦੇ ਹਨ ਕਿ ਮੱਧ-ਕਾਲ ਦੇ ਸਮੰਤੀ ਸਮਾਜ ਵਿੱਚ ਦਬਦਬਾ ਰੱਖਣ ਵਾਲੇ ਪਰਿਵਾਰਾਂ ਦੀਆਂ ਧੀਆਂ ਆਪਣੇ ਪਰਿਵਾਰ ਦੀ ਰੀਤ ਛੱਡ ਕੇ ਮੁਹੱਬਤ ਦੀ ਰੀਤ ਅਪਣਾਉਂਦੀਆਂ ਹਨ। ਜੋ ਕਿ ਉਸ ਸਮੇਂ ਇੱਕ ਬਹੁਤ ਹੀ ਦਲੇਰੀ ਵਾਲਾ ਕੰਮ ਸੀ। ਉਹ ਕਹਿੰਦੇ ਹਨ ਕਿ ਸੋਹਣੀ ਇਸ ਕਰਕੇ ਸੋਹਣੀ ਹੈ, ਕਿਉਂਕਿ ਉਹ ਮੁਹੱਬਤ ਖ਼ਾਤਰ ਕੁਰਬਾਨ ਹੁੰਦੀ ਹੈ। "ਸਾਡੀਆਂ ਨਾਇਕਾਵਾਂ ਆਪਣੀ ਖ਼ੂਬਸੂਰਤੀ ਕਰਕੇ ਮਹਾਨ ਨਹੀਂ ਬਣਦੀਆਂ, ਆਪਣੀ ਕੁਰਬਾਨੀ ਕਰਕੇ ਮਹਾਨ ਬਣਦੀਆਂ ਹਨ।" ਪ੍ਰੀਤ ਕਹਾਣੀਆਂ ਦੀਆਂ ਹੋਰ ਨਾਇਕਾਵਾਂ ਵੀ ਮੁਹੱਬਤ ਲਈ ਕੁਰਬਾਨੀ ਦਿੰਦੀਆਂ ਹਨ, ਪਰ ਸੋਹਣੀ ਉਨ੍ਹਾਂ ਤੋਂ ਵੱਖ ਕਿਵੇਂ ਹੈ।

ਪ੍ਰੋਫ਼ੈਸਰ ਸਿਰਸਾ ਕਹਿੰਦੇ ਹਨ ਕਿ ਹੋਰ ਨਾਇਕਾਵਾਂ ਨੂੰ ਇਹ ਨਹੀਂ ਸੀ ਪਤਾ ਕਿ ਮੂਹਰੇ ਮੌਤ ਆ ਸਕਦੀ ਹੈ। ਜਿਵੇਂ ਕਿ ਸੱਸੀ ਨੂੰ ਪਤਾ ਸੀ ਕਿ ਮਾਰੂਥਲ ਵਿੱਚੋਂ ਲੰਘ



ਕੇ ਪੁੰਨੂ ਨੂੰ ਮਿਲਣ ਜਾਣਾ ਔਖਾ ਹੈ, ਪਰ ਉਸ ਨੂੰ ਪੁੰਨੂ ਦੇ ਮਿਲ ਜਾਣ ਦੀ ਉਮੀਦ ਸੀ। "ਸੋਹਣੀ ਜਦੋਂ ਕੱਚਾ ਘੜਾ ਲੈ ਕੇ ਪਾਣੀ ਵਿੱਚ ਠਿੱਲਦੀ ਹੈ ਤਾਂ ਉਹ ਉਮੀਦਾਂ ਲਾਹ ਕੇ ਠਿੱਲਦੀ ਹੈ, ਮਰਨਾ ਮਿੱਥ ਕੇ ਠਿੱਲਦੀ ਹੈ।" "ਸੱਸੀ ਤੇ ਹੀਰ ਨੂੰ ਆਪਣੇ ਪ੍ਰੇਮੀ ਨਾਲ ਮਿਲਣ ਦੀ ਸੰਭਾਵਨਾ ਨਜ਼ਰ ਆਉਂਦੀ ਸੀ, ਦੂਜੇ ਪਾਸੇ ਸੋਹਣੀ ਨੂੰ ਮੌਤ ਦਿਸਦੀ ਸੀ, ਪਰ ਫਿਰ ਵੀ ਉਹ ਪਿੱਛੇ ਨਹੀਂ ਹਟੀ।" ਦ੍ਰਿੜ ਇਰਾਦੇ ਵਾਲੇ ਸੋਹਣੀ ਅਤੇ ਸੂਝਵਾਨ ਸੋਹਣੀ ਅੰਦਰੋਂ ਇੱਕ ਕੋਮਲ ਦਿਲ ਦੀ ਮਾਲਕ ਵੀ ਹੈ। ਫ਼ਜ਼ਲ ਸ਼ਾਹ ਦੇ ਕਿੱਸੇ ਮੁਤਾਬਕ, ਦਰਿਆ ਵਿੱਚ ਆਪਣੀ ਅਟਲ ਮੌਤ ਦੇਖ ਕੇ ਉਹ ਮਹੀਂਵਾਲ ਅਤੇ ਆਪਣੀਆਂ ਸਹੇਲੀਆਂ ਪ੍ਰਤੀ ਪਿਆਰ ਜ਼ਾਹਿਰ ਕਰਨ ਦੇ ਨਾਲ ਆਪਣੀ ਮਾਂ ਨੂੰ ਵੀ ਸ਼ਿੱਦਤ ਨਾਲ ਯਾਦ ਕਰਦੀ ਹੈ। ਮੱਧ-ਕਾਲੀ ਸਮਾਜ ਕਿਸੇ ਵਿਅਕਤੀ ਵਿਸ਼ੇਸ਼ ਤੋਂ ਕਈ ਦਰਜੇ ਤਕੜਾ ਸੀ, ਇਸ ਲਈ ਸੋਹਣੀ ਦਾ ਵਿਆਹ ਕਿਸੇ ਹੋਰ ਨਾਲ ਕਰ ਦਿੱਤਾ ਜਾਂਦਾ ਹੈ ਪਰ ਸੋਹਣੀ ਉਸ ਵਿਆਹ ਨੂੰ ਨਹੀਂ ਮੰਨਦੀ।

ਡਾਕਟਰ ਨਰਿੰਦਰ ਨਿੰਦੀ ਕਹਿੰਦੇ ਹਨ ਕਿ ਮੱਧ ਕਾਲੀ ਸਮਾਜ ਵਿੱਚ ਆਪਣੀ ਮੁਹੱਬਤ ਲਈ ਸਮਾਜ ਨਾਲ ਲੜਣਾ, ਉਸ ਵੇਲੇ ਦੀ ਔਰਤ ਲਈ ਬਹੁਤ ਵੱਡੀ ਗੱਲ ਸੀ। ਉਹ ਕਹਿੰਦੇ ਹਨ, "ਸੋਹਣੀ, ਸਾਰੇ ਸਮਾਜ ਤੋਂ ਉੱਤੇ ਉੱਠ ਕੇ ਸੱਚਾ ਇਸ਼ਕ ਕਰਨ ਦਾ ਚਿੰਨ੍ਹ ਬਣਦੀ ਹੈ ਜੋ ਸਮਾਜ ਦੇ ਦਿੱਤੇ ਪਤੀ ਨੂੰ ਸਵੀਕਾਰ ਨਹੀਂ ਕਰਦੀ।" ਕਈ ਕਿੱਸਾਕਾਰ ਲਿਖਦੇ ਹਨ ਕਿ ਪਰਿਵਾਰ ਨੇ ਜਦੋਂ ਸੋਹਣੀ ਨੂੰ ਵਿਆਹ ਦਿੱਤਾ ਸੀ ਤਾਂ ਉਸ ਨੇ ਆਪਣੇ ਪਤੀ ਦੇ ਇੰਨਾ ਜ਼ੋਰਦਾਰ ਥੱਪੜ ਮਾਰਿਆ ਕਿ ਉਹ ਨਿਪੁੰਸਕ ਹੋ ਗਿਆ। ਪ੍ਰੋਫ਼ੈਸਰ ਸਿਰਸਾ ਕਹਿੰਦੇ ਹਨ ਕਿ ਅਸਲ ਵਿੱਚ ਔਰਤ ਵੱਲੋਂ ਇਨਕਾਰ ਕਰਨ ਨੂੰ ਥੱਪੜ ਦੇ ਪ੍ਰਸੰਗ ਵਿੱਚ ਦੱਸਿਆ ਗਿਆ ਹੈ। ਉਹ ਕਹਿੰਦੇ ਹਨ, "ਵਿਆਹੀ ਹੋਈ ਔਰਤ ਆਪਣੇ ਮਾਪਿਆਂ ਤੇ ਸਮਾਜ ਵਲੋਂ ਥਾਪੇ ਗਏ ਪਤੀ ਨੂੰ ਜਦੋਂ ਆਪਣੀ ਦੇਹ ਸੌਂਪਣ ਤੋਂ ਇਨਕਾਰ ਕਰਦੀ ਹੈ ਤਾਂ ਉਹ ਥੱਪੜ ਹੀ ਹੈ। ਮੱਧ-ਕਾਲੀ ਸਮਾਜ ਵਿੱਚ ਇੱਕ ਵਿਆਹੀ ਔਰਤ ਦਾ ਆਪਣੇ ਪਤੀ ਨੂੰ ਪਤੀ ਹੋਣ ਦਾ ਹੱਕ ਨਾ ਦੇਣਾ ਬਹੁਤ ਵੱਡੀ ਗੱਲ ਸੀ।"

ਇਹ ਸੋਹਣੀ ਦੀ ਬਗ਼ਾਵਤ ਹੀ ਸੀ ਕਿ ਸੋਹਣੀ ਨੇ ਆਪਣੇ ਪਿਤਾ ਤੇ ਸਮਾਜ ਵਲੋਂ ਦਿੱਤੇ ਪਤੀ ਨੂੰ ਸਵੀਕਾਰ ਨਹੀਂ ਕੀਤਾ। ਜਾਣਕਾਰਾਂ ਮੁਤਾਬਕ, ਕਈ ਥਾਂ ਇਹ ਵੀ ਜ਼ਿਕਰ ਆਉਂਦਾ ਹੈ ਕਿ ਸੋਹਣੀ ਆਪਣੇ ਪਤੀ ਨੂੰ ਕਹਿੰਦੀ ਹੈ ਕਿ 'ਮੇਰੇ ਅੰਦਰ ਇੱਕ ਜਿੰਨ ਕਾਲਾ ਨਾਗ ਬਣ ਕੇ ਰਹਿੰਦਾ ਹੈ, ਜੇ ਤੂੰ ਮੈਨੂੰ ਕਿਸੇ ਹੋਰ ਆਦਮੀ ਕੋਲ ਬੈਠੀ ਦੇਖ ਲਵੇ ਤਾਂ ਉਸ ਨੂੰ ਛੇੜੀ ਨਾਂ, ਜੇ ਛੇੜਿਆ ਤਾਂ ਉਹ ਤੈਨੂੰ ਮਾਰ ਦੇਵੇਗਾ।' ਇੱਕ ਹੋਰ ਜ਼ਿਕਰ ਆਉਂਦਾ ਹੈ ਕਿ ਸੋਹਣੀ ਉਸ ਨੂੰ ਕਹਿੰਦੀ ਹੈ ਕਿ ਉਹ ਜਿੰਨ ਉਸ ਅੰਦਰ ਕਾਲਾ ਨਾਗ ਬਣ ਕੇ ਰਹਿੰਦਾ ਹੈ, 'ਜੇ ਤੂੰ ਮੈਨੂੰ ਹੱਥ ਲਾਇਆ ਤਾਂ ਉਹ ਤੈਨੂੰ ਡੱਸ ਲਵੇਗਾ।' ਕੁਝ ਕਿੱਸਾਕਾਰ ਇਹ ਵੀ ਲਿਖਦੇ ਹਨ ਕਿ ਉਸ ਦਾ ਪਤੀ ਦਹਿਲ ਜਾਂਦਾ ਹੈ ਕਿ ਉਹ ਬੇਫ਼ਿਕਰ ਹੋ ਕੇ ਮਹੀਂਵਾਲ ਨੂੰ ਮਿਲਣ ਜਾਂਦੀ ਹੈ। ਪ੍ਰੋਫ਼ੈਸਰ ਸਿਰਸਾ ਜ਼ੋਰ ਦੇ ਕੇ ਕਹਿੰਦੇ ਹਨ ਕਿ ਜਿਹੜੀ ਔਰਤ ਨੂੰ ਪਤੀ ਤੇ ਇਮਾਨ ਵਿਚਾਲੇ ਅੰਤਰ ਕਰਨਾ ਆ ਗਿਆ, ਉਹ ਔਰਤ ਨਾਇਕ ਬਣ ਜਾਂਦੀ ਹੈ।

ਸਿਰਸਾ ਮੁਤਾਬਕ ਇਹ ਕਹਾਣੀਆਂ ਮੱਧਕਾਲੀ ਸਮਾਜ ਵਿੱਚ ਵਿਆਹ ਦੀ ਸੰਸਥਾ ਨੂੰ ਵੀ ਸਵਾਲ ਕਰਦੀਆਂ ਹਨ ਕਿ ਕੀ ਵਿਆਹ ਦੀ ਸੰਸਥਾ, ਔਰਤ ਨੂੰ ਭੇਡ-ਬੱਕਰੀ ਬਣਾ ਕੇ ਕਿਸੇ ਨੂੰ ਸੌਂਪ ਸਕਦੀ ਹੈ? ਉਹ ਕਹਿੰਦੇ ਹਨ, "ਜਿਹੜੀ ਔਰਤ ਚੋਣ ਕਰਦੀ ਹੈ ਕਿ ਉਹ ਸਮਾਜ ਦਾ ਫ਼ੈਸਲਾ ਮੰਨੇ ਜਾਂ ਨਾ ਮੰਨੇ, ਉਹ ਪਿਤਰਸੱਤਾ ਲਈ ਅਤੇ ਵਿਆਹ ਦੀ ਸੰਸਥਾ ਲਈ ਚੁਣੌਤੀ ਹੈ। ਉਹੀ ਸਾਡੀ ਨਾਇਕਾ ਵੀ ਹੈ।" ਸਿਰਸਾ ਕਹਿੰਦੇ ਹਨ ਕਿ ਅਜੋਕੇ ਸਮੇਂ ਸੋਹਣੀ ਦੇ ਕਿਰਦਾਰ ਦੀ ਪ੍ਰਸੰਗਿਕਤਾ ਇਹ ਹੈ ਕਿ ਜੇ ਵਿਆਹ ਦੀ ਸੰਸਥਾ ਔਰਤ ਦੀ ਮਰਜ਼ੀ ਨਹੀਂ ਪੁੱਛਦੀ ਤਾਂ ਉਹ ਸੰਸਥਾ ਟੁੱਟੇਗੀ। ਸਿਰਸਾ ਮੁਤਾਬਕ ਸੋਹਣੀ ਤੋਂ ਇਹ ਵੀ ਗੱਲ ਸਿੱਖਣ ਨੂੰ ਮਿਲਦੀ ਹੈ ਕਿ ਪਦਾਰਥਵਾਦ ਦੇ ਮੁਕਾਬਲੇ ਮੁਹੱਬਤ ਅਹਿਮ ਹੈ। ਡਾਕਟਰ ਨਰਿੰਦਰ ਨਿੰਦੀ ਕਹਿੰਦੇ ਹਨ ਕਿ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਸੋਹਣੀ-ਮਹੀਂਵਾਲ ਦਾ ਜ਼ਿਕਰ ਕੀਤਾ ਹੈ। ਨਿੰਦੀ ਕਹਿੰਦੇ ਹਨ,"ਉਹ ਲੋਕ ਬੇਸਮਝ ਹਨ ਜੋ ਇਨ੍ਹਾਂ ਨੂੰ ਹੌਲੇ ਕਿਰਦਾਰ ਸਮਝਦੇ ਹਨ, ਜਦਕਿ ਸਾਡੇ ਗੁਰੂਆਂ ਪੀਰਾਂ ਨੇ ਇਨ੍ਹਾਂ ਦੀਆਂ ਉਦਾਹਰਨਾਂ ਜ਼ਰੀਏ ਸਮਾਜ ਨੂੰ ਨਵੀਂ ਸੇਧ ਦਿੱਤੀ ਹੈ।"

# ਤੇਜੀ ਨਾਲ ਵਧਦਾ ਪਰਵਾਸ: ਨਵੀਆਂ ਸਮੱਸਿਆਵਾਂ ਨਵੇਂ ਪ੍ਰਭਾਵ



ਡਾ. ਸੁਖਦੇਵ ਸਿੰਘ

ਡੋਨਲਡ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਕਮਾਨ ਸੰਭਾਲਣ ਮਗਰੋਂ ਅੰਤਰ-ਦੇਸ਼ੀ ਪਰਵਾਸ, ਰਾਜਨੀਤੀ, ਵਪਾਰ, ਟੈਕਸ, ਵਿਚਾਰਧਾਰਾ ਆਦਿ ਪੱਖਾਂ ਬਾਰੇ ਆਲਮੀ ਪੱਧਰ 'ਤੇ ਬਹਿਸ ਨੂੰ ਜਨਮ ਹੀ ਨਹੀਂ ਦਿੱਤਾ ਬਲਕਿ ਸੰਸਾਰ ਵਿੱਚ ਤੀਜੀ ਜੰਗ ਦੇ ਹਵਾਲੇ ਨਾਲ ਵਧੇਰੇ ਮੁਲਕ ਨਵੀਆਂ ਗੁਟਬੰਦੀਆਂ ਉਸਾਰਨ ਬਾਰੇ ਵੀ ਵਿਚਾਰ ਕਰ ਰਹੇ ਹਨ ਤਾਂ ਜੋ ਆਪੋ-ਆਪਣੇ ਮੁਲਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਵੱਖ-ਵੱਖ ਦੇਸ਼ਾਂ ਦੇ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਗਏ ਲੋਕਾਂ, ਖ਼ਾਸਕਰ ਭਾਰਤੀਆਂ ਨੂੰ ਜਿਸ ਤਰ੍ਹਾਂ ਹੱਥਕੜੀਆਂ ਤੇ ਬੇੜੀਆਂ ਵਿੱਚ ਜਕੜ ਕੇ ਅਣ-ਮਨੁੱਖੀ ਢੰਗ ਨਾਲ ਵਾਪਸ ਭੇਜਿਆ ਅਤੇ ਹੋਰਾਂ ਨੂੰ ਵੀ ਵਾਪਸ ਭੇਜਣ ਦੀ ਤਜਵੀਜ਼ ਨੇ ਭਾਰਤ ਵਿੱਚ ਪਰਵਾਸ ਪੱਖੋਂ ਨਵੇਂ ਮੁੱਦਿਆਂ ਬਾਰੇ ਚਰਚਾ ਛੇੜੀ ਹੈ। ਅਮਰੀਕਾ ਦੀ ਨਵੀਂ, ਸਖ਼ਤ, ਦਬਾਅ ਪਾਊ ਨੀਤੀ ਦੇ ਅਸਰ ਕਰ ਕੇ ਹੋਰ ਦੇਸ਼ (ਜਿਵੇਂ ਕੈਨੇਡਾ, ਬਰਤਾਨੀਆ ਆਦਿ) ਵੀ ਗ਼ੈਰ-ਕਾਨੂੰਨੀ ਢੰਗ ਨਾਲ ਉੱਥੇ ਗਏ ਪਰਵਾਸੀਆਂ ਨੂੰ ਕੱਢਣ ਦੀਆਂ ਤਿਆਰੀ ਕਰ ਰਹੇ ਹਨ। ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਜ਼ਰਾ ਵੀ ਵਿਰੋਧ ਕਰਨ 'ਤੇ ਲੋਕਾਂ ਦੇ ਗ੍ਰੀਨ ਕਾਰਡ ਤੱਕ ਰੱਦ ਕੀਤੇ ਜਾ ਰਹੇ ਹਨ ਅਤੇ ਸਮਾਜਿਕ ਸੁਰਖਿਆ ਪੱਖੋਂ ਮਿਲਣ ਵਾਲੀ ਸਹਾਇਤਾ ਵਿੱਚ ਵੀ ਕੱਟ ਲੱਗ ਸਕਦੇ ਹਨ। ਬਰਤਾਨੀਆ ਨੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਰੱਖਣ ਵਾਲਿਆਂ ਨੂੰ ਸੱਠ ਹਜ਼ਾਰ ਪੌਂਡ ਜੁਰਮਾਨਾ ਤੈਅ ਕਰ ਦਿੱਤਾ ਹੈ। ਟੈਕਸਸ (ਅਮਰੀਕਾ) ਵਿੱਚ ਭਾਰਤੀ ਮੂਲ ਦੇ ਮਾਪਿਆਂ ਦੀ ਬੱਚੀ ਨੇ ਆਤਮ-ਹੱਤਿਆ ਕਰ ਲਈ ਹੈ ਕਿਉਂਕਿ ਸਕੂਲ ਸਾਥੀਆਂ ਨੇ ਉਸ ਨੂੰ ਟਿੱਚਰਾਂ ਕੀਤੀਆਂ ਕਿ ਤੇਰੇ ਮਾਪਿਆਂ ਨੂੰ ਵੀ ਬੰਨ੍ਹ ਕੇ ਵਾਪਸ ਭੇਜਿਆ ਜਾਵੇਗਾ। ਅਮਰੀਕਾ, ਕੈਨੇਡਾ, ਬਰਤਾਨੀਆ ਵਰਗੇ ਮੁਲਕਾਂ ਵਿੱਚ ਨਫ਼ਰਤ ਦੀ ਭਾਵਨਾ ਕਿਉਂ ਵਧਣ ਲੱਗੀ ਹੈ? ਕੀ ਇਨ੍ਹਾਂ ਮੁਲਕਾਂ ਵਿੱਚ ਇੰਨੇ ਪਰਵਾਸੀ ਪਹੁੰਚ ਗਏ ਹਨ ਕਿ ਉੱਥੇ ਸਮੱਸਿਆਵਾਂ ਪੈਦਾ ਕਰ ਰਹੇ ਹਨ? ਕੀ ਵਾਪਸ ਆ ਰਹੇ ਲੋਕ ਹੋਰ ਮੁਲਕਾਂ ਵੱਲ ਜਾਣਗੇ ਜਾਂ ਇੱਥੇ ਹੀ ਹੀਲਾ ਵਸੀਲਾ ਕਰਨਗੇ? ਬਦਲ ਰਹੀਆਂ ਪਰਵਾਸ ਨੀਤੀਆਂ ਅਤੇ ਪ੍ਰਭਾਵਾਂ ਨੂੰ ਨਵੇਂ ਸਿਰਿਓਂ ਵਿਚਾਰਨ ਦੀ ਲੋੜ ਹੈ।

ਪਰਵਾਸ ਜਾਂ ਇੱਕ ਦੂਜੇ ਮੁਲਕ ਵਿੱਚ ਜਾਣਾ ਕੋਈ ਨਵਾਂ ਰੁਝਾਨ ਨਹੀਂ। ਪੁਰਾਣੇ ਵੇਲਿਆਂ ਤੋਂ ਲੋਕ ਵਪਾਰਕ ਜਾਂ ਹੋਰ ਕੰਮਾਂ ਲਈ ਆਉਂਦੇ ਜਾਂਦੇ ਰਹੇ ਹਨ ਪਰ ਕੰਮ-ਕਾਜਾਂ ਤੋਂ ਬਾਅਦ ਆਪਣੀ ਜਨਮ ਭੋਇੰ 'ਤੇ ਪਰਤ ਆਉਂਦੇ ਸਨ। ਕਬੀਲਾਈ ਅਤੇ ਖੇਤੀ ਆਧਾਰਿਤ ਸਮਾਜਾਂ ਵਿੱਚ ਅਤੇ ਸੰਘਣੀ ਸਾਕਾਦਾਰੀ, ਮਿਲਵਰਤਣ, ਪਦਾਰਥਕ ਹੋੜ ਦੀ ਅਣਹੋਂਦ ਸਦਕਾ ਲੋਕ ਆਪਣੇ ਹੀ ਦੇਸ਼ ਵਿੱਚ ਪਰਤ ਆਉਂਦੇ ਸਨ। ਕੁਝ ਸਮਾਂ ਪਹਿਲਾਂ ਤੱਕ ਫੌਜ ਵਿੱਚੋਂ ਰਿਟਾਇਰਮੈਂਟ ਅਤੇ ਬਾਹਰਲੀਆਂ ਜੰਗਾਂ ਵਿੱਚ ਭਾਗ ਲੈਣ ਪਿੱਛੋਂ ਵਧੇਰੇ ਫੌਜੀ ਆਪਣੇ ਪਿੰਡਾਂ ਵਿੱਚ ਹੀ ਆਣ ਵਸਦੇ। ਖਾੜੀ ਦੇਸ਼ਾਂ ਤੋਂ ਕਮਾਈ ਕਰ ਕੇ ਵੀ ਬਹੁਤੇ ਲੋਕ ਘਰਾਂ ਨੂੰ ਵਾਪਸੀ ਕਰਦੇ। ਪਿਛਲੇ ਕੁਝ ਸਾਲਾਂ ਵਿੱਚ ਸਾਡੇ ਦੇਸ਼, ਖ਼ਾਸਕਰ ਪੰਜਾਬ ਤੋਂ ਪਰਵਾਸ ਮਗਰੋਂ ਪੱਕੇ ਵਸੇਬੇ ਦਾ ਰੁਝਾਨ ਪੈਦਾ ਹੋ ਗਿਆ। ਹੁਣ ਤਾਂ ਪੰਜਾਬ ਤੋਂ ਛੁੱਟ ਕੇਰਲਾ, ਗੁਜਰਾਤ, ਹਰਿਆਣਾ ਅਤੇ ਕਈ ਹੋਰ ਸੂਬਿਆਂ ਸਮੇਤ ਲਗਭਗ ਸਾਰੇ ਮੁਲਕ ਵਿੱਚੋਂ ਹੀ ਲੱਖਾਂ ਦੀ ਗਿਣਤੀ ਵਿੱਚ ਲੋਕ ਪਰਵਾਸ ਕਰ ਰਹੇ ਹਨ। ਲੋਕ ਵੱਖ-ਵੱਖ ਦੇਸ਼ਾਂ ਲਈ 5 ਤੋਂ 50 ਲੱਖ ਰੁਪਏ ਖਰਚ ਕੇ ਵਿਦੇਸ਼ ਜਾ ਰਹੇ ਹਨ। ਸੰਸਾਰ ਪਰਵਾਸ ਰਿਪੋਰਟ-2020 ਦੇ ਅੰਕੜਿਆਂ ਮੁਤਾਬਿਕ, ਦੁਨੀਆ ਵਿੱਚ 28.10 ਕਰੋੜ ਲੋਕ ਜੋ ਆਲਮੀ ਆਬਾਦੀ ਦਾ 3.6% ਬਣਦੇ ਹਨ, ਆਪਣੀ ਜਨਮ ਭੋਇੰ ਛੱਡ ਕੇ ਹੋਰ ਸਥਾਨਾਂ 'ਤੇ ਵਸੇ ਹਨ; ਭਾਵ ਪਰਵਾਸੀ ਹਨ। 2024 ਵਿੱਚ ਇਹ ਸੰਖਿਆ 30.40 ਕਰੋੜ ਦੱਸੀ ਗਈ ਹੈ। ਸਾਡਾ ਦੇਸ਼ ਪਰਵਾਸ ਪੱਖੋਂ ਸੰਸਾਰ ਵਿੱਚ ਪਹਿਲੇ ਨੰਬਰ 'ਤੇ ਹੈ। 1970 ਤੋਂ 2020 ਤੱਕ ਭਾਰਤ ਦੇ ਪਰਵਾਸ ਵਿੱਚ 300% ਵਾਧਾ ਦਰਜ ਹੋਇਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਮੁਤਾਬਿਕ, 2024 ਵਿੱਚ 2,16,219 ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡੀ। ਇਸੇ ਸਾਲ ਰਾਜ ਸਭਾ ਵਿੱਚ ਬਹਿਸ ਦੌਰਾਨ ਸਰਕਾਰ ਨੇ ਮੰਨਿਆ ਕਿ ਪਿਛਲੇ 13 ਸਾਲਾਂ



ਵਿੱਚ 18 ਲੱਖ ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡ ਕੇ ਸੰਸਾਰ ਦੇ 135 ਮੁਲਕਾਂ ਵਿੱਚ ਪਰਵਾਸ ਕੀਤਾ। ਇਹ ਸਿਰਫ ਸਰਕਾਰੀ ਅੰਕੜੇ ਹੀ ਹਨ; ਗੈਰ-ਕਾਨੂੰਨੀ ਢੰਗਾਂ ਰਾਹੀਂ ਗਏ ਲੋਕਾਂ ਨੂੰ ਜੋੜ ਕੇ ਇਹ ਅੰਕੜਾ ਕਿਤੇ ਜ਼ਿਆਦਾ ਬਣ ਜਾਂਦਾ ਹੈ। ਵਿਦੇਸ਼ਾਂ ਵਿੱਚ ਕੁਲ 3.3 ਕਰੋੜ ਭਾਰਤੀਆਂ ਵਿੱਚੋਂ 30 ਲੱਖ ਦੇ ਕਰੀਬ ਪੰਜਾਬੀ ਹਨ। ਅਜੋਕੇ ਸਮੇਂ ਪੰਜਾਬੀ ਪਰਵਾਸੀ ਬਹੁਲਤਾ ਵਾਲੇ ਦੇਸ਼ ਕੈਨੇਡਾ, ਅਮਰੀਕਾ, ਬ੍ਰਿਟੇਨ, ਸਪੇਨ, ਆਸਟਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ, ਸਿੰਗਾਪੁਰ, ਫਿਲਪੀਨਜ਼, ਖਾੜੀ ਦੇਸ਼ ਆਦਿ ਹਨ।

ਪ੍ਰਸ਼ਨ ਹੈ: ਪਿਛਲੇ ਕੁਝ ਸਮੇਂ ਤੋਂ ਕਾਨੂੰਨੀ ਜਾਂ ਗੈਰ-ਕਾਨੂੰਨੀ ਪਰਵਾਸ ਵਿੱਚ ਅਥਾਹ ਵਾਧਾ ਆਖ਼ਿਰਕਾਰ ਕਿਉਂ ਹੋਇਆ ਹੈ? ਤੱਥ ਆਧਾਰਿਤ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਵਿਦੇਸ਼ਾਂ ਵਿੱਚ ਵਸੇਬੇ ਦਾ ਕੋਈ ਇੱਕ ਕਾਰਨ ਨਹੀਂ ਬਲਕਿ ਆਰਥਿਕ, ਸਮਾਜਿਕ, ਮਨੋਵਿਗਿਆਨਕ, ਰਾਜਨੀਤਕ ਅਤੇ ਸਮਾਜ ਵਿੱਚ ਉਭਰ ਰਹੇ ਹਾਲਾਤ ਸਮੇਤ ਅਨੇਕ ਕਾਰਨ ਹਨ। ਮੋਟੇ ਤੌਰ 'ਤੇ ਦੋ ਤਰ੍ਹਾਂ ਦੇ ਤੱਥਾਂ ਨਾਲ ਪਰਵਾਸ ਨੂੰ ਸਮਝਿਆ ਜਾਂਦਾ ਹੈ। ਇੱਕ ਨਿਵਾਸ ਸਥਾਨ ਛੱਡਣ ਵਾਲੇ ਕਾਰਕ ਅਤੇ ਦੂਜਾ ਵਿਦੇਸ਼ੀ ਧਰਤੀ ਜਾਂ ਸਮਾਜਾਂ ਵਿੱਚ ਖਿੱਚ ਵਾਲੇ ਕਾਰਕ। ਸਾਡੇ ਮੁਲਕ ਵਿੱਚ ਨਿਵਾਸ ਸਥਾਨਾਂ ਨੂੰ ਛੱਡਣ ਵਾਲੇ ਕਾਰਨਾਂ ਵਿੱਚੋਂ ਮੁਖ ਹਨ: ਵਧ ਰਹੀ ਆਬਾਦੀ, ਜ਼ਮੀਨਾਂ ਦੀ ਪੁਸ਼ਤੀ ਵੰਡ ਕਰ ਕੇ ਵਾਹੀ ਜੋਤਾਂ ਦੇ ਆਕਾਰ ਘਟਣ ਕਾਰਨ ਗੁਜ਼ਾਰੇ ਵਿੱਚ ਔਖਿਆਈ, ਗਰੀਬੀ, ਬੇਰੁਜ਼ਗਾਰੀ ਵਿੱਚ ਅਥਾਹ ਵਾਧਾ, ਨਵੀਂ ਪਨੀਰੀ ਵਿੱਚ ਪੜ੍ਹਾਈ ਲਿਖਾਈ ਦਾ ਵਧਣਾ ਪਰ ਯੋਗ ਨੌਕਰੀਆਂ ਦਾ ਨਾ ਮਿਲਣਾ, ਤਕਨਾਲੋਜੀ ਦਾ ਮਨੁੱਖੀ ਜੀਵਨ ਵਿੱਚ ਭਾਰੀ ਵਾਧਾ, ਕਿੱਤਾ ਪਰਿਵਰਤਨ, ਜੀਵਨ ਦਾ ਬਦਲ ਰਿਹਾ ਰੁਝਾਨ, ਸਮਾਜ ਵਿੱਚ ਫੈਲ ਰਿਹਾ ਨਸ਼ਾ, ਵਧ ਰਹੇ ਅਪਰਾਧ, ਰਾਜਨੀਤੀ ਵਿੱਚ ਅੱਤ ਦੀ ਗਿਰਾਵਟ ਆਦਿ। ਵਿਦੇਸ਼ਾਂ ਵਿੱਚ ਵਸਣ ਦੇ ਮੁੱਖ ਕਾਰਕਾਂ ਵਿੱਚੋਂ ਹਨ: ਯੋਗਤਾ ਮੁਤਾਬਿਕ ਰੁਜ਼ਗਾਰ ਮਿਲਣਾ, ਚੰਗਾ ਜੀਵਨ ਪੱਧਰ, ਵਿਗਸਣ ਦੀ ਖੁੱਲ੍ਹ, ਕਾਨੂੰਨ ਦਾ ਰਾਜ, ਸਾਫ ਵਾਤਾਵਰਨ, ਮਾਨਵੀ ਮੁੱਲਾਂ ਦੀ ਕਦਰ, ਆਉਣ ਵਾਲੀਆਂ ਪੀੜ੍ਹੀਆਂ ਲਈ ਚੰਗੇਰੇ ਭਵਿੱਖ ਦੀ ਆਸ ਆਦਿ।

17ਵੀਂ ਸਦੀ ਤੱਕ ਸੰਸਾਰ ਵਿੱਚ ਪਰਵਾਸ ਦਾ ਮੁੱਦਾ ਨਾ-ਮਾਤਰ ਸੀ। 18ਵੀਂ ਸਦੀ ਦੇ ਮੱਧ ਵਿੱਚ ਬਰਤਾਨੀਆ ਵਿੱਚ ਉਪਜੇ ਉਦਯੋਗਕ ਇਨਕਲਾਬ ਨੇ ਦੁਨੀਆ ਵਿੱਚ ਮੱਨੁਖੀ ਜੀਵਨ ਵਿੱਚ ਤਬਦੀਲੀ ਲਿਆਂਦੀ। ਪੂੰਜੀਵਾਦ ਦੀ ਆਮਦ 'ਤੇ ਫੈਕਟਰੀਆਂ ਵਾਸਤੇ ਕਾਮਿਆਂ ਦੀ ਪੂਰਤੀ ਹਿੱਤ ਦੂਜੇ ਦੇਸ਼ਾਂ ਖਾਸ ਕਰ ਕੇ ਏਸ਼ਿਆਈ ਮੁਲਕਾਂ ਵਿੱਚੋਂ ਲੋਕ ਯੂਰੋਪ ਵੱਲ ਵਹੀਰਾਂ ਘੱਤਣ ਲਗੇ। ਤਕਨਾਲੋਜੀ ਦੀ ਆਮਦ ਨੇ ਸਾਰੇ ਦੇਸ਼ਾਂ ਨੂੰ ਇੱਕ ਦੂਜੇ ਦੇ ਨੇੜੇ ਕੀਤਾ; ਹੁਣ ਤਾਂ ਸੰਸਾਰ ਨੂੰ 'ਗਲੋਬਲ ਪਿੰਡ' ਦੀ ਕਿਹਾ ਜਾਣ ਲੱਗਾ ਹੈ। ਵੀਹਵੀਂ ਸਦੀ ਵਿੱਚ ਸੰਗਠਤ ਵਿਦਿਅਕ ਢਾਂਚੇ ਨਾਲ ਵਿਦਿਆ ਦਾ ਫੈਲਾਅ ਕਾਫੀ ਵਧਿਆ। ਭਾਰਤ ਵਿੱਚ 1947 ਵੇਲੇ 22 ਯੂਨੀਵਰਸਿਟੀਆਂ, 500 ਕਾਲਜ ਅਤੇ 2 ਲੱਖ ਦੇ ਕਰੀਬ ਸਕੂਲ ਸਨ। ਅੱਜ ਸਾਡੇ ਦੇਸ਼ ਵਿੱਚ 700 ਯੂਨੀਵਰਸਿਟੀਆਂ, 45000 ਦੇ ਕਰੀਬ ਕਾਲਜ ਅਤੇ 7 ਲੱਖ ਤੋਂ ਵੱਧ ਸਕੂਲ ਹਨ। ਜੇ ਅਣ-ਅਧਿਕਾਰਤ ਸਕੂਲ ਵੀ ਜੋੜ ਲਈਏ ਤਾਂ ਸਕੂਲਾਂ ਦੀ ਗਿਣਤੀ ਕਿਤੇ ਵੱਧ ਹੈ। ਡਿਗਰੀਆਂ ਲੈ ਕੇ ਬੱਚਿਆਂ ਨੂੰ ਯੋਗ ਨੌਕਰੀ ਨਹੀ ਮਿਲ ਰਹੀ। ਇਸ ਲਈ ਭਵਿੱਖ ਤੋਂ ਚਿੰਤਤ ਵਧੇਰੇ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ।

ਖੇਤੀ ਤੋਂ ਬਾਹਰ ਜੇ ਰੁਜ਼ਗਾਰ ਦੇ ਮੌਕੇ ਦੇਖੀਏ ਤਾਂ ਕਿਤੇ ਵੀ ਆਸ ਦੀ ਕਿਰਨ ਨਹੀਂ ਦਿਸਦੀ। ਪ੍ਰਾਈਵੇਟ ਸੈਕਟਰ ਵਿੱਚ ਰੁਜ਼ਗਾਰ ਦੀ ਖੜੋਤ ਅਤੇ ਪਬਲਿਕ ਸੈਕਟਰ ਵਿੱਚ ਅਸਲੋਂ ਹਨੇਰਾ ਤੇ ਵਧੇਰੇ ਬੱਚਿਆਂ ਦਾ ਖੇਤੀ ਵੱਲ ਝੁਕਾਅ ਨਾ ਹੋਣ ਕਰ ਕੇ ਉਹ ਵਿਦੇਸ਼ਾਂ ਦਾ ਰਾਹ ਫੜ ਰਹੇ ਹਨ। ਅੱਜ ਪੜ੍ਹਾਈ ਕਰ ਰਹੇ ਬੱਚਿਆਂ ਵਿੱਚੋਂ ਵਧੇਰੇ ਵਿਦੇਸ਼ਾਂ ਵਿੱਚ ਵੱਖ-ਵੱਖ ਕੋਰਸਾਂ ਲਈ ਕਾਲਜਾਂ ਯੂਨੀਵਰਸਿਟੀਆਂ ਦੀਆਂ ਮੋਟੀਆਂ ਫੀਸਾਂ ਭਰਨ ਲਈ ਤਤਪਰ ਹਨ ਜਦਕਿ ਲੱਖਾਂ ਹੀ ਹੋਰ ਜਾਇਜ਼/ਨਾਜਾਇਜ਼ ਵਿਆਹਾਂ ਦੇ ਜ਼ਰੀਏ, ਏਜੰਟਾਂ ਜਾਂ ਗੈਰ-ਕਾਨੂੰਨੀ ਢੰਗਾਂ ਰਾਹੀਂ ਬਾਹਰਲੇ ਮੁਲਕਾਂ ਵਿੱਚ ਜਾਣਾ ਚਾਹੁੰਦੇ ਹਨ। ਇਨ੍ਹਾਂ ਵਿੱਚੋਂ ਕੁਝ ਕਾਮਯਾਬ ਹੋ ਜਾਂਦੇ ਹਨ ਅਤੇ ਹਜ਼ਾਰਾਂ ਦੀ ਤਦਾਦ ਵਿੱਚ ਜਾਇਦਾਦਾਂ ਵੇਚ ਕੇ ਵੀ ਨਹੀਂ ਜਾ ਸਕਦੇ ਅਤੇ ਅਨੇਕ ਨਾਜਾਇਜ਼ ਢੰਗਾਂ ਰਾਹੀਂ ਜਾਂਦੇ ਕਈ ਵਾਰ ਮੌਤ ਦੇ ਮੂੰਹ ਜਾ ਡਿਗਦੇ ਹਨ ਜਾਂ ਜੇਲ੍ਹ ਦੀ ਹਵਾ ਖਾਂਦੇ ਹਨ। ਗੈਰ-ਕਾਨੂੰਨੀ ਪਰਵਾਸ ਦੇ ਮੁੱਦੇ ਨੂੰ ਅਮਰੀਕਾ ਵਲੋਂ ਚੁੱਕੇ ਜਾਣ ਕਰ ਕੇ ਨਵੀਆਂ ਬਹਿਸਾਂ ਹੋ ਰਹੀਆਂ ਹਨ। ਨਤੀਜੇ ਵਜੋਂ ਪਰਵਾਸ ਵਲੋਂ ਫਿਲਹਾਲ ਨਵਾਂ ਮੋੜ ਆਇਆ ਹੈ। ਇਕੱਲੇ ਪੰਜਾਬ ਵਿੱਚ ਸੋਲਾਂ ਹਜ਼ਾਰ ਤੋਂ ਵੱਧ ਆਈਲੈਟਸ ਸੈਂਟਰਾਂ ਵਿੱਚੋਂ ਵਧੇਰੇ ਖਾਲੀ ਨਜ਼ਰ ਆ ਰਹੇ ਹਨ; ਕਾਲਜਾਂ ਵਿੱਚ ਰੌਣਕ ਵੀ ਵਧੀ ਹੈ।

ਚਿੰਤਕ ਨੌਮ ਚੌਮਸਕੀ ਦਾ ਕਥਨ ਹੈ- "ਮੁਲਕ ਗਰੀਬ ਨਹੀਂ ਹੁੰਦੇ ਬਲਕਿ ਉਹ ਆਪਣੇ ਸਾਧਨਾਂ ਦੀ ਸੁਚੱਜੀ ਵਰਤੋਂ ਕਰਨ ਵਿੱਚ ਫੇਲ੍ਹ ਹੁੰਦੇ ਹਨ।" ਭਾਰਤ ਨੂੰ ਕਦੇ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। 1900 ਤੱਕ ਡਾਲਰ ਅਤੇ ਰੁਪਏ ਦੀ ਕੀਮਤ ਲਗਭੱਗ ਬਰਾਬਰ ਸੀ। ਅੱਜ ਸਾਡੇ ਦੇਸ਼ ਦੀ ਰਾਜਨੀਤਕ ਦਸ਼ਾ ਅਤੇ ਦਿਸ਼ਾ ਕਿਸੇ ਤੋਂ ਛੁਪੀ ਨਹੀਂ। ਸੋੜੀ ਸੋਚ ਵਾਲੇ ਰਾਜਨੀਤੀਵਾਨਾਂ ਨੇ ਦੇਸ਼ ਅੰਦਰ ਨਿਘਾਰ ਲਿਆਂਦਾ ਹੈ। ਸਮੂਹਿਕ ਵਿਕਾਸ ਨੂੰ ਪ੍ਰਕਿਰਿਆ ਰਾਹੀਂ ਚਲਾਉਣ ਦੀ ਥਾਂ ਬੁੱਤਾ ਸਾਰਨ ਵਾਲੀਆਂ ਨੀਤੀਆਂ ਕਰ ਕੇ ਦੇਸ਼ ਦੀ ਹਾਲਤ ਥੱਲੇ ਜਾ ਰਹੀ ਹੈ।

ਵੱਖ-ਵੱਖ ਪਾਰਟੀਆਂ ਨੇ ਜਿੱਥੇ ਮੁਫ਼ਤਖੋਰੀ ਵਧਾ ਕੇ ਦੇਸ਼ ਦੀ ਆਰਥਿਕਤਾ ਥੱਲੇ ਲਿਆਂਦੀ ਹੈ, ਉਥੇ ਇਹ ਲੋਕਾਂ ਨੂੰ ਨਿਕੰਮੇ ਬਣਾ ਰਹੀ ਹੈ। ਸਮਾਜ ਵਿੱਚ ਵਧ ਰਿਹਾ ਹਿੰਸਕ ਵਰਤਾਰਾ, ਪਾਰਦਰਸ਼ਤਾ ਦੀ ਘਾਟ, ਅਵਿਸ਼ਵਾਸ, ਆਮ ਨਾਗਰਿਕਾਂ ਦੇ ਬਣਦੇ ਹੱਕਾਂ ਤੇ ਸਨਮਾਨ ਦੀ ਅਣਦੇਖੀ, ਵੱਖ-ਵੱਖ ਤਰ੍ਹਾਂ ਦੇ ਜੁਰਮ, ਚੋਰੀਆਂ, ਕਤਲ, ਲੜਕੀਆਂ ਨਾਲ ਛੇੜਖਾਨੀ, ਬਲਾਤਕਾਰ, ਨਸ਼ਿਆਂ ਕਰ ਕੇ ਮੌਤਾਂ, ਧਰਮਾਂ ਦੇ ਨਾਮ 'ਤੇ ਉਲਝਣਾਂ, ਆਮ ਲੋਕਾਂ ਨੂੰ ਮਾਨਸਿਕ ਪੱਖੋਂ ਚਿੰਤਤ ਕਰ ਰਹੀਆਂ ਹਨ ਅਤੇ ਲੋਕ ਵਿਦੇਸ਼ ਵਸਣ ਨੂੰ ਤਰਜੀਹ ਦੇਣ ਲੱਗੇ ਹਨ। ਪਹਿਲਾਂ ਵਿਦੇਸ਼ ਗਏ ਪੰਜਾਬੀ ਅਤੇ ਹੋਰ ਲੋਕ ਆਪਣੇ ਦੇਸ਼ ਵਿੱਚ ਪੂੰਜੀ ਭੇਜਦੇ ਸਨ ਤੇ ਜਾਇਦਾਦਾਂ ਬਣਾਉਂਦੇ ਸਨ ਪਰ ਹੁਣ ਇਹ ਪ੍ਰਕਿਰਿਆ ਵੀ ਪੁੱਠੀ ਪੈਣੀ ਸ਼ੁਰੂ ਹੋ ਗਈ ਹੈ। ਪਰਵਾਸ ਕਰ ਰਹੀ ਜਵਾਨੀ ਸਦਕਾ ਇਕੱਲਾ ਆਰਥਿਕ ਘਾਟਾ ਹੀ ਨਹੀਂ ਪੈ ਰਿਹਾ ਬਲਕਿ ਸਮਾਜਿਕ ਤੇ ਮਾਨਸਿਕ ਪੱਖੋਂ ਗੰਭੀਰ ਸਿੱਟੇ ਸਾਹਮਣੇ ਆ ਰਹੇ ਹਨ। ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ। ਸਰਕਾਰਾਂ ਨੂੰ ਯੋਗ ਪ੍ਰਸ਼ਾਸਨ ਤੇ ਵਿਕਾਸ ਨੀਤੀਆਂ ਲਾਗੂ ਕਰ ਲੋਕਾਂ ਅੰਦਰ ਇੱਥੇ ਵਸਣ ਲਈ ਭਰੋਸਾ ਬਣਾਉਣਾ ਚਾਹੀਦਾ ਹੈ।

ਮੂਲ ਮੁੱਦਾ ਰੁਜ਼ਗਾਰ ਦਾ ਹੈ। ਇਹ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ, ਖੇਤੀ ਸਮੇਤ ਉਦਯੋਗਾਂ ਦੀ ਸਥਾਪਨਾ ਨਾਲ ਹੀ ਸੰਭਵ ਹੈ। ਯੋਗ ਕੋਸ਼ਿਸ਼ਾਂ ਹੀ ਸਾਨੂੰ ਬਾਹਰਲਿਆਂ ਦੇ ਧੱਕੇ ਖਾਣ ਤੋਂ ਬਚਾ ਸਕਦੀਆਂ ਹਨ।

# ਅਮਰੀਕਾ 'ਚ ਕੌਮਾਂਤਰੀ ਵਿਦਿਆਰਥੀ ਨੂੰ ਡੀਪੋਰਟ ਕਰਨ ਦਾ ਡਰ

ਅਮਰੀਕਾ ਦੀ ਨਵੀਂ ਟਰੰਪ ਸਰਕਾਰ ਜਿਵੇਂ-ਜਿਵੇਂ ਪੁਰਾਣੀ ਹੋ ਰਹੀ ਹੈ, ਉਸ ਵੱਲੋਂ ਦੇਸ਼ ਦੀ ਸੁਰੱਖਿਆ ਨੀਤੀ ਦੇ ਲਿਹਾਜ਼ ਨਾਲ ਵੱਡੇ ਫ਼ੈਸਲੇ ਕੀਤੇ ਜਾ ਰਹੇ ਹਨ। ਪਿਛਲੇ ਕਈ ਮਹੀਨਿਆਂ ਤੋਂ ਨਸ਼ਿਆਂ ਦੇ ਸੌਦਾਗਰਾਂ 'ਤੇ ਸਖ਼ਤੀ ਦੇ ਨਾਲ-ਨਾਲ ਦੇਸ਼ 'ਚ ਗ਼ੈਰਕਾਨੂੰਨੀ ਤਰੀਕੇ ਨਾਲ ਡੇਰਾ ਲਾ ਕੇ ਬੈਠੇ ਪਰਵਾਸੀਆਂ ਨੂੰ ਡਿਪੋਰਟ ਕਰਨ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਇਸੇ ਕੜੀ 'ਚ ਸੈਂਕੜੇ ਭਾਰਤੀਆਂ ਸਣੇ ਕਈ ਦੂਜੇ ਮੁਲਕਾਂ ਦੇ ਲੋਕਾਂ ਨੂੰ ਵੀ ਅਮਰੀਕਾ ਨੇ ਦੇਸ਼ 'ਚੋਂ ਬਾਹਰ ਕੀਤਾ ਹੈ। ਹੁਣ ਵਿਦਿਆਰਥੀਆਂ 'ਤੇ ਅਮਰੀਕੀ ਪ੍ਰਸ਼ਾਸਨ ਸਖ਼ਤੀ ਕਰਨ ਜਾ ਰਿਹਾ ਹੈ।

ਤਾਜ਼ਾ ਮਾਮਲੇ ਅਨੁਸਾਰ ਅਮਰੀਕਾ 'ਚ ਸੈਂਕੜੇ ਕੌਮਾਂਤਰੀ ਵਿਦਿਆਰਥੀਆਂ ਨੂੰ ਅਮਰੀਕਾ ਦਾ ਵਿਦੇਸ਼ ਵਿਭਾਗ ਇਕ ਹੈਰਾਨੀਜਨਕ ਈਮੇਲ ਕਰ ਰਿਹਾ ਹੈ, ਜਿਸ 'ਚ ਵਿਦਿਆਰਥੀਆਂ ਨੂੰ ਆਪਣੇ ਆਪ ਨੂੰ ਖ਼ੁਦ ਹੀ ਡਿਪੋਰਟ ਕਰਨ ਦਾ ਹੁਕਮ ਜਾਰੀ ਕੀਤਾ ਗਿਆ ਹੈ। ਇਸ ਪਿੱਛੇ ਅਮਰੀਕੀ ਪ੍ਰਸ਼ਾਸਨ ਦਾ ਤਰਕ ਹੈ ਕਿ ਅਜਿਹਾ ਉਨ੍ਹਾਂ ਵਿਦਿਆਰਥੀਆਂ ਨੂੰ ਕਰਨ ਲਈ ਕਿਹਾ ਜਾ ਰਿਹਾ ਹੈ, ਜੋ ਕੈਂਪਸ ਦੀਆਂ ਗਤੀਵਿਧੀਆਂ 'ਚ ਸ਼ਾਮਲ ਰਹੇ ਹਨ।

ਅਜਿਹੇ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਨੂੰ ਐਂਟੀ-ਨੈਸ਼ਨਲ ਗਤੀਵਿਧੀਆਂ ਦੇ ਤੌਰ 'ਤੇ ਦੇਖਿਆ ਗਿਆ ਹੈ। ਅਸਲ 'ਚ ਅਮਰੀਕਾ ਇਹ ਕਾਰਵਾਈ ਐੱਫ-1 ਵੀਜ਼ਾ ਤਹਿਤ ਕਰ ਰਿਹਾ ਹੈ। ਇਸ ਵੀਜ਼ੇ ਨਾਲ ਹੀ ਕੌਮਾਂਤਰੀ ਵਿਦਿਆਰਥੀ ਅਮਰੀਕਾ 'ਚ ਪੜ੍ਹਾਈ ਕਰ ਸਕਦੇ ਹਨ ਪਰ ਜੇਕਰ ਕੋਈ ਵਿਦੇਸ਼ੀ ਵਿਦਿਆਰਥੀ ਅਮਰੀਕਾ 'ਚ ਵਿਰੋਧ ਪ੍ਰਦਰਸ਼ਨ ਕਰਦਿਆਂ ਫੜਿਆ ਜਾਂਦਾ ਹੈ ਤਾਂ ਉਸ ਦਾ ਭਵਿੱਖ ਵੀ ਦਾਅ 'ਤੇ ਲੱਗ ਸਕਦਾ ਹੈ।

ਹੁਣ ਇਸ ਵੀਜ਼ੇ ਦੀ ਸਖ਼ਤੀ ਕਾਰਨ ਉਨ੍ਹਾਂ ਸਾਰੇ ਵਿਦੇਸ਼ੀ ਵਿਦਿਆਰਥੀਆਂ ਸਮੇਤ ਭਾਰਤੀ ਵਿਦਿਆਰਥੀਆਂ ਦੀਆਂ ਚਿੰਤਾਵਾਂ ਵੀ ਵਧ ਗਈਆਂ ਹਨ, ਜਿਨ੍ਹਾਂ ਨੇ ਅਜਿਹੇ ਵਿਰੋਧ ਪ੍ਰਦਰਸ਼ਨਾਂ 'ਚ ਹਿੱਸਾ ਲਿਆ ਹੈ ਜੋ ਅਮਰੀਕਾ ਦੀ ਕੌਮੀ ਸੁਰੱਖਿਆ ਨੀਤੀ ਨਾਲ ਮੇਲ ਨਹੀਂ ਖਾਂਦੇ। ਅਮਰੀਕਾ ਦੀਆਂ ਯੂਨੀਵਰਸਿਟੀਆਂ ਦੀ ਇਕ ਖ਼ਾਸੀਅਤ ਹੈ ਕਿ ਕਿਸੇ ਮੁੱਦੇ ਨੂੰ ਲੈ ਕੇ ਇਨ੍ਹਾਂ 'ਚੋਂ ਹੀ ਕਿਸੇ ਸੰਘਰਸ਼ ਜਾਂ ਰੋਹ ਦਾ ਮੁੱਢ ਬੱਝਦਾ ਹੈ। ਪਿਛਲੇ ਮਹੀਨਿਆਂ 'ਚ ਅਮਰੀਕਾ 'ਚ ਵਿਦਿਆਰਥੀਆਂ ਨੇ ਫ਼ਲਸਤੀਨ ਯੁੱਧ ਦਾ ਵਿਰੋਧ ਕਰਦਿਆਂ ਪ੍ਰਦਰਸ਼ਨ ਕੀਤਾ ਸੀ।



**ਅਮਰੀਕਾ ਦੀ ਕੌਮੀ ਸੁਰੱਖਿਆ ਨੀਤੀ ਦੀਆਂ ਮੁੱਢਲੀਆਂ ਸਤਰਾਂ ਵੀ ਇਹੀ ਹਨ ਕਿ ਰਾਸ਼ਟਰਪਤੀ ਵਜੋਂ ਜੋ ਵੀ ਮੁਖੀ ਹੈ, ਉਸ ਦੀ ਸਭ ਤੋਂ ਵੱਡੀ ਤਰਜੀਹ ਤੇ ਜ਼ਿੰਮੇਵਾਰੀ ਅਮਰੀਕਾ ਤੇ ਇਸ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ।**

ਇਨ੍ਹਾਂ ਪ੍ਰਦਰਸ਼ਨਾਂ 'ਚ ਭਾਰਤੀ ਵਿਦਿਆਰਥੀਆਂ ਦੇ ਸ਼ਾਮਲ ਹੋਣ ਦੀਆਂ ਵੀ ਸੂਚਨਾਵਾਂ ਸਨ। ਹੁਣ ਜੇਕਰ ਵੀਜ਼ੇ ਦੇ ਨਿਯਮਾਂ ਮੁਤਾਬਕ ਕਿਸੇ ਉਲੰਘਣਾ ਦੀ ਗੱਲ ਸਾਹਮਣੇ ਆਉਂਦੀ ਹੈ ਤਾਂ ਅਜਿਹੇ ਭਾਰਤੀ ਵਿਦਿਆਰਥੀ ਚਿੰਤਾ 'ਚ ਘਿਰ ਸਕਦੇ ਹਨ। ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਵਿਦੇਸ਼ ਨੀਤੀ ਦੇ ਮਾਹਰ ਪਹਿਲਾਂ ਵੀ ਇਸ ਗੱਲ ਦਾ ਖ਼ਦਸ਼ਾ ਜ਼ਾਹਰ ਕਰ ਚੁੱਕੇ ਹਨ।

ਵਿਦਿਆਰਥੀਆਂ ਦੇ ਡਿਪੋਰਟ ਹੋਣ ਦੇ ਖ਼ਤਰੇ ਦੇ ਨਾਲ-ਨਾਲ ਮਾਪਿਆਂ ਦੀਆਂ ਪਰੇਸ਼ਾਨੀਆਂ ਵੀ ਵਧ ਰਹੀਆਂ ਹਨ। ਅਮਰੀਕਾ 'ਚ ਰਹਿਣ ਵਾਲੀਆਂ ਬਹੁਤ ਸਾਰੀਆਂ ਵੱਖਰੀ ਵਿਚਾਰਧਾਰਾ ਦੀਆਂ ਜਥੇਬੰਦੀਆਂ ਦੇ ਪ੍ਰਦਰਸ਼ਨਾਂ 'ਚ ਵਿਦਿਆਰਥੀਆਂ ਦੇ ਸ਼ਾਮਲ ਹੋਣ ਦੇ ਖ਼ਦਸ਼ੇ ਵੀ ਜ਼ਾਹਰ ਕੀਤੇ ਜਾ ਚੁੱਕੇ ਹਨ।

ਅਮਰੀਕਾ ਦੀ ਕੌਮੀ ਸੁਰੱਖਿਆ ਨੀਤੀ ਦੀਆਂ ਮੁੱਢਲੀਆਂ ਸਤਰਾਂ ਵੀ ਇਹੀ ਹਨ ਕਿ ਰਾਸ਼ਟਰਪਤੀ ਵਜੋਂ ਜੋ ਵੀ ਮੁਖੀ ਹੈ, ਉਸ ਦੀ ਸਭ ਤੋਂ ਵੱਡੀ ਤਰਜੀਹ ਤੇ ਜ਼ਿੰਮੇਵਾਰੀ ਅਮਰੀਕਾ ਤੇ ਇਸ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਤਾਜ਼ਾ ਫ਼ੈਸਲਾ ਵੀ ਇਸੇ ਕੜੀ ਦਾ ਹਿੱਸਾ ਕਿਹਾ ਜਾ ਸਕਦਾ ਹੈ।

ਭਾਰਤੀ ਵਿਦਿਆਰਥੀਆਂ ਦੇ ਨਜ਼ਰੀਏ ਨਾਲ ਉਨ੍ਹਾਂ ਦਾ ਅਮਰੀਕਾ 'ਚ ਭਵਿੱਖ ਕਈ ਗੱਲਾਂ 'ਤੇ ਨਿਰਭਰ ਕਰਦਾ ਹੈ ਤੇ ਮੌਜੂਦਾ ਪ੍ਰਣਾਲੀ 'ਚ ਜਿਸ ਤਰ੍ਹਾਂ ਦੇ ਬਦਲਾਅ ਤੇ ਹਲਚਲ ਹੋ ਰਹੀ ਹੈ, ਉਸ ਮੁਤਾਬਕ ਵਿਦਿਆਰਥੀਆਂ ਨੂੰ ਸੰਭਲ ਕੇ ਰਹਿਣ ਦੀ ਲੋੜ ਹੈ। ਭਾਰਤੀ ਵਿਦਿਆਰਥੀ ਬਹੁਤ ਹੀ ਮੁਸ਼ਕਲ ਹਾਲਾਤ 'ਚੋਂ ਲੰਘ ਕੇ ਅਮਰੀਕਾ ਪਹੁੰਚਦੇ ਹਨ। ਇਸ ਲਈ ਹਾਲ ਦੀ ਘੜੀ ਉਨ੍ਹਾਂ ਨੂੰ ਅਜਿਹੀ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ ਤੋਂ ਬਚਣਾ ਚਾਹੀਦਾ ਹੈ, ਜਿਸ ਨਾਲ ਪਰੇਸ਼ਾਨੀਆਂ ਵਧਣ।

# ਭਾਰਤ ਦੇ ਖੇਤੀ ਸੈਕਟਰ ਵੱਲ ਕਿਉਂ ਨਜਰ ਰੱਖਦਾ ਹੈ ਅਮਰੀਕਾ?

ਇਹੀ ਸਵਾਲ ਅਮਰੀਕੀ ਵਣਜ ਸਕੱਤਰ ਹਾਵਰਡ ਲੁਟਨਿਕ ਨੇ ਹਾਲ ਹੀ ਵਿੱਚ ਭਾਰਤ ਦੀਆਂ ਵਪਾਰ ਨੀਤੀਆਂ ਦੀ ਆਲੋਚਨਾ ਕਰਦੇ ਹੋਏ ਪੁੱਛਿਆ, ਨਾਲ ਹੀ ਉਨ੍ਹਾਂ ਨੇ ਭਾਰਤ ਦੀਆਂ ਬਾਜ਼ਾਰ ਪਾਬੰਦੀਆਂ 'ਤੇ ਵੀ ਨਿਸ਼ਾਨਾ ਸਾਧਿਆ। ਇੱਕ ਹੋਰ ਇੰਟਰਵਿਊ ਵਿੱਚ, ਲੁਟਨਿਕ ਨੇ ਭਾਰਤ 'ਤੇ ਇਲਜ਼ਾਮ ਲਗਾਇਆ ਕਿ ਇਹ ਅਮਰੀਕੀ ਕਿਸਾਨਾਂ ਨੂੰ ਰੋਕ ਰਿਹਾ ਹੈ ਅਤੇ ਅਮਰੀਕਾ ਨੇ ਇਸ ਨੂੰ ਆਪਣਾ ਖੇਤੀਬਾੜੀ ਬਾਜ਼ਾਰ ਖੋਲ੍ਹਣ ਦੀ ਅਪੀਲ ਕੀਤੀ। ਉਨ੍ਹਾਂ ਨੇ ਸੁਝਾਅ ਦਿਤਾ ਕਿ ਇਸ ਦੇ ਲਈ ਭਾਰਤ ਕੋਟਾ ਜਾਂ ਸੀਮਾਵਾਂ ਵੀ ਤੈਅ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਵਧਦੇ ਵਪਾਰ ਯੁੱਧ ਵਿੱਚ ਖੇਤੀਬਾੜੀ ਜੰਗ ਦਾ ਇੱਕ ਮੁੱਖ ਮੈਦਾਨ ਹੈ। ਉਨ੍ਹਾਂ ਦੇ ਇਸੇ ਵਪਾਰ ਦਾ ਹਿੱਸਾ ਹਨ ਉਹ ਰੈਸੀਪ੍ਰੋਕਲ ਟੈਰਿਫ ਜੋ ਆਉਂਦੀ 2 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਹਨ। ਟੈਰਿਫ ਦੂਜੇ ਦੇਸ਼ਾਂ ਤੋਂ ਦਰਾਮਦ ਕੀਤੇ ਜਾਣ ਵਾਲੇ ਸਮਾਨ 'ਤੇ ਲਗਾਏ ਜਾਣ ਵਾਲੇ ਟੈਕਸ ਹਨ। ਟਰੰਪ ਨੇ ਵਾਰ-ਵਾਰ ਭਾਰਤ ਨੂੰ "ਟੈਰਿਫ ਕਿੰਗ" ਅਤੇ ਵਪਾਰਕ ਸਬੰਧਾਂ ਦਾ "ਵੱਡਾ ਦੁਰਵਿਵਹਾਰ ਕਰਨ ਵਾਲਾ" ਕਿਹਾ ਹੈ।

### ਭੋਜਨ ਦੀ ਘਾਟ ਤੋਂ ਅੰਨ ਦੇ ਭੰਡਾਰ ਤੱਕ

ਸਾਲਾਂ ਤੋਂ, ਅਮਰੀਕਾ ਨੇ ਭਾਰਤ ਦੇ ਖੇਤੀਬਾੜੀ ਖੇਤਰ ਤੱਕ ਵਧੇਰੇ ਪਹੁੰਚ ਲਈ ਜ਼ੋਰ ਦਿੱਤਾ ਹੈ। ਅਮਰੀਕਾ ਇਸਨੂੰ ਇੱਕ ਅਜਿਹੇ ਪ੍ਰਮੁੱਖ ਬਾਜ਼ਾਰ ਵਜੋਂ ਵੇਖਦਾ ਹੈ, ਜਿਸ ਨੂੰ ਅਜੇ ਵਰਤਿਆ ਨਹੀਂ ਗਿਆ। ਪਰ ਭਾਰਤ ਨੇ ਲੱਖਾਂ ਛੋਟੇ ਕਿਸਾਨਾਂ ਦੀ ਭੋਜਨ ਸੁਰੱਖਿਆ, ਰੋਜ਼ੀ-ਰੋਟੀ ਅਤੇ ਹਿੱਤਾਂ ਦਾ ਹਵਾਲਾ ਦਿੰਦੇ ਹੋਏ ਹਮੇਸ਼ਾ ਇਸਦੀ ਰੱਖਿਆ ਕੀਤੀ ਹੈ। ਬੇਸ਼ੱਕ, ਭੋਜਨ ਦੀ ਘਾਟ ਵਾਲੇ ਦੇਸ ਤੋਂ ਅੰਨ ਦੇ ਭੰਡਾਰ ਵਾਲਾ ਦੇਸ ਬਣਨਾ, ਭਾਰਤ ਦੀਆਂ ਸਭ ਤੋਂ ਵੱਡੀਆਂ ਸਫਲਤਾਵਾਂ ਦੀਆਂ ਕਹਾਣੀਆਂ ਵਿੱਚੋਂ ਇੱਕ ਹੈ। 1950 ਅਤੇ 60 ਦੇ ਦਹਾਕੇ ਵਿੱਚ, ਦੇਸ ਆਪਣੀ ਆਬਾਦੀ ਦੀਆਂ ਭੋਜਨ ਲੋੜਾਂ ਨੂੰ ਪੂਰਾ ਕਰਨ ਲਈ ਹੋਰ ਮੁਲਕਾਂ ਤੋਂ ਮਿਲਦੀ ਭੋਜਨ ਸਹਾਇਤਾ 'ਤੇ ਨਿਰਭਰ ਸੀ, ਪਰ ਖੇਤੀਬਾੜੀ ਦੇ ਖੇਤਰ 'ਚ ਮਿਲੀਆਂ ਲਗਾਤਾਰ ਸਫ਼ਲਤਾਵਾਂ ਨੇ ਇਹ ਤਸਵੀਰ ਬਦਲ ਦਿੱਤੀ। ਭਾਰਤ, ਭੋਜਨ ਦੇ ਮਾਮਲੇ ਵਿੱਚ ਸਵੈ-ਨਿਰਭਰ ਬਣ ਗਿਆ ਅਤੇ ਸਿਰਫ਼ ਇੰਨਾ ਹੀ ਨਹੀਂ ਸਗੋਂ ਇਹ ਦੁਨੀਆਂ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਵੀ ਬਣ ਗਿਆ। ਬਾਗਬਾਨੀ, ਪੋਲਟਰੀ ਅਤੇ ਪਸ਼ੂ-ਪਾਲਣ ਵਿੱਚ ਤੇਜ਼ ਵਿਕਾਸ ਨੇ ਵੀ ਇਸ ਸਫ਼ਲਤਾ ਵਿੱਚ ਯੋਗਦਾਨ ਪਾਇਆ। ਅੱਜ, ਭਾਰਤ ਨਾ ਸਿਰਫ਼ ਆਪਣੇ 1.4 ਅਰਬ ਲੋਕਾਂ ਦਾ ਢਿੱਡ ਭਰ ਰਿਹਾ ਹੈ, ਸਗੋਂ ਦੁਨੀਆਂ ਦੇ ਅੱਠਵੇਂ ਸਭ ਤੋਂ ਵੱਡੇ ਖੇਤੀਬਾੜੀ-ਉਤਪਾਦ ਨਿਰਯਾਤਕ ਵਜੋਂ, ਵਿਸ਼ਵ ਭਰ ਵਿੱਚ ਅਨਾਜ, ਫਲ ਅਤੇ ਡੇਅਰੀ ਉਤਪਾਦ ਵੀ ਭੇਜ ਰਿਹਾ ਹੈ।

### ਖੇਤੀਬਾੜੀ, ਭਾਰਤੀ ਜੀਡੀਪੀ ਦਾ ਸਿਰਫ਼ 15 ਫੀਸਦੀ

ਇੰਨੀਆਂ ਵੱਡੀਆਂ ਪ੍ਰਾਪਤੀਆਂ ਦੇ ਬਾਵਜੂਦ, ਭਾਰਤੀ ਖੇਤੀਬਾੜੀ ਅਜੇ ਵੀ ਉਤਪਾਦਕਤਾ, ਬੁਨਿਆਦੀ ਢਾਂਚੇ ਅਤੇ ਬਾਜ਼ਾਰੀ ਪਹੁੰਚ ਵਿੱਚ ਪਿੱਛੜ ਗਈ ਹੈ। ਵਿਸ਼ਵਵਿਆਪੀ ਕੀਮਤਾਂ ਵਿੱਚ ਅਸਥਿਰਤਾ ਅਤੇ ਜਲਵਾਯੂ ਪਰਿਵਰਤਨ ਇਸ ਚੁਣੌਤੀ ਨੂੰ ਹੋਰ ਮੁਸ਼ਕਲ ਬਣਾਉਂਦਾ ਹੈ। ਵਿਸ਼ਵ ਪੱਧਰ 'ਤੇ ਸਭ ਤੋਂ ਵਧੀਆ ਫਸਲਾਂ ਦੀ ਪੈਦਾਵਾਰ ਦੇ ਮਾਮਲੇ ਵਿੱਚ ਭਾਰਤ ਬਹੁਤ ਪਿੱਛੇ ਹੈ। ਛੋਟੀਆਂ ਜ਼ਮੀਨਾਂ 'ਤੇ ਖੇਤੀ ਕਰਨਾ, ਸਮੱਸਿਆ ਨੂੰ ਹੋਰ ਵੀ ਵੱਡਾ ਕਰ ਦਿੰਦਾ ਹੈ। ਭਾਰਤੀ ਕਿਸਾਨ ਔਸਤਨ ਇੱਕ ਹੈਕਟੇਅਰ ਤੋਂ ਘੱਟ ਜ਼ਮੀਨ 'ਤੇ ਕੰਮ ਕਰਦੇ ਹਨ, ਜਦਕਿ ਉਨ੍ਹਾਂ ਦੇ ਅਮਰੀਕੀ ਹਮਰੁਤਬਾ 2020 ਵਿੱਚ 46 ਹੈਕਟੇਅਰ ਤੋਂ ਵੱਧ ਜ਼ਮੀਨ 'ਤੇ ਖੇਤੀ ਕਰ ਰਹੇ ਸਨ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਤਪਾਦਕਤਾ ਘੱਟ ਰਹਿੰਦੀ ਹੈ।

ਭਾਰਤ ਵਿੱਚ ਕੰਮ ਕਰਨ ਯੋਗ ਅੱਧੇ ਲੋਕਾਂ ਨੂੰ ਖੇਤੀਬਾੜੀ ਨਾਲ ਹੀ ਰੁਜ਼ਗਾਰ ਮਿਲਦਾ ਹੈ ਪਰ ਫਿਰ ਵੀ ਇਹ ਜੀਡੀਪੀ ਦਾ ਸਿਰਫ਼ 15 ਫੀਸਦੀ ਬਣਦੀ ਹੈ।

ਇਸ ਦੇ ਮੁਕਾਬਲੇ, ਅਮਰੀਕੀ ਆਬਾਦੀ ਦਾ 2 ਫੀਸਦੀ ਤੋਂ ਵੀ ਘੱਟ ਹਿੱਸਾ ਖੇਤੀ 'ਤੇ ਨਿਰਭਰ ਕਰਦਾ ਹੈ। ਇੱਥੇ ਸੀਮਤ ਨਿਰਮਾਣ ਨੌਕਰੀਆਂ ਕਾਰਨ ਵਧੇਰੇ ਲੋਕ ਘੱਟ ਤਨਖਾਹ ਵਾਲੇ ਖੇਤੀ ਕੰਮ ਵਿੱਚ ਫਸੇ ਹੋਏ ਹਨ, ਜੋ ਕਿ ਇੱਕ ਵਿਕਾਸਸ਼ੀਲ ਦੇਸ ਲਈ ਇੱਕ ਅਸਾਧਾਰਨ ਗੱਲ ਹੈ। ਇਹ ਢਾਂਚਾਗਤ ਅਸੰਤੁਲਨ ਭਾਰਤ ਦੀਆਂ ਵਪਾਰ ਨੀਤੀਆਂ ਨੂੰ ਵੀ ਆਕਾਰ ਦਿੰਦਾ ਹੈ। ਜ਼ਰੂਰਤ ਤੋਂ ਜ਼ਿਆਦਾ ਖੇਤੀ ਦੇ ਬਾਵਜੂਦ,



ਭਾਰਤ ਆਪਣੇ ਕਿਸਾਨਾਂ ਨੂੰ ਸਸਤੇ ਬਰਾਮਦ ਤੋਂ ਬਚਾਉਣ ਲਈ ਟੈਰਿਫ ਦਰਾਂ ਉੱਚੀਆਂ ਰੱਖਦਾ ਹੈ। ਇਹ ਖੇਤੀ ਬਰਾਮਦਗੀ 'ਤੇ ਦਰਮਿਆਨੀ ਤੋਂ ਉੱਚੀਆਂ ਦਰਾਂ - ਜ਼ੀਰੋ ਤੋਂ 150 ਫੀਸਦੀ ਤੱਕ ਰੱਖਦਾ ਹੈ।

ਦਿੱਲੀ-ਅਧਾਰਤ ਥਿੰਕ ਟੈਂਕ ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ (ਜੀਟੀਆਰਆਈ) ਦੇ ਅਨੁਸਾਰ, ਭਾਰਤ ਵਿੱਚ ਅਮਰੀਕੀ ਖੇਤੀ ਉਤਪਾਦਾਂ 'ਤੇ ਲੱਗਦਾ ਔਸਤ ਟੈਰਿਫ - ਪ੍ਰਤੀ ਬਰਾਮਦ ਉਤਪਾਦ ਔਸਤ ਡਿਊਟੀ ਦਰ - 37.7 ਫੀਸਦੀ ਹੈ, ਜਦੋਂ ਕਿ ਅਮਰੀਕਾ ਵਿੱਚ ਭਾਰਤੀ ਵਸਤੂਆਂ 'ਤੇ ਇਹ 5.3 ਫੀਸਦੀ ਹੈ।

### 'ਵੱਡੀ ਖੇਡ'

ਭਾਰਤ ਅਤੇ ਅਮਰੀਕਾ ਵਿਚਕਾਰ ਦੁਵੱਲਾ ਖੇਤੀ ਵਪਾਰ ਬਹੁਤ ਘੱਟ ਹੈ, ਇਹ ਸਿਰਫ਼ 8 ਬਿਲੀਅਨ ਡਾਲਰ ਦਾ ਹੀ ਹੈ। ਭਾਰਤ ਮੁੱਖ ਤੌਰ 'ਤੇ ਚੌਲ, ਝੀਂਗਾ, ਸ਼ਹਿਦ, ਸਬਜ਼ੀਆਂ ਦੇ ਅਰਕ, ਅਰੰਡੀ ਦਾ ਤੇਲ ਅਤੇ ਕਾਲੀ ਮਿਰਚ ਬਰਾਮਦ ਕਰਦਾ ਹੈ, ਜਦਕਿ ਅਮਰੀਕਾ ਬਦਾਮ, ਅਖਰੋਟ, ਪਿਸਤਾ, ਸੇਬ ਅਤੇ ਦਾਲਾਂ ਭੇਜਦਾ ਹੈ। ਪਰ ਜਿਵੇਂ ਕਿ ਦੋਵੇਂ ਦੇਸ ਇੱਕ ਵਪਾਰਕ ਸਮਝੌਤੇ 'ਤੇ ਕੰਮ ਕਰ ਰਹੇ ਹਨ, ਮਾਹਰ ਕਹਿੰਦੇ ਹਨ ਕਿ ਵਾਸ਼ਿੰਗਟਨ ਹੁਣ ਖੇਤੀ ਸਬੰਧੀ ਬਰਾਮਦ - ਕਣਕ, ਕਪਾਹ, ਮੱਕੀ ਅਤੇ ਮੇਜ਼ (ਇੱਕ ਪ੍ਰਕਾਰ ਦੀ ਮੱਕੀ) - ਨੂੰ ਅੱਗੇ ਵਧਾਉਣਾ ਚਾਹੁੰਦਾ ਹੈ ਤਾਂ ਜੋ ਭਾਰਤ ਨਾਲ ਆਪਣੇ 45 ਬਿਲੀਅਨ ਡਾਲਰ ਦੇ ਵਪਾਰ ਘਾਟੇ ਨੂੰ ਘੱਟ ਕੀਤਾ ਜਾ ਸਕੇ।

ਦਿੱਲੀ ਸਥਿਤ ਥਿੰਕ ਟੈਂਕ, ਕੌਂਸਲ ਫਾਰ ਸੋਸ਼ਲ ਡਿਵੈਲਪਮੈਂਟ ਦੇ ਵਪਾਰ ਮਾਹਰ ਵਿਸ਼ਵਜੀਤ ਧਰ ਕਹਿੰਦੇ ਹਨ, "ਇਸ ਵਾਰ ਉਹ ਸਿਰਫ ਬੇਰੀਆਂ ਅਤੇ ਸਮਾਨ ਦੀ ਬਰਾਮਦ ਨਹੀਂ ਕਰਨਾ ਚਾਹੁੰਦੇ। ਖੇਡ ਬਹੁਤ ਵੱਡੀ ਹੈ।" ਮਾਹਿਰਾਂ ਦਾ ਤਰਕ ਹੈ ਕਿ ਭਾਰਤ ਉੱਤੇ ਖੇਤੀ ਟੈਰਿਫ ਘਟਾਉਣ, ਸਮਰਥਨ ਮੁੱਲ ਘਟਾਉਣ ਅਤੇ ਜੈਨੇਟਿਕ ਤੌਰ 'ਤੇ ਸੋਧੀਆਂ (ਜੀਐਮ) ਫ਼ਸਲਾਂ ਅਤੇ ਡੇਅਰੀ ਲਈ ਖੁੱਲ੍ਹਣ ਲਈ ਦਬਾਅ ਪਾਉਣਾ, ਵਿਸ਼ਵ ਖੇਤੀਬਾੜੀ ਵਿੱਚ ਬੁਨਿਆਦੀ ਅਸਮਾਨਤਾ ਨੂੰ ਨਜ਼ਰਅੰਦਾਜ਼ ਕਰਦਾ ਹੈ। ਉਦਾਹਰਣ ਵਜੋਂ, ਅਮਰੀਕਾ ਆਪਣੀ ਖੇਤੀਬਾੜੀ ਨੂੰ ਭਾਰੀ ਸਬਸਿਡੀ ਦਿੰਦਾ ਹੈ ਅਤੇ ਫਸਲ ਬੀਮੇ ਰਾਹੀਂ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ। ਜੀਟੀਆਰਆਈ ਦੇ ਅਜੈ ਸ਼੍ਰੀਵਾਸਤਵ ਕਹਿੰਦੇ ਹਨ, "ਕੁਝ ਮਾਮਲਿਆਂ ਵਿੱਚ ਅਮਰੀਕੀ ਸਬਸਿਡੀਆਂ ਉਤਪਾਦਨ ਲਾਗਤਾਂ ਦੇ 100 ਫੀਸਦੀ ਤੋਂ ਵੀ ਵੱਧ ਹਨ, ਜਿਸ ਨਾਲ ਇੱਕ ਅਸਮਾਨਤਾ ਵਾਲੀ ਸਥਿਤੀ ਪੈਂਦੀ ਹੁੰਦੀ ਹੈ ਜੋ ਭਾਰਤ ਦੇ ਛੋਟੇ ਕਿਸਾਨਾਂ ਨੂੰ ਤਬਾਹ ਕਰ ਸਕਦਾ ਹੈ।"

### ਭਾਰਤ ਤੇ ਅਮਰੀਕਾ ਦੀ ਖੇਤੀ 'ਚ ਫਰਕ

ਖੇਤੀਬਾੜੀ ਭਾਰਤ ਦੀ ਰੀੜ੍ਹ ਦੀ ਹੱਡੀ ਹੈ, ਜੋ 700 ਮਿਲੀਅਨ ਤੋਂ ਵੱਧ ਲੋਕਾਂ, ਜੋ ਕਿ ਦੇਸ ਦੀ ਲਗਭਗ ਅੱਧੀ ਆਬਾਦੀ ਨੂੰ ਰੋਜ਼ੀ-ਰੋਟੀ ਦਿੰਦੀ ਹੈ। ਇੰਡੀਅਨ ਇੰਸਟੀਚਿਊਟ ਆਫ਼ ਫਾਰੇਨ ਟ੍ਰੇਡ ਵਿਖੇ ਸੈਂਟਰ ਫਾਰ ਡਬਲਯੂਟੀਓ ਸਟੱਡੀਜ਼ ਦੇ ਸਾਬਕਾ ਮੁਖੀ ਅਭਿਜੀਤ ਦਾਸ ਕਹਿੰਦੇ ਹਨ, "ਯਾਦ ਰੱਖਣ ਵਾਲੀ ਮੁੱਖ ਗੱਲ ਇਹ ਹੈ ਕਿ ਦੋਵਾਂ ਦੇਸਾਂ ਵਿੱਚ ਖੇਤੀਬਾੜੀ ਪੂਰੀ ਤਰ੍ਹਾਂ ਵੱਖਰੀ ਹੈ।" "ਅਮਰੀਕਾ ਕੋਲ ਵਪਾਰਕ ਖੇਤੀਬਾੜੀ ਹੈ, ਜਦਕਿ ਭਾਰਤ ਤੀਬਰ, ਜੀਵਨ-ਬਸਰ ਵਾਲੀ ਖੇਤੀ 'ਤੇ ਨਿਰਭਰ ਕਰਦਾ ਹੈ। ਇਹ ਲੱਖਾਂ ਭਾਰਤੀਆਂ ਦੀ ਰੋਜ਼ੀ-ਰੋਟੀ ਦਾ ਬਨਾਮ ਅਮਰੀਕੀ ਖੇਤੀਬਾੜੀ ਕਾਰੋਬਾਰ ਦੇ ਹਿੱਤ ਦਾ ਸਵਾਲ ਹੈ।" ਪਰ ਭਾਰਤ ਦੀਆਂ ਖੇਤੀਬਾੜੀ ਚੁਣੌਤੀਆਂ ਸਿਰਫ਼ ਬਾਹਰੀ ਨਹੀਂ ਹਨ। ਧਰ ਕਹਿੰਦੇ ਹਨ ਕਿ ਇਸ ਖੇਤਰ ਦੇ ਜ਼ਿਆਦਾਤਰ ਸੰਘਰਸ਼ "ਇਸ ਦੇ ਆਪਣੇ ਆਪ ਕਰਕੇ" ਹਨ। ਖੇਤੀਬਾੜੀ ਨੂੰ ਲੰਬੇ ਸਮੇਂ ਤੋਂ ਫੰਡਾਂ ਦੀ ਘਾਟ ਰਹੀ ਹੈ ਅਤੇ ਇਸ ਨੂੰ ਭਾਰਤ ਦੇ ਕੁੱਲ ਨਿਵੇਸ਼ ਦੇ 6 ਫੀਸਦੀ ਤੋਂ ਵੀ ਘੱਟ ਫੰਡ ਪ੍ਰਾਪਤ ਹੋ ਰਹੇ ਹਨ। ਬੁਨਿਆਦੀ ਢਾਂਚੇ, ਮਸ਼ੀਨਰੀ ਅਤੇ ਵਿਕਾਸ ਲਈ ਫ਼ੰਡ ਬਹੁਤ ਜ਼ਰੂਰੀ ਹਨ। ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਲਈ, ਸਰਕਾਰ ਕਣਕ, ਚੌਲ ਅਤੇ ਡੇਅਰੀ ਵਰਗੀਆਂ ਮੁੱਖ ਫ਼ਸਲਾਂ ਨੂੰ ਦਰਾਮਦ ਡਿਊਟੀਆਂ ਲਗਾਉਂਦੀ ਹੈ ਅਤੇ ਸਮਰਥਨ ਮੁੱਲ ਦਿੰਦੀ ਹੈ। ਉਹ ਕਹਿੰਦੇ ਹਨ, "ਪਰ ਇਸ ਨਾਲ ਵੀ ਵਿਸ਼ਵਾਸ ਨਹੀਂ ਬਣਦਾ।"

ਚਾਰ ਸਾਲ ਪਹਿਲਾਂ, ਹਜ਼ਾਰਾਂ ਕਿਸਾਨਾਂ ਨੇ ਮੁੱਖ ਤੌਰ 'ਤੇ ਕਣਕ ਅਤੇ ਚੌਲਾਂ ਲਈ ਬਿਹਤਰ ਕੀਮਤਾਂ ਅਤੇ ਘੱਟੋ-ਘੱਟ ਸਰਕਾਰੀ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਕੀਤੇ ਸਨ। ਧਰ ਕਹਿੰਦੇ ਹਨ, "ਵਾਧੂ ਅਨਾਜ ਵੇਚਣ ਵਾਲੇ ਮੁਕਾਬਲਤਨ ਅਮੀਰ ਕਿਸਾਨ ਵੀ ਛੇਤੀ ਕੋਈ ਬਦਲਾਅ ਨਹੀਂ ਦੇਖਦੇ। ਅਤੇ ਜੇਕਰ ਉਹ ਅਜਿਹਾ ਮਹਿਸੂਸ ਕਰਦੇ ਹਨ, ਤਾਂ ਤੁਸੀਂ ਗੁਜ਼ਾਰਾ ਕਰਨ ਵਾਲੇ ਕਿਸਾਨਾਂ ਦੀ ਦੁਰਦਸ਼ਾ ਦੀ ਕਲਪਨਾ ਕਰੋ।" ਘਰੇਲੂ ਅਸੰਤੋਸ਼ ਤੋਂ ਪਰੇ, ਵਪਾਰ ਸਬੰਧੀ ਹੁੰਦੀ ਗੱਲਬਾਤ ਇਸ ਖੇਤਰ ਦੀ ਜਟਿਲਤਾ ਦੀ ਇੱਕ ਹੋਰ ਪਰਤ ਜੋੜਦੀ ਹੈ। ਦਾਸ ਕਹਿੰਦੇ ਹਨ ਕਿ ਭਾਰਤ ਲਈ ਅਸਲ ਚੁਣੌਤੀ ਇਹ ਹੋਵੇਗੀ ਕਿ "ਅਮਰੀਕਾ ਨਾਲ ਇੱਕ ਸਮਝੌਤਾ ਕਿਵੇਂ ਕੀਤਾ ਜਾਵੇ ਜੋ ਖੇਤੀਬਾੜੀ ਵਿੱਚ ਅਮਰੀਕਾ ਦੇ ਬਰਾਮਦ ਵਾਲੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਖੇਤੀਬਾੜੀ ਖੇਤਰ ਵਿੱਚ ਭਾਰਤ ਦੇ ਹਿੱਤਾਂ ਨੂੰ ਵੀ ਸੰਤੁਲਿਤ ਕਰੇ"।

### ਤਾਂ ਅੱਗੇ ਦਾ ਰਸਤਾ ਕੀ ਹੈ?

ਸ਼੍ਰੀਵਾਸਤਵ ਕਹਿੰਦੇ ਹਨ, "ਭਾਰਤ ਨੂੰ ਆਪਣੇ ਖੇਤੀਬਾੜੀ ਖੇਤਰ ਨੂੰ ਖੋਲ੍ਹਣ ਲਈ ਅਮਰੀਕੀ ਦਬਾਅ ਅੱਗੇ ਨਹੀਂ ਝੁਕਣਾ ਚਾਹੀਦਾ। ਉਹ ਚੇਤਾਵਨੀ ਦਿੰਦੇ ਹਨ ਕਿ ਅਜਿਹਾ ਕਰਨ ਨਾਲ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਵਿੱਚ ਵਿਘਨ ਪਵੇਗਾ, ਭੋਜਨ ਸੁਰੱਖਿਆ ਨੂੰ ਖ਼ਤਰਾ ਹੋਵੇਗਾ ਅਤੇ ਸਥਾਨਕ ਬਾਜ਼ਾਰਾਂ ਵਿੱਚ ਸਸਤੀ ਦਰਾਮਦ ਹੋਵੇਗੀ।" ਉਹ ਕਹਿੰਦੇ ਹਨ, "ਭਾਰਤ ਨੂੰ ਆਪਣੇ ਰਾਸ਼ਟਰੀ ਹਿੱਤਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਆਪਣੀ ਪੇਂਡੂ ਅਰਥਵਿਵਸਥਾ ਦੀ ਰੱਖਿਆ ਕਰਨੀ ਚਾਹੀਦੀ ਹੈ। ਵਪਾਰਕ ਸਹਿਯੋਗ ਸਾਡੇ ਕਿਸਾਨਾਂ, ਖੁਰਾਕ ਸਬੰਧੀ ਪ੍ਰਭੂਸੱਤਾ ਜਾਂ ਨੀਤੀਗਤ ਖੁਦਮੁਖਤਿਆਰੀ ਦੀ ਕੀਮਤ 'ਤੇ ਨਹੀਂ ਆਉਣਾ ਚਾਹੀਦਾ।" ਮਾਹਰ ਕਹਿੰਦੇ ਹਨ ਕਿ ਲੰਬੇ ਸਮੇਂ ਲਈ, ਭਾਰਤ ਨੂੰ ਆਪਣੀ ਖੇਤੀਬਾੜੀ ਨੂੰ ਆਧੁਨਿਕ ਬਣਾਉਣਾ ਚਾਹੀਦਾ ਹੈ, ਵਧੇਰੇ ਲਾਹੇਵੰਦ ਬਣਾਉਣਾ ਚਾਹੀਦਾ ਹੈ, ਅਤੇ ਬਰਾਮਦਗੀ ਨੂੰ ਵਧਾਉਣ ਲਈ ਵਧੇਰੇ ਪ੍ਰਤੀਯੋਗੀ ਬਣਨਾ ਚਾਹੀਦਾ ਹੈ।

ਖੇਤੀਬਾੜੀ-ਕਾਰੋਬਾਰ ਓਲਮ ਦੇ ਯੂਨੂਪੋਮ ਕੌਸਿਕ ਦਾ ਅਨੁਮਾਨ ਹੈ ਕਿ ਉੱਚ ਵਿਸ਼ਵ ਉਪਜ ਦੇ ਨਾਲ, ਭਾਰਤ 200 ਮਿਲੀਅਨ ਮੀਟ੍ਰਿਕ ਟਨ ਝੋਨੇ ਦਾ ਵਾਧੂ ਉਤਪਾਦਨ ਕਰ ਸਕਦਾ ਹੈ - ਜੋ ਕਿ ਵਿਸ਼ਵ ਵਪਾਰ ਦੀ ਸਪਲਾਈ ਕਰਨ ਅਤੇ ਭੁੱਖਮਰੀ ਨਾਲ ਲੜਨ ਲਈ ਕਾਫ਼ੀ ਹੈ।

ਧਰ ਕਹਿੰਦੇ ਹਨ, "ਇੱਕ ਤਰ੍ਹਾਂ ਨਾਲ, ਟਰੰਪ ਸਾਨੂੰ ਸ਼ੀਸ਼ਾ ਦਿਖਾ ਰਹੇ ਹਨ। ਅਸੀਂ ਖੇਤੀਬਾੜੀ ਦੀ ਉਤਪਾਦਕ ਸਮਰੱਥਾ ਵਿੱਚ ਨਿਵੇਸ਼ ਦੇ ਮਾਮਲੇ ਵਿੱਚ ਬਹੁਤ ਘੱਟ ਕੰਮ ਕੀਤਾ ਹੈ। ਫਿਲਹਾਲ ਲਈ, ਸਮਾਂ ਖਰੀਦਣਾ ਸਭ ਤੋਂ ਵਧੀਆ ਰਣਨੀਤੀ ਹੈ - ਸ਼ਾਇਦ ਅਮਰੀਕਾ ਨੂੰ ਉਦਯੋਗਿਕ ਵਸਤੂਆਂ ਦੇ ਸਸਤੇ ਦਰਾਮਦ ਦੀ ਪੇਸ਼ਕਸ਼ ਕਰਨਾ।" ਪਰ ਉਹ ਕਹਿੰਦੇ ਹਨ ਕਿ ਸਭ ਤੋਂ ਵਧੀਆ ਨਤੀਜੇ ਲਈ ਭਾਰਤ ਨੂੰ "ਮੁਸ਼ਕਿਲ ਦਾਅ ਖੇਡਣਾ" ਪਵੇਗਾ। ਕੁੱਲ ਮਿਲਾ ਕੇ, ਅਮਰੀਕਾ ਨੂੰ ਦੱਸੋ - ਅਸੀਂ ਹੋਰ ਮੋਰਚਿਆਂ 'ਤੇ ਗੱਲਬਾਤ ਲਈ ਤਿਆਰ ਹਾਂ, ਪਰ ਸਾਡੀ ਖੇਤੀਬਾੜੀ ਨੂੰ ਅਸਥਿਰ ਨਾ ਕਰੋ"।

ਸਪੱਸ਼ਟ ਤੌਰ 'ਤੇ, ਮਜ਼ਬੂਤ ਸਥਿਤੀ ਤੋਂ ਗੱਲਬਾਤ ਕਰਨਾ ਭਾਰਤ ਲਈ ਚੁਣੌਤੀ ਹੈ - ਕਿ ਕਿਵੇਂ ਆਪਣੀ ਪੇਂਡੂ ਰੀੜ੍ਹ ਦੀ ਹੱਡੀ (ਖੇਤੀ) ਦੀ ਰੱਖਿਆ ਕਰਦੇ ਹੋਏ, ਵਾਸ਼ਿੰਗਟਨ ਨੂੰ ਗੱਲਬਾਤ ਵਾਲੀ ਮੇਜ਼ 'ਤੇ ਬਣਾਏ ਰੱਖਣ ਲਈ ਚੰਗੀ ਪੇਸ਼ਕਸ਼ ਕੀਤੀ ਜਾਵੇ। ਆਖ਼ਰਕਾਰ, ਖੇਤੀਬਾੜੀ ਵਾਂਗ ਵਿਸ਼ਵ ਵਪਾਰ ਵਿੱਚ ਵੀ ਸਮਾਂ ਅਤੇ ਸਬਰ ਅਕਸਰ ਸਭ ਤੋਂ ਵਧੀਆ ਫ਼ਸਲ ਦਿੰਦੇ ਹਨ। ਹਾਲਾਂਕਿ, ਫੈਸਲਾ ਇਸ ਗੱਲ 'ਤੇ ਵੀ ਨਿਰਭਰ ਹੈ ਕਿ ਕੀ ਟਰੰਪ ਇੰਤਜ਼ਾਰ ਕਰਨ ਲਈ ਤਿਆਰ ਹਨ।

# ਬੱਚੀ ਨਾਲ ਦਰਿੰਦਗੀ ਕਰਨ ਵਾਲੇ ਨੂੰ ਮਿਸਾਲੀ ਸਜ਼ਾ-ਏ-ਮੌਤ

ਜਗਜੀਵਨ ਮੀਤ

ਪੂਰਾ ਦੇਸ਼ ਲੰਬੇ ਸਮੇਂ ਤੋਂ ਜਬਰ-ਜਨਾਹ ਦੀਆਂ ਕਲੰਕਿਤ ਕਰਨ ਵਾਲ਼ੀਆਂ ਘਟਨਾਵਾਂ ਦਾ ਗਵਾਹ ਬਣਿਆ ਹੈ। ਜਬਰ-ਜਨਾਹ ਤੋਂ ਬਾਅਦ ਛੋਟੀਆਂ ਬੱਚੀਆਂ ਦੇ ਕਤਲ ਦੇ ਮਾਮਲੇ ਵੀ ਲਗਾਤਾਰ ਸਾਹਮਣੇ ਆ ਰਹੇ ਹਨ ਜਿਸ ਨਾਲ ਸਮਾਜ 'ਚ ਔਰਤਾਂ, ਲੜਕੀਆਂ ਤੇ ਨਾਬਾਲਗ ਬੱਚੀਆਂ ਦੀ ਸੁਰੱਖਿਆ ਸਵਾਲਾਂ ਦੇ ਘੇਰੇ 'ਚ ਆਉਂਦੀ ਰਹੀ ਹੈ। ਪਿਛਲੇ ਸਾਲ ਲੁਧਿਆਣਾ 'ਚ ਚਾਰ ਸਾਲ ਦੀ ਮਾਸੂਮ ਬੱਚੀ ਨਾਲ ਜਬਰ-ਜਨਾਹ ਤੇ ਉਸ ਦੇ ਕਤਲ ਦੇ ਮਾਮਲੇ 'ਚ ਫਾਸਟਟਰੈਕ ਕੋਰਟ ਨੇ ਮਿਸਾਲੀ ਫ਼ੈਸਲਾ ਸੁਣਾਇਆ ਹੈ।

**ਅਦਾਲਤ ਨੇ ਬੱਚੀ ਨਾਲ ਹੈਵਾਨੀਅਤ ਕਰਨ ਵਾਲ਼ੇ ਉੱਤਰ ਪ੍ਰਦੇਸ਼ ਦੇ ਫਤਹਿਪੁਰ ਇਲਾਕੇ ਦੇ ਰਹਿਣ ਵਾਲੇ ਦੋਸ਼ੀ ਸੋਨੂੰ ਨੂੰ ਮੌਤ ਦੀ ਸਜ਼ਾ ਸੁਣਾਉਂਦਿਆਂ ਫਾਂਸੀ 'ਤੇ ਲਟਕਾਉਣ ਦੇ ਹੁਕਮ ਦਿੱਤੇ ਹਨ। ਹੈਵਾਨੀਅਤ ਪਿੱਛੋਂ ਦੋਸ਼ੀ ਬੱਚੀ ਦੀ ਲਾਸ਼ ਨੂੰ ਬੈੱਡ 'ਚ ਬੰਦ ਕਰ ਕੇ ਫਰਾਰ ਹੋ ਗਿਆ ਸੀ। ਇਕ ਮਾਰਚ 2025 ਨੂੰ ਜਲੰਧਰ 'ਚ ਵੀ 22 ਸਾਲ ਦੇ ਨੌਜਵਾਨ ਵੱਲੋਂ 14 ਸਾਲਾ ਲੜਕੀ ਨਾ਼ਲ ਜਬਰ-ਜਨਾਹ ਦਾ ਮਾਮਲਾ ਸਾਹਮਣੇ ਆਇਆ ਸੀ। ਉਸ ਦੇ ਗਰਭਵਤੀ ਹੋਣ ਤੋਂ ਬਾਅਦ ਇਸ ਮਾਮਲੇ ਦਾ ਖ਼ੁਲਾਸਾ ਹੋਇਆ ਤੇ ਪੁਲਿਸ ਨੇ ਪੋਕਸੋ ਐਕਟ ਦੀ ਧਾਰਾ 4/6 ਤਹਿਤ ਮਾਮਲਾ ਦਰਜ ਕੀਤਾ। ਸੰਨ 2018 'ਚ ਉਸ ਵੇਲੇ ਦੀ ਕੈਪਟਨ ਸਰਕਾਰ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਿੱਲ ਨੂੰ ਸੂਬੇ 'ਚ ਲਾਗੂ ਕਰਨ ਦੀ ਮਨਜ਼ੂਰੀ ਦਿੱਤੀ ਸੀ।**



ਅਦਾਲਤ ਨੇ ਬੱਚੀ ਨਾਲ ਹੈਵਾਨੀਅਤ ਕਰਨ ਵਾਲ਼ੇ ਉੱਤਰ ਪ੍ਰਦੇਸ਼ ਦੇ ਫਤਹਿਪੁਰ ਇਲਾਕੇ ਦੇ ਰਹਿਣ ਵਾਲੇ ਦੋਸ਼ੀ ਸੋਨੂੰ ਨੂੰ ਮੌਤ ਦੀ ਸਜ਼ਾ ਸੁਣਾਉਂਦਿਆਂ ਫਾਂਸੀ 'ਤੇ ਲਟਕਾਉਣ ਦੇ ਹੁਕਮ ਦਿੱਤੇ ਹਨ। ਹੈਵਾਨੀਅਤ ਪਿੱਛੋਂ ਦੋਸ਼ੀ ਬੱਚੀ ਦੀ ਲਾਸ਼ ਨੂੰ ਬੈੱਡ 'ਚ ਬੰਦ ਕਰ ਕੇ ਫਰਾਰ ਹੋ ਗਿਆ ਸੀ। ਇਕ ਮਾਰਚ 2025 ਨੂੰ ਜਲੰਧਰ 'ਚ ਵੀ 22 ਸਾਲ ਦੇ ਨੌਜਵਾਨ ਵੱਲੋਂ 14 ਸਾਲਾ ਲੜਕੀ ਨਾ਼ਲ ਜਬਰ-ਜਨਾਹ ਦਾ ਮਾਮਲਾ ਸਾਹਮਣੇ ਆਇਆ ਸੀ। ਉਸ ਦੇ ਗਰਭਵਤੀ ਹੋਣ ਤੋਂ ਬਾਅਦ ਇਸ ਮਾਮਲੇ ਦਾ ਖ਼ੁਲਾਸਾ ਹੋਇਆ ਤੇ ਪੁਲਿਸ ਨੇ ਪੋਕਸੋ ਐਕਟ ਦੀ ਧਾਰਾ 4/6 ਤਹਿਤ ਮਾਮਲਾ ਦਰਜ ਕੀਤਾ। ਸੰਨ 2018 'ਚ ਉਸ ਵੇਲੇ ਦੀ ਕੈਪਟਨ ਸਰਕਾਰ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਿੱਲ ਨੂੰ ਸੂਬੇ 'ਚ ਲਾਗੂ ਕਰਨ ਦੀ ਮਨਜ਼ੂਰੀ ਦਿੱਤੀ ਸੀ।

ਇਸ ਮੁਤਾਬਕ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਨਾਲ ਜਬਰ-ਜਨਾਹ ਦੇ ਮਾਮਲਿਆਂ 'ਚ ਮੌਤ ਦੀ ਸਜ਼ਾ ਤੇ ਆਈਪੀਸੀ 'ਚ ਸੋਧ ਕਰ ਕੇ ਸਜ਼ਾ 7 ਸਾਲ ਤੋਂ ਵਧਾ ਕੇ 10 ਸਾਲ ਕੀਤੀ ਸੀ। ਇਸ ਤੋਂ ਇਲਾਵਾ 16 ਸਾਲ ਤੋਂ ਘੱਟ ਉਮਰ ਦੀ ਬੱਚੀ ਨਾਲ ਜਬਰ-ਜਨਾਹ ਦੇ ਮਾਮਲੇ 'ਚ ਕੈਦ ਦੀ ਸਜ਼ਾ 20 ਸਾਲ ਸੀ ਤੇ ਉਸ ਨੂੰ ਵੀ ਵਧਾ ਕੇ ਤਾ-ਉਮਰ ਕੈਦ ਕੀਤਾ ਗਿਆ ਸੀ। ਮੱਧ ਪ੍ਰਦੇਸ਼ ਤੋਂ ਬਾਅਦ ਰਾਜਸਥਾਨ ਸਰਕਾਰ ਨੇ 12 ਸਾਲ ਜਾਂ ਇਸ ਤੋਂ ਘੱਟ ਉਮਰ ਦੀ ਕਿਸੇ ਵੀ ਬੱਚੀ ਨਾਲ ਜਬਰ-ਜਨਾਹ ਹੋਣ ਦੀ ਸੂਰਤ 'ਚ ਦੋਸ਼ੀ ਜਾਂ ਦੋਸ਼ੀਆਂ ਨੂੰ ਫ਼ਾਂਸੀ 'ਤੇ ਲਟਕਾਉਣ ਦੀ ਸਜ਼ਾ ਦੀ ਹਮਾਇਤ ਵਾਲਾ ਬਿੱਲ ਸਦਨ 'ਚ ਪਾਸ ਕੀਤਾ ਸੀ।

ਐਨਸੀਆਰਬੀ ਦੀ ਰਿਪੋਰਟ ਦਿੱਲੀ ਬਾਰੇ ਇੱਥੋਂ ਤੱਕ ਕਹਿ ਚੁੱਕੀ ਹੈ ਕਿ ਇਹ ਔਰਤਾਂ ਲਈ ਕੋਈ ਵੀ ਥਾਂ ਸੁਰੱਖਿਅਤ ਨਹੀਂ ਹੈ। ਜਬਰ-ਜਨਾਹ ਦੇ ਇਨ੍ਹਾਂ ਮਾਮਲਿਆਂ ਨਾਲ ਨਜਿੱਠਣ ਲਈ ਜਿੱਥੇ ਨਾਗਰਿਕਾਂ ਖ਼ਾਸ ਤੌਰ 'ਤੇ ਬੱਚਿਆਂ ਤੇ ਨੌਜਵਾਨਾਂ ਨੂੰ ਨੈਤਿਕ ਪੱਧਰ 'ਤੇ ਸਿੱਖਿਅਤ ਕਰਨਾ ਜ਼ਰੂਰੀ ਹੈ, ਉੱਥੇ ਹੀ ਇਨ੍ਹਾਂ ਮਾਮਲਿਆਂ 'ਚ ਨਾ-ਬਖ਼ਸ਼ਣ ਯੋਗ ਸਜ਼ਾਵਾਂ ਦਾ ਫ਼ੌਰੀ ਪ੍ਰਬੰਧ ਕਰਨਾ ਵੀ ਅਤਿ ਲੋੜੀਂਦਾ ਹੈ। ਕਈ ਮੁਲਕਾਂ 'ਚ ਅਜਿਹੇ ਮਾਮਲਿਆਂ 'ਚ ਦੋਸ਼ੀ ਨੂੰ ਮੌਤ ਜਾਂ ਤਾਉਮਰ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਅਜਿਹੇ ਕੇਸਾਂ 'ਚ ਮਿਸਾਲ ਪੈਦਾ ਕਰਨ ਲਈ ਅਦਾਲਤਾਂ ਨੂੰ ਚਾਹੀਦਾ ਹੈ ਕਿ ਇਕ ਵਾਰ ਸਜ਼ਾ-ਏ-ਮੌਤ ਐਲਾਨਣ ਪਿੱਛੋਂ ਦੋਸ਼ੀ ਦੇ ਅਪੀਲ-ਦਲੀਲ ਦੇ ਕਾਨੂੰਨੀ ਰਾਹਤ ਲੈਣ ਵਾਲੇ ਸਾਰੇ ਰਾਹ ਬੰਦ ਕਰ ਦਿੱਤੇ ਜਾਣ ਤੇ ਉਸ ਨੂੰ ਬਿਨਾਂ ਦੇਰੀ ਫਾਂਸੀ 'ਤੇ ਲਟਕਾ ਦਿੱਤਾ ਜਾਵੇ।

# ਦਾਅ ’ਤੇ ਲੱਗੀ ਨਿਆਂਪਾਲਿਕਾ ਦੀ ਸਾਖ਼



ਸੰਜੇ ਗੁਪਤ

ਦਿੱਲੀ ਹਾਈ ਕੋਰਟ ਦੇ ਜੱਜ ਯਸ਼ਵੰਤ ਵਰਮਾ ਦੀ ਰਿਹਾਇਸ਼ ਵਿਖੇ ਅੱਗ ਲੱਗਣ ਦੌਰਾਨ ਮਿਲੇ ਅੱਧ-ਸੜੇ ਨੋਟਾਂ ਨੇ ਇਕ ਵਾਰ ਫਿਰ ਨਿਆਂਪਾਲਿਕਾ ਨੂੰ ਕਟਹਿਰੇ ਵਿਚ ਖੜ੍ਹੀ ਕਰਨ ਦਾ ਕੰਮ ਕੀਤਾ ਹੈ। ਇਸ ਮਾਮਲੇ ਨਾਲ ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਦਾ ਸਵਾਲ ਫਿਰ ਤੋਂ ਸਾਹਮਣੇ ਆ ਗਿਆ ਹੈ ਅਤੇ ਉਹ ਵਿਆਪਕ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰ ਉੱਚ ਨਿਆਂਪਾਲਿਕਾ ਦੇ ਜੱਜਾਂ ਦੇ ਭ੍ਰਿਸ਼ਟਾਚਾਰ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ ਪਰ ਵਿਡੰਬਣਾ ਇਹ ਹੈ ਕਿ ਕਿਸੇ ਵੀ ਮਾਮਲੇ ਦੀ ਸਹੀ ਤਰੀਕੇ ਨਾਲ ਜਾਂਚ ਨਹੀਂ ਹੋ ਸਕੀ ਅਤੇ ਨਾ ਹੀ ਮੁਲਜ਼ਮ ਜੱਜ ਨੂੰ ਮਹਾਦੋਸ਼ ਜ਼ਰੀਏ ਹਟਾਇਆ ਜਾ ਸਕਿਆ।

ਆਮ ਜਨਤਾ ਉੱਚ ਨਿਆਂਪਾਲਿਕਾ ਦੇ ਜੱਜਾਂ ਨੂੰ ਇਸ ਨਜ਼ਰ ਨਾਲ ਦੇਖਦੀ ਹੈ ਕਿ ਉਹ ਸੰਵਿਧਾਨ ਅਤੇ ਨਾਲ ਹੀ ਆਮ ਲੋਕਾਂ ਦੇ ਅਧਿਕਾਰਾਂ ਦੇ ਰਖਵਾਲੇ ਹਨ। ਜਦੋਂ ਵੀ ਜੱਜਾਂ ਦੇ ਭ੍ਰਿਸ਼ਟਾਚਾਰ ਦਾ ਮਾਮਲਾ ਸਾਹਮਣੇ ਆਉਂਦਾ ਹੈ ਉਦੋਂ ਹੀ ਆਮ ਜਨਤਾ ਦਾ ਨਿਆਂਪਾਲਿਕਾ ਤੋਂ ਭਰੋਸਾ ਟੁੱਟਦਾ ਹੈ।

ਸਮੇਂ ਦੇ ਨਾਲ ਇਹ ਧਾਰਨਾ ਆਮ ਹੁੰਦੀ ਜਾ ਰਹੀ ਹੈ ਕਿ ਨਿਆਂਪ-ਾਲਿਕਾ ਆਪਣਾ ਕੰਮ ਸਹੀ ਤਰੀਕੇ ਨਾਲ ਨਹੀਂ ਕਰ ਰਹੀ ਹੈ। ਅਦਾਲਤਾਂ ਨਾਲ ਜਿਨ੍ਹਾਂ ਲੋਕਾਂ ਦਾ ਵਾਸਤਾ ਪੈਂਦਾ ਹੈ, ਉਨ੍ਹਾਂ ’ਚ ਤਾਂ ਇਹ ਧਾਰਨਾ ਕਿਤੇ ਜ਼ਿਆਦਾ ਤਕੜੀ ਹੈ ਕਿਉਂਕਿ ਉਨ੍ਹਾਂ ਨੂੰ ਸਮੇਂ ਸਿਰ ਇਨਸਾਫ਼ ਨਹੀਂ ਮਿਲਦਾ।




ਹੇਠਲੀਆਂ ਅਦਾਲਤਾਂ ਦੀ ਬਦਹਾਲੀ ਤੋਂ ਤਾਂ ਆਮ ਲੋਕ ਕਿਤੇ ਜ਼ਿਆਦਾ ਜਾਣੂ ਹਨ ਜਿੱਥੇ ਤਰੀਕ ’ਤੇ ਤਰੀਕ ਦਾ ਸਿਲਸਿਲਾ ਕਾਇਮ ਰਹਿੰਦਾ ਹੈ ਅਤੇ ਬਕਾਇਆ ਮਾਮਲਿਆਂ ਦੀ ਗਿਣਤੀ ਕਰੋੜਾਂ ਵਿਚ ਹੈ। ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਦੇ ਹਾਲਾਤ ਵੀ ਉਨ੍ਹਾਂ ਲੋਕਾਂ ਤੋਂ ਛੁਪੇ ਹੋਏ ਨਹੀਂ ਹਨ ਜਿਨ੍ਹਾਂ ਦੇ ਮਾਮਲੇ ਉੱਥੇ ਚੱਲ ਰਹੇ ਹਨ। ਕਿਉਂਕਿ ਜਨਤਾ ਦਾ ਇਕ ਛੋਟਾ ਪ੍ਰਤੀਸ਼ਤ ਹੀ ਨਿਆਂ ਹਾਸਲ ਕਰਨ ਲਈ ਉਚੇਰੀ ਨਿਆਂਪਾਲਿਕਾ ਦੇ ਦਰਵਾਜ਼ੇ ’ਤੇ ਪੁੱਜਦਾ ਹੈ, ਲਿਹਾਜ਼ਾ ਬਾਕੀ ਜਨਤਾ ਇਹ ਮੰਨ ਕੇ ਚੱਲਦੀ ਹੈ ਕਿ ਨੇਤਾਵਾਂ ਅਤੇ ਨੌਕਰਸ਼ਾਹਾਂ ਦੇ ਮੁਕਾਬਲੇ ਉਚੇਰੀ ਨਿਆਂਪਾਲਿਕਾ ਦੇ ਜੱਜ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਕਿਤੇ ਜ਼ਿਆਦਾ ਤਤਪਰ ਹਨ ਪਰ ਹੁਣ ਅਜਿਹਾ ਕਹਿਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਜਸਟਿਸ ਵਰਮਾ ਦੇ ਮਾਮਲੇ ਤੋਂ ਬਾਅਦ ਅਜਿਹਾ ਕਹਿਣਾ ਹੋਰ ਵੀ ਔਖਾ ਹੋਵੇਗਾ।

ਸੁਪਰੀਮ ਕੋਰਟ ਨੇ ਜਸਟਿਸ ਵਰਮਾ ਦੇ ਮਾਮਲੇ ਦੀ ਜਾਂਚ ਲਈ ਤਿੰਨ ਜੱਜਾਂ ਦੀ ਇਕ ਕਮੇਟੀ ਗਠਿਤ ਕਰ ਦਿੱਤੀ ਹੈ। ਉਹ ਇਹ ਪਤਾ ਲਗਾ ਰਹੀ ਹੈ ਕਿ ਜਸਟਿਸ ਵਰਮਾ ਦੇ ਘਰ ਮਿਲੇ ਅੱਧਜਲੇ ਨੋਟ ਕਿਸ ਦੇ ਸਨ ਅਤੇ ਕਿੱਥੋਂ ਆਏ? ਇਸ ਦੀ ਜਾਂਚ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਜਸਟਿਸ ਵਰਮਾ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਅੱਧ-ਸੜੇ ਨੋਟ ਕੀਹਦੇ ਹਨ ਅਤੇ ਕਿੱਥੋਂ ਆਏ?

ਉਹ ਖ਼ੁਦ ਨੂੰ ਫਸਾਏ ਜਾਣ ਦੀ ਸਾਜ਼ਿਸ਼ ਵੱਲ ਇਸ਼ਾਰਾ ਕਰਦੇ ਹੋਏ ਇਹ ਵੀ ਕਹਿ ਰਹੇ ਹਨ ਕਿ ਉਨ੍ਹਾਂ ਦੀ ਰਿਹਾਇਸ਼ ਦੇ ਜਿਸ ਆਊਟਹਾਊਸ ਵਿਚ ਅੱਗ ਲੱਗੀ, ਉੱਥੇ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦਾ ਆਉਣਾ-ਜਾਣਾ ਨਹੀਂ ਸੀ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਆਊਟਹਾਊਸ ਵਿਚ ਅੱਗ ਲੱਗਣ ਦੌਰਾਨ ਨੋਟ ਸੜੇ, ਇਸ ਦੀ ਜਾਣਕਾਰੀ ਉਨ੍ਹਾਂ ਨੂੰ ਨਹੀਂ ਦਿੱਤੀ ਗਈ।

ਪਤਾ ਨਹੀਂ ਸੱਚ ਕੀ ਹੈ, ਪਰ ਇਸ ਮਾਮਲੇ ਦੀ ਜਾਂਚ ਰਪਟ ਛੇਤੀ ਸਾਹਮਣੇ ਆਉਣੀ ਚਾਹੀਦੀ ਹੈ, ਨਹੀਂ ਤਾਂ ਪਹਿਲਾਂ ਦੇ ਮਾਮਲਿਆਂ ਦੀ ਤਰ੍ਹਾਂ ਇਹ ਵੀ ਲੋਕਾਂ ਦੀਆਂ ਯਾਦਾਂ ਤੋਂ ਵਿਸਰ ਜਾਵੇਗਾ।

ਸੁਪਰੀਮ ਕੋਰਟ ਕੋਲੇਜੀਅਮ ਨੇ ਜਸਟਿਸ ਵਰਮਾ ਨੂੰ ਵਾਪਸ ਇਲਾਹਾਬਾਦ ਹਾਈ ਕੋਰਟ ਭੇਜ ਦਿੱਤਾ ਹੈ ਅਤੇ ਫ਼ਿਲਹਾਲ ਉਨ੍ਹਾਂ ਦੇ ਮਾਮਲੇ ਵਿਚ ਐੱਫਆਈਆਰ ਦਰਜ ਕਰਨ ਦੀ ਜ਼ਰੂਰਤ ਤੋਂ ਇਨਕਾਰ ਕਰ ਦਿੱਤਾ ਹੈ। ਕੋਲੇਜੀਅਮ ਵੱਲੋਂ ਜਸਟਿਸ ਵਰਮਾ ਨੂੰ ਇਲਾਹਾਬਾਦ ਹਾਈ ਕੋਰਟ ਭੇਜੇ ਜਾਣ ਦੇ ਫ਼ੈਸਲੇ ਨੂੰ ਲੈ ਕੇ ਕਈ ਸਵਾਲ ਉੱਠੇ ਹਨ। ਨੈਤਿਕਤਾ ਦਾ ਤਕਾਜ਼ਾ ਇਹ ਕਹਿੰਦਾ ਸੀ ਕਿ ਮਾਮਲੇ ਦੀ ਜਾਂਚ ਹੋਣ ਤੱਕ ਜਸਟਿਸ ਵਰਮਾ ਨੂੰ ਛੁੱਟੀ ’ਤੇ ਭੇਜਿਆ ਜਾਂਦਾ। ਇਸ ਦੀ ਥਾਂ ਉਨ੍ਹਾਂ ਨੂੰ ਵਾਪਸ ਉਨ੍ਹਾਂ ਦੇ ਮੂਲ ਹਾਈ ਕੋਰਟ ਭੇਜਿਆ ਗਿਆ।

ਹਾਲਾਂਕਿ ਉਨ੍ਹਾਂ ਨੂੰ ਕੋਈ ਨਿਆਂਇਕ ਕੰਮ ਨਹੀਂ ਦਿੱਤਾ ਜਾਵੇਗਾ ਪਰ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਕੋਲੇਜੀਅਮ ਦੇ ਫ਼ੈਸਲੇ ਤੋਂ ਇਲਾਹਾਬਾਦ ਹਾਈ ਕੋਰਟ ਬਾਰ ਐਸੋਸੀਏਸ਼ਨ ਸਮੇਤ ਹੋਰ ਹਾਈ ਕੋਰਟਾਂ ਦੀਆਂ ਬਾਰ ਐਸੋਸੀਏਸ਼ਨਾਂ ਸਹਿਮਤ ਨਹੀਂ ਹਨ। ਇਲਾਹਾਬਾਦ ਹਾਈ ਕੋਰਟ ਬਾਰ ਐਸੋਸੀਏਸ਼ਨ ਨੇ ਤਾਂ ਜਸਟਿਸ ਵਰਮਾ ਦੇ ਸਹੁੰ ਚੁੱਕ ਸਮਾਗਮ ਦਾ ਬਾਈਕਾਟ ਕਰਨ ਦਾ ਐਲਾਨ ਵੀ ਕਰ ਦਿੱਤਾ ਹੈ।

ਉਂਜ ਇਹ ਵੀ ਇਕ ਤੱਥ ਹੈ ਕਿ ਕਈ ਵਾਰ ਜੱਜ ਅਤੇ ਵਕੀਲ ਮਿਲ ਕੇ ਹੀ ਅਜਿਹੇ ਕੰਮ ਕਰਦੇ ਹਨ ਜਿਨ੍ਹਾਂ ਨਾਲ ਤਰੀਕ ’ਤੇ ਤਰੀਕ ਦਾ ਸਿਲਸਿਲਾ ਕਾਇਮ ਹੁੰਦਾ ਹੈ ਜਾਂ ਨਿਆਂ ਨਹੀਂ ਮਿਲਦਾ। ਜਸਟਿਸ ਵਰਮਾ ਦੀ ਰਿਹਾਇਸ਼ ਵਿਖੇ ਅੱਧ-ਸੜੇ ਨੋਟ ਮਿਲਣ ਦੇ ਮਾਮਲੇ ਵਿਚ ਇਸ ’ਤੇ ਹੈਰਾਨੀ ਹੁੰਦੀ ਹੈ ਕਿ ਆਖ਼ਰ ਪੁਲਿਸ ਨੇ ਇਸ ਗੰਭੀਰ ਮਾਮਲੇ ਦੀ ਜਾਂਚ ਤਤਕਾਲ ਕਿਉਂ ਨਹੀਂ ਸ਼ੁਰੂ ਕੀਤੀ? ਇਸ ਦੇ ਨਾਲ ਹੀ ਸੀਬੀ-ਆਈ, ਈਡੀ ਵਰਗੀਆਂ ਏਜੰਸੀਆਂ ਕਿਉਂ ਨਹੀਂ ਸਰਗਰਮ ਹੋਈਆਂ? ਕੀ ਕਾਰਨ ਰਿਹਾ ਕਿ ਨੋਟ ਸੜਨ ਦੀ ਘਟਨਾ ਦੀ ਵੀ ਐੱਫਆਈਆਰ ਦਰਜ ਨਹੀਂ ਕੀਤੀ ਗਈ? ਇਹ ਸਵਾਲ ਉੱਠਣਾ ਸੁਭਾਵਕ ਹੈ ਕਿ ਜੇ ਅਜਿਹੇ ਹੀ ਅੱਧ-ਸੜੇ ਨੋਟ ਕਿਸੇ ਕਾਰੋਬਾਰੀ, ਨੌਕਰਸ਼ਾਹ ਜਾਂ ਹੋਰ ਕਿਸੇ ਦੇ ਘਰੋਂ ਮਿਲਦੇ ਤਾਂ ਕੀ ਉਹੋ ਜਿਹਾ ਹੀ ਹੁੰਦਾ ਜਿਹੋ ਜਿਹਾ ਜਸਟਿਸ ਵਰਮਾ ਨੂੰ ਲੈ ਕੇ ਹੋਇਆ? ਕੀ ਉਦੋਂ ਵੀ ਪੁਲਿਸ ਤੇ ਨਿਆਂਪਾਲਿਕਾ ਇਸੇ ਤਰ੍ਹਾਂ ਦਾ ਵਿਵਹਾਰ ਕਰਦੀਆਂ? ਨਿਆਂਪਾਲਿਕਾ ਦੀ ਹਾਲਤ ਕਿਸੇ ਤੋਂ ਲੁਕੀ ਨਹੀਂ ਹੈ। ਸਾਰੇ ਇਹ ਸਵੀਕਾਰ ਕਰਦੇ ਹਨ ਕਿ ਲੋਕਾਂ ਨੂੰ ਇਨਸਾਫ਼ ਵੇਲੇ ਸਿਰ ਨਹੀਂ ਮਿਲ ਰਿਹਾ ਹੈ ਪਰ ਅਜਿਹੀ ਵਿਵਸਥਾ ਨਹੀਂ ਕੀਤੀ ਜਾ ਰਹੀ ਹੈ ਕਿ ਜਿਸ ਨਾਲ ਨਿਆਂ ਮਿਲਣਾ ਆਸਾਨ ਹੋ ਸਕੇ।

ਇਸ ਦਾ ਇਕ ਕਾਰਨ ਇਹ ਹੈ ਕਿ ਸਰਕਾਰ ਯਾਨੀ ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵਿਚਾਲੇ ਇਸ ’ਤੇ ਤਾਲਮੇਲ ਨਹੀਂ ਬਣ ਪਾ ਰਿਹਾ ਹੈ ਕਿ ਲੋਕਾਂ ਨੂੰ ਸਮੇਂ ਸਿਰ ਨਿਆਂ ਮਿਲਣਾ ਕਿਵੇਂ ਯਕੀਨੀ ਬਣਾਇਆ ਜਾਵੇ? ਜੇ ਸਰਕਾਰ ਕੁਝ ਕਰਦੀ ਹੈ ਤਾਂ ਉਸ ਨੂੰ ਨਿਆਂਪਾਲਿਕਾ ਦੀ ਆਜ਼ਾਦੀ ਵਿਚ ਦਖ਼ਲ ਮੰਨ ਲਿਆ ਜਾਂਦਾ ਹੈ ਅਤੇ ਨਿਆਂ ਵਿਚ ਦੇਰੀ ਦਾ ਠੀਕਰਾ ਵੀ ਉਸ ਦੇ ਸਿਰ ’ਤੇ ਭੰਨ ਦਿੱਤਾ ਜਾਂਦਾ ਹੈ। ਇਕ ਤ੍ਰਾਸਦੀ ਇਹ ਹੈ ਕਿ ਸੁਪਰੀਮ ਕੋਰਟ ਜੱਜਾਂ ਦੀ ਨਿਯੁਕਤੀ ਵਾਲੀ ਕੋਲੇਜੀਅਮ ਵਿਵਸਥਾ ਵਿਚ ਖ਼ਾਮੀਆਂ ਨੂੰ ਤਾਂ ਮੰਨਦੀ ਹੈ ਪਰ ਉਸ ਨੂੰ ਬਦਲਣ ਲਈ ਤਿਆਰ ਨਹੀਂ। ਉਸ ਨੇ ਕੋਲੇਜੀਅਮ ਵਿਵਸਥਾ ਦੀ ਜਗ੍ਹਾ ਲਿਆਂਦੀ ਗਈ ਬਦਲਵੀਂ ਵਿਵਸਥਾ ਨੂੰ ਗ਼ੈਰ-ਸੰਵਿਧਾਨਕ ਦੱਸ ਕੇ ਖ਼ਾਰਜ ਕਰ ਦਿੱਤਾ ਸੀ।

ਨਿਆਂ ਵਿਚ ਦੇਰੀ ਲਈ ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵੱਲੋਂ ਇਕ-ਦੂਜੇ ’ਤੇ ਠੀਕਰਾ ਭੰਨਣ ਨਾਲ ਕਿਸੇ ਸਮੱਸਿਆ ਦਾ ਹੱਲ ਨਹੀਂ ਹੋ ਰਿਹਾ ਹੈ, ਉਲਟਾ ਆਮ ਜਨਤਾ ਨੂੰ ਨੁਕਸਾਨ ਹੋ ਰਿਹਾ ਹੈ। ਕੋਈ ਵੀ ਇਸ ਹਕੀਕਤ ਤੋਂ ਮੂੰਹ ਨਹੀਂ ਫੇਰ ਸਕਦਾ ਕਿ ਲੋਕਾਂ ਨੂੰ ਸਾਲਾਂਬੱਧੀ ਇਨਸਾਫ਼ ਨਹੀਂ ਮਿਲਦਾ। ਕਈ ਵਿਚਾਰੇ ਤਾਂ ਕਚਹਿਰੀਆਂ ਦੇ ਧੱਕੇ ਖਾ-ਖਾ ਕੇ ਜਹਾਨੋਂ ਵੀ ਰੁਖ਼ਸਤ ਹੋ ਜਾਂਦੇ ਹਨ ਪਰ ਨਿਆਂ ਨਹੀਂ ਮਿਲਦਾ।

ਹਕੀਕਤ ਇਹ ਵੀ ਹੈ ਕਿ ਅੱਜ ਨਿਆਂ ਲਈ ਲੜਨਾ ਬਹੁਤ ਮਹਿੰਗਾ ਹੋ ਚੁੱਕਾ ਹੈ। ਜ਼ਿਆਦਾਤਰ ਲੋਕ ਤਾਂ ਮੋਟੀਆਂ ਫੀਸਾਂ ਦੇ ਕੇ ਵਕੀਲ ਕਰਨੋਂ ਵੀ ਅਸਮਰੱਥ ਹਨ। ਮਹਿੰਗੇ ਤੇ ਦੇਰੀ ਨਾਲ ਮਿਲਦੇ ਨਿਆਂ ਨੇ ਆਮ ਲੋਕਾਂ ਨੂੰ ਇਨਸਾਫ਼ ਦੇ ਮੰਦਰਾਂ ਤੋਂ ਦੂਰ ਕਰਨ ਦਾ ਹੀ ਕੰਮ ਕੀਤਾ ਹੈ। ਇਹ ਸਿਲਸਿਲਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਪਰ ਨਾ ਤਾਂ ਨਿਆਂਪਾਲਿਕਾ ਅਤੇ ਨਾ ਹੀ ਸਰਕਾਰਾਂ ਨੇ ਇਨ੍ਹਾਂ ਦੇ ਹੱਲ ਲਈ ਕੋਈ ਸੰਜੀਦਾ ਤਰੱਦਦ ਕੀਤਾ ਹੈ।

ਇਹ ਸਾਡੇ ਲੋਕਾਂ ਦੀ ਬਦਕਿਸਮਤੀ ਹੀ ਹੈ ਕਿ ਉਨ੍ਹਾਂ ਨਾਲ ਜੁੜੇ ਇਸ ਮਹੱਤਵਪੂਰਨ ਮੁੱਦੇ ਨੂੰ ਲਗਾਤਾਰ ਵਿਸਾਰਿਆ ਜਾ ਰਿਹਾ ਹੈ। ਹੋਰ ਵੀ ਖ਼ਤਰਨਾਕ ਰੁਝਾਨ ਇਹ ਹੈ ਕਿ ਇਸ ਮਾਮਲੇ ’ਤੇ ਸੌੜੀ ਸਿਆਸਤ ਖੇਡੀ ਜਾ ਰਹੀ ਹੈ ਜਿਸ ਕਾਰਨ ਇਨ੍ਹਾਂ ਮੁੱਦਿਆਂ ਦਾ ਹੱਲ ਨਹੀਂ ਨਿਕਲ ਰਿਹਾ।

ਅੱਜ ਜਦ ਇਹ ਕਿਹਾ ਜਾ ਰਿਹਾ ਹੈ ਕਿ ਭਾਰਤ ਇਕ ਵਿਕਸਤ ਰਾਸ਼ਟਰ ਬਣੇਗਾ ਉਦੋਂ ਇਸ ਦੀ ਅਣਦੇਖੀ ਨਹੀਂ ਕਰ ਸਕਦੇ ਕਿ ਵਿਕਸਤ ਰਾਸ਼ਟਰ ਬਣਨ ਵਿਚ ਇਕ ਵੱਡਾ ਰੋੜਾ ਨਿਆਂ ਵਿਚ ਦੇਰੀ ਹੈ। ਨਿਆਂ ਵਿਚ ਦੇਰੀ ਦੇ ਜੋ ਤਮਾਮ ਕਾਰਨ ਹਨ, ਉਨ੍ਹਾਂ ’ਚੋਂ ਇਕ ਨਿਆਂਪਾਲਿਕਾ ਦਾ ਭ੍ਰਿਸ਼ਟਾਚਾਰ ਵੀ ਹੈ। ਬਿਹਤਰ ਹੋਵੇਗਾ ਕਿ ਨਿਆਂਪਾਲਿਕਾ ਆਪਣੇ ਤੰਤਰ ਵਿਚ ਮਾੜੇ-ਮੋਟੇ ਬਦਲਾਅ ਕਰਨ ਦੀ ਰੂਪਰੇਖਾ ਤਿਆਰ ਕਰੇ ਅਤੇ ਉਸ ਨੂੰ ਲੈ ਕੇ ਸਰਕਾਰ ਨਾਲ ਵਿਚਾਰ-ਚਰਚਾ ਕਰੇ, ਨਹੀਂ ਤਾਂ ਨਾ ਤਾਂ ਉਸ ਦੀ ਸਾਖ਼ ਵਧਣ ਵਾਲੀ ਹੈ ਅਤੇ ਨਾ ਹੀ ਲੋਕਾਂ ਨੂੰ ਸਮੇਂ ਸਿਰ ਨਿਆਂ ਮਿਲਣ ਵਾਲਾ ਹੈ।

# ਜੱਜਾਂ ਦਾ ਜੱਜ ਕੌਣ ਹੋਵੇ

ਫੈਜ਼ਾਨ ਮੁਸਤਫ਼ਾ

ਦਿੱਲੀ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਜੋ ਚੰਗੇ ਜੱਜ ਦੇ ਤੌਰ ’ਤੇ ਕਾਫ਼ੀ ਜਾਣੇ ਜਾਂਦੇ ਹਨ, ਨੂੰ ਉਨ੍ਹਾਂ ਦੇ ਘਰ ਦੇ ਇੱਕ ਕਮਰੇ ’ਚੋਂ ਸੜੇ ਹੋਏ ਨੋਟ ਮਿਲਣ ਦੀ ਵੀਡੀਓ ਜਾਰੀ ਹੋਣ ਕਰ ਕੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਘਰ ਦੇ ਇਸ ਹਿੱਸੇ ਵਿੱਚ ਅੱਗ ਲੱਗੀ ਸੀ ਤਾਂ ਉਹ ਕਿਤੇ ਬਾਹਰ ਗਏ ਹੋਏ ਸਨ ਅਤੇ ਇਹ ਕਿਹਾ ਜਾ ਰਿਹਾ ਹੈ ਕਿ ਅੱਗ ਬੁਝਾਉਣ ਪੁੱਜੇ ਕਰਮੀਆਂ ਨੇ ਸੜੇ ਹੋਏ ਨੋਟਾਂ ਦੀਆਂ ਦੱਥੀਆਂ ਦੇਖੀਆਂ ਸਨ।

ਚੀਫ ਜਸਟਿਸ ਸੰਜੀਵ ਖੰਨਾ ਦੀ ਅਗਵਾਈ ਹੇਠ ਸੁਪਰੀਮ ਕੋਰਟ ਦੇ ਕੌਲਿਜੀਅਮ ਨੇ ਝਟਪਟ ਕਾਰਵਾਈ ਕਰਦਿਆਂ ਉਹ ਵਿਵਾਦਗ੍ਰਸਤ ਵੀਡੀਓ ਸੁਪਰੀਮ ਕੋਰਟ ਦੀ ਵੈੱਬਸਾਈਟ ਉੱਪਰ ਪਾਉਣ ਦਾ ਫ਼ੈਸਲਾ ਕਰ ਲਿਆ ਅਤੇ ਮਾਮਲੇ ਦੀ ਅੰਦਰੂਨੀ ਜਾਂਚ ਕਰਾਉਣ ਦਾ ਹੁਕਮ ਦੇ ਦਿੱਤਾ। ਇਸੇ ਦੌਰਾਨ ਜਸਟਿਸ ਵਰਮਾ ਨੂੰ ਵਾਪਸ ਅਲਾਹਾਬਾਦ ਹਾਈ ਕੋਰਟ ਭੇਜ ਦਿੱਤਾ ਗਿਆ, ਹਾਲਾਂਕਿ ਉਨ੍ਹਾਂ ਨੂੰ ਕੋਈ ਨਿਆਂਇਕ ਕੰਮਕਾਜ ਨਾ ਦਿੱਤਾ ਗਿਆ।

ਇਨ੍ਹਾਂ ਦੋਸ਼ਾਂ ਨੂੰ ਲੈ ਕੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕੌਲਿਜੀਅਮ ਸਿਸਟਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਾਰੀਆਂ ਸਿਆਸੀ ਪਾਰਟੀਆਂ ਕੌਲਿਜੀਅਮ ਪ੍ਰਣਾਲੀ ਦੇ ਖ਼ਿਲਾਫ਼ ਹਨ ਅਤੇ ਇਸ ਕਰ ਕੇ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ (ਐੱਨਜੇਏਸੀ) ਸੰਵਿਧਾਨ ਸੋਧ ਬਿਲ ਨੂੰ ਲੋਕ ਸਭਾ ਵਿਚ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਸੀ। ਇਹ ਮੋਦੀ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਸੁਧਾਰਾਂ ਦਾ ਪਹਿਲਾ ਵੱਡਾ ਕਦਮ ਸੀ। ਰਾਜ ਸਭਾ ਵਿੱਚ ਇਸ ਬਿਲ ’ਤੇ ਅਸਹਿਮਤੀ ਦਰਜ ਕਰਾਉਣ ਵਾਲੀ ਇਕਮਾਤਰ ਆਵਾਜ਼ ਉੱਘੇ ਵਕੀਲ ਰਾਮ ਜੇਠਮਲਾਨੀ ਦੀ ਸੀ।

ਸਿਆਸੀ ਜਮਾਤ ਸੰਵਿਧਾਨਕ ਅਦਾਲਤਾਂ ਵਿੱਚ ਕੀਤੀਆਂ ਜਾਂਦੀਆਂ ਨਿਆਂਇਕ ਨਿਯੁਕਤੀਆਂ ਵਿੱਚ ਆਪਣੀ ਸੱਦ-ਪੁੱਛ ਕਾਇਮ ਕਰਨਾ ਚਾਹੁੰਦੀ ਹੈ ਅਤੇ ਇਹ ਸਮਝਣ ਲਈ ਕਿਸੇ ਰਾਕੇਟ ਸਾਇੰਸ ਦੀ ਲੋੜ ਨਹੀਂ ਹੈ ਕਿ ਉਹ ਅਜਿਹਾ ਕਿਉਂ ਚਾਹੁੰਦੀ ਹੈ। ਇੱਥੋਂ ਤੱਕ ਕਿ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਵੀ ਬੁੱਧਵਾਰ ਨੂੰ ਰਾਜ ਸਭਾ ਵਿੱਚ ਆਖ ਦਿੱਤਾ ਕਿ ਜੇ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ ਨੂੰ ਸੁਪਰੀਮ ਕੋਰਟ ਵੱਲੋਂ ਰੱਦ ਨਾ ਕੀਤਾ ਗਿਆ ਹੁੰਦਾ ਤਾਂ ਭ੍ਰਿਸ਼ਟਾਚਾਰ ਦੀਆਂ ਅਜਿਹੀਆਂ ਸਮੱਸਿਆਵਾਂ ਪੈਦਾ ਹੀ ਨਹੀਂ ਹੋਣੀਆਂ ਸਨ।

ਇਹੋ ਜਿਹੇ ਨਤੀਜੇ ਕੱਢ ਲੈਣ ਦੀ ਕੋਈ ਤੁੱਕ ਨਹੀਂ ਬਣਦੀ। ਸਰਕਾਰ ਵਿੱਚ ਜ਼ਿਆਦਾਤਰ ਨਿਯੁਕਤੀਆਂ ਸਰਕਾਰ ਵੱਲੋਂ ਹੀ ਕੀਤੀਆਂ ਜਾਂਦੀਆਂ ਹਨ, ਫਿਰ ਵੀ ਸਭ ਪਾਸੇ ਭ੍ਰਿਸ਼ਟਾਚਾਰ ਦਿਖਾਈ ਦਿੰਦਾ ਹੈ। ਹੋਰ ਤਾਂ ਹੋਰ ਲੋਕ ਸੇਵਾ ਸੰਘ ਕਮਿਸ਼ਨ (ਯੂਪੀਐੱਸਸੀ) ਵੱਲੋਂ ਸਖ਼ਤ ਤੇ ਵਾਜਿਬ ਪ੍ਰਕਿਰਿਆ ਰਾਹੀਂ ਭਰਤੀ ਕੀਤੇ ਜਾਂਦੇ ਸਰਕਾਰੀ ਅਫ਼ਸਰ ਵੀ ਭ੍ਰਿਸ਼ਟਾਚਾਰ ਵਿੱਚ ਗ਼ਲਤਾਨ ਹੋ ਜਾਂਦੇ ਹਨ। ਲੋਕਾਂ ਵੱਲੋਂ ਸਿੱਧੇ ਤੌਰ ’ਤੇ ਚੁਣੇ ਜਾਂਦੇ ਮੋਹਰੀ ਸਿਆਸੀ ਆਗੂ ਨਾ ਕੇਵਲ ਭ੍ਰਿਸ਼ਟਾਚਾਰ ਵਿੱਚ ਸ਼ਾਮਿਲ ਹੁੰਦੇ ਹਨ ਸਗੋਂ ਉਨ੍ਹਾਂ ਨੂੰ ਦੋਸ਼ੀ ਵੀ ਪਾਇਆ ਗਿਆ ਹੈ।

ਇਸ ਕਰ ਕੇ ਪ੍ਰਚੱਲਿਤ ਵਿਵਾਦ ਦੇ ਮੱਦੇਨਜ਼ਰ ਕੌਲਿਜੀਅਮ ਅਤੇ ਨਿਆਂਇਕ ਨਿਯੁਕਤੀਆਂ ਬਾਰੇ ਕਿਸੇ ਵੀ ਤਰ੍ਹਾਂ ਦੀ ਬਹਿਸ ਪ੍ਰਸੰਗਿਕ ਨਹੀਂ ਹੋਵੇਗੀ। ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਕੇਂਦਰੀ ਮੁੱਦਾ ਨਿਆਂਇਕ ਜਵਾਬਦੇਹੀ ਦਾ ਹੈ। ਕੇ ਵੀਰਾਸਵਾਮੀ ਕੇਸ (1991) ਦੇ ਫ਼ੈਸਲੇ ਮੁਤਾਬਿਕ ਜੇ ਸੁਪਰੀਮ ਕੋਰਟ ਦੇ ਕਿਸੇ ਜੱਜ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਦੋਸ਼ ਲੱਗਦਾ ਹੈ ਤਾਂ ਭਾਰਤ ਦੇ ਰਾਸ਼ਟਰਪਤੀ ਵੱਲੋਂ ਭਾਰਤ ਦੇ ਚੀਫ ਜਸਟਿਸ (ਸੀਜੇਆਈ) ਨਾਲ ਸਲਾਹ ਕਰ ਕੇ ਜਾਂਚ ਕਰਾਉਣ ਦਾ ਹੁਕਮ ਜਾਰੀ ਕੀਤਾ ਜਾਵੇਗਾ ਅਤੇ ਜੇ ਦੋਸ਼ ਖ਼ੁਦ ਸੀਜੇਆਈ ਖ਼ਿਲਾਫ਼ ਹੀ ਹੋਣ ਤਾਂ ਰਾਸ਼ਟਰਪਤੀ ਵਲੋਂ ਹੋਰਨਾਂ ਜੱਜਾਂ ਨਾਲ ਸਲਾਹ ਕਰ ਕੇ ਕਾਰਵਾਈ ਕੀਤੀ ਜਾਵੇਗੀ। ਇਸ ਫ਼ੈਸਲੇ ਤੋਂ ਪਹਿਲਾਂ ਕੇਵਲ ਸਰਕਾਰੀ ਅਧਿਕਾਰੀਆਂ ਖ਼ਿਲਾਫ਼ ਹੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਂਦੀ ਸੀ ਨਾ ਕਿ ਜੱਜਾਂ ਖ਼ਿਲਾਫ਼। ਹਾਲ ਹੀ ਵਿੱਚ ਲੋਕਪਾਲ ਜਸਟਿਸ ਏਐੱਮ ਖਾਨਵਿਲਕਰ ਨੇ ਹੁਕਮ ਦਿੱਤਾ ਸੀ ਕਿ ਹਾਈ ਕੋਰਟ ਦੇ ਜੱਜ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ ਪਰ ਸੁਪਰੀਮ ਕੋਰਟ ਨੇ ਝਟਪਟ ਦਖ਼ਲ ਦਿੰਦਿਆਂ ਉਨ੍ਹਾਂ ਦੇ ਹੁਕਮ ’ਤੇ ਰੋਕ ਲਗਾ ਦਿੱਤੀ ਅਤੇ ਜਲਦੀ ਹੀ ਇਸ ਮਾਮਲੇ ’ਤੇ ਸੁਣਵਾਈ ਹੋਣ ਦੀ ਸੰਭਾਵਨਾ ਹੈ। ਬਦਕਿਸਮਤੀ ਨਾਲ, ਮਹਾਦੋਸ਼ ਨੂੰ ਛੱਡ ਕੇ, ਸਾਡੇ ਕੋਲ ਜੱਜਾਂ ਦੇ ਮਾੜੇ ਵਿਹਾਰ ਨੂੰ ਪਰਖਣ ਦੀ ਹੋਰ ਕੋਈ ਕਾਨੂੰਨੀ ਵਿਧੀ ਨਹੀਂ ਹੈ। ਦੋਸ਼ ਕਿਸੇ ਚੀਜ਼ ਤੋਂ ਪ੍ਰੇਰਿਤ ਵੀ ਹੋ ਸਕਦੇ ਹਨ। ਮਦਰਾਸ ਦੇ ਚੀਫ ਜਸਟਿਸ ਪੀਡੀ ਦਿਨਾਕਰਨ ਖ਼ਿਲਾਫ਼ ਮਦਰਾਸ ਬਾਰ ਵੱਲੋਂ ਦੋਸ਼ ਉਦੋਂ ਲਾਏ ਗਏ ਸਨ ਜਦੋਂ ਉਨ੍ਹਾਂ ਦਾ ਨਾਂ ਸੁਪਰੀਮ ਕੋਰਟ ਦੇ ਜੱਜ ਵਜੋਂ ਪ੍ਰਵਾਨ ਕੀਤਾ ਗਿਆ ਸੀ। ਨਿਆਂਇਕ ਮਿਆਰਾਂ ਤੇ ਜਵਾਬਦੇਹੀ ਸਬੰਧੀ ਬਿੱਲ (2010), ਜਿਸ ਨੂੰ ਲੋਕ ਸਭਾ ਨੇ 2012 ਵਿੱਚ ਪਾਸ ਕੀਤਾ ਸੀ, ਨੇ ਇਨ੍ਹਾਂ ਮਸਲਿਆਂ ਦਾ ਹੱਲ ਖੋਜਣ ਦੀ ਕੋਸ਼ਿਸ਼ ਕੀਤੀ, ਪਰ ਬਿੱਲ ਅਖ਼ੀਰ ਰਾਜ ਸਭਾ ਵਿੱਚ ਪਾਸ ਨਹੀਂ ਹੋ ਸਕਿਆ ਤੇ ਲੋਕ ਸਭਾ ਭੰਗ ਹੋਣ ਦੇ ਨਾਲ ਹੀ ਮਿਆਦ ਪੁਗਾ ਗਿਆ। ਕਿਸੇ ਵੀ ਪੱਖ ਤੋਂ ਇਹ ਬਿੱਲ ਜ਼ਿਆਦਾਤਰ ਉਨ੍ਹਾਂ ਮਾਮਲਿਆਂ ਨਾਲ ਜੁੜਿਆ ਹੋਇਆ ਸੀ ਜਿੱਥੇ ਜੱਜ ਉਹ ਕੇਸ ਸੁਣਦਾ ਹੈ ਜਿਸ ਵਿੱਚ ਉਸ ਦਾ ਕੋਈ ਪਰਿਵਾਰਕ ਮੈਂਬਰ ਸ਼ਾਮਿਲ ਹੈ ਜਾਂ ਉਹ ਕਿਸੇ ਵਪਾਰ/ਕਾਰੋਬਾਰ ਵਿੱਚ ਪੈਂਦਾ ਜਾਂ ਸਿਆਸੀ ਸਵਾਲਾਂ ’ਤੇ ਜਨਤਕ ਚਰਚਾ ਆਦਿ ਕਰਦਾ ਹੈ।

ਇੱਕ ਜੱਜ ’ਤੇ ਮਹਾਦੋਸ਼ ਸਾਬਿਤ ਕਰਨ ਦੀ ਆਖ਼ਰੀ ਅਸਫ਼ਲ ਕੋਸ਼ਿਸ਼ 1805 ਵਿੱਚ ਅਮਰੀਕਾ ’ਚ ਹੋਈ ਸੀ ਜਦੋਂ ਸੁਪਰੀਮ ਕੋਰਟ ਦੇ ਜੱਜ ਜਸਟਿਸ ਸੈਮੁਅਲ ਚੇਜ ਨੂੰ ਪ੍ਰਤੀਨਿਧੀ ਸਭਾ ਨੇ ਦੋਸ਼ੀ ਠਹਿਰਾ ਦਿੱਤਾ ਸੀ, ਪਰ ਸੈਨੇਟ ਨੇ ਬਰੀ ਕਰ ਦਿੱਤਾ ਸੀ, ਹਾਲਾਂਕਿ ਹਾਲੇ ਤੱਕ ਕੋਈ 60 ਜੱਜਾਂ ਦੀ ਮਹਾਦੋਸ਼ ਪ੍ਰਕਿਰਿਆ ਤਹਿਤ ਜਾਂਚ ਹੋ ਚੁੱਕੀ ਹੈ।

ਇੰਗਲੈਂਡ ਵਿੱਚ, ਪਿਛਲੇ ਕਰੀਬ ਦੋ ਸੌ ਸਾਲਾਂ ਵਿੱਚ ਕਿਸੇ ਵੀ ਜੱਜ ਨੂੰ ਮਹਾਦੋਸ਼ ਆਰੰਭ ਕੇ ਦੋਸ਼ੀ ਨਹੀਂ ਠਹਿਰਾਇਆ ਗਿਆ। ਭਾਰਤੀ ਸੰਵਿਧਾਨ ਲੋਕਾਂ ਦੀ ਇੱਛਾ ਜਾਂ ਸੰਸਦ ਦੀ ਇੱਛਾ ਤੇ ਸ਼ਕਤੀਸ਼ਾਲੀ ਕਾਰਜਪਾਲਿਕਾ ਦੀ ਮਰਜ਼ੀ ਖ਼ਿਲਾਫ਼ ਵੀ ਜੱਜਾਂ ਦਾ ਬਚਾਅ ਕਰਦਾ ਹੈ। ਇਹ ਕਹਿੰਦਾ ਹੈ ਕਿ ਇੱਕ ਜੱਜ ਨੂੰ ‘‘ਸਾਬਿਤ ਦੁਰਾਚਾਰ ਜਾਂ ਅਯੋਗਤਾ’’ ਦੇ ਅਧਾਰ ਉੱਤੇ ਸੰਸਦ ਦੇ ਦੋਵੇਂ ਸਦਨ ਵੱਲੋਂ ਹੀ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਮਹਾਦੋਸ਼ ਦੀ ਪ੍ਰਕਿਰਿਆ ਬੁਨਿਆਦੀ ਤੌਰ ’ਤੇ ਰਾਜਨੀਤਕ ਪ੍ਰਕਿਰਿਆ ਹੈ ਜਿੱਥੇ ਮੈਂਬਰ ਪਾਰਟੀ ਵ੍ਹਿਪ ਮੁਤਾਬਿਕ ਵੋਟ ਕਰਨ ਦੇ ਪਾਬੰਦ ਹੁੰਦੇ ਹਨ। ਜਸਟਿਸ ਰਾਮਾਸਵਾਮੀ ਖ਼ਿਲਾਫ਼ ਮਹਾਦੋਸ਼ ਮਤਾ 1993 ਵਿੱਚ ਖਾਰਜ ਹੋ ਗਿਆ ਸੀ ਕਿਉਂਕਿ ਕਾਂਗਰਸ ਪਾਰਟੀ ਨੇ ਇਸ ਦੇ ਵਿਰੁੱਧ ਵੋਟ ਕਰਨ ਦਾ ਫ਼ੈਸਲਾ ਕੀਤਾ ਸੀ।

ਭ੍ਰਿਸ਼ਟਾਚਾਰ ਦੇ ਦਰਜਨ ਤੋਂ ਵੱਧ ਕੇਸ ਸਾਹਮਣੇ ਆ ਚੁੱਕੇ ਹਨ ਤੇ ਕੁਝ ਕੇਸ ਜਿਨਸੀ ਸ਼ੋਸ਼ਣ ਦੇ ਵੀ ਹਨ ਪਰ ਅੱਜ ਤੱਕ ਕਿਸੇ ਵੀ ਜੱਜ ’ਤੇ ਮਹਾਦੋਸ਼ ਨਹੀਂ ਚੱਲਿਆ। ਕੁਝ ਵਰ੍ਹੇ ਪਹਿਲਾਂ, ਵਿਰੋਧੀ ਧਿਰ ਨੇ ਤਤਕਾਲੀ ਚੀਫ ਜਸਟਿਸ (ਸੀਜੇਆਈ) ਦੀਪਕ ਮਿਸ਼ਰਾ ਖ਼ਿਲਾਫ਼ ਮਹਾਦੋਸ਼ ਚਲਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਇਸ ਵਾਰ ਭਾਜਪਾ ਨੇ ਜੱਜ ਦਾ ਬਚਾਅ ਕੀਤਾ। ਤਤਕਾਲੀ ਰਾਜ ਸਭਾ ਚੇਅਰਮੈਨ ਵੈਂਕਈਆ ਨਾਇਡੂ (ਸਾਬਕਾ ਭਾਜਪਾ ਪ੍ਰਧਾਨ) ਨੇ ਕ੍ਰਿਸ਼ਨਾ ਸਵਾਮੀ (1993) ਕੇਸ ਵਿਚ ਘੱਟਗਿਣਤੀ ਰਾਇ ’ਤੇ ਨਿਰਭਰ ਹੁੰਦਿਆਂ ਮਹਾਦੋਸ਼ ਦਾ ਮਤਾ ਸ਼ੁਰੂਆਤੀ ਪੱਧਰ ’ਤੇ ਹੀ ਰੱਦ ਕਰ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ ਦੇ ਕੇਸਾਂ ਵਿੱਚ ਇਸ ਤਰ੍ਹਾਂ ਦੇ ਮਤੇ ਉਦੋਂ ਹੀ ਸਵੀਕਾਰੇ ਜਾਂਦੇ ਸਨ, ਜਦੋਂ ਉਹ 50 ਰਾਜ ਸਭਾ ਮੈਂਬਰਾਂ ਦੇ ਦਸਤਖ਼ਤਾਂ ਦੀ ਲੋੜੀਂਦੀ ਗਿਣਤੀ ਨਾਲ ਚੇਅਰਮੈਨ ਅੱਗੇ ਰੱਖੇ ਜਾਂਦੇ ਸਨ।

ਜੱਜ ਸਿਰਫ਼ ਭਾਰਤ ਵਿੱਚ ਹੀ ਨਹੀਂ, ਬਲਕਿ ਬਰਤਾਨੀਆ ਤੇ ਅਮਰੀਕਾ ਵਿੱਚ ਵੀ ਉਸ ਵਕਫ਼ੇ ਦੌਰਾਨ ਹੀ ਕੁਰਸੀ ’ਤੇ ਬੈਠਦੇ ਹਨ, ਜਿਸ ਨੂੰ ‘ਚੰਗੇ ਵਿਹਾਰ’ ਵਜੋਂ ਗਿਣਿਆ ਜਾਂਦਾ ਹੈ।

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸ਼ਬਦ ‘ਦੁਰਾਚਾਰ’ ਪ੍ਰਸੰਗਿਕ ਅਵਸਥਾ ਹੈ ਤੇ ਇਹ ‘ਗ਼ਲਤ ਵਤੀਰੇ ਜਾਂ ਅਨੁਚਿਤ ਵਿਹਾਰ’ ਦਾ ਸੰਕੇਤ ਹੈ। ਭ੍ਰਿਸ਼ਟਾਚਾਰ ਜਾਂ ਜਿਨਸੀ ਛੇੜਛਾੜ ਦਾ ਕੋਈ ਵੀ ਦੋਸ਼, ਜੇ ਸਾਬਿਤ ਹੁੰਦਾ ਹੈ ਤਾਂ ਬਿਲਕੁਲ ਇਹ ‘ਦੁਰਾਚਾਰ’ ਹੋਵੇਗਾ ਅਤੇ, ਇਸ ਤਰ੍ਹਾਂ ਮਹਾਦੋਸ਼ ਦਾ ਆਧਾਰ ਬਣੇਗਾ। ਵਰਤਮਾਨ ’ਚ, ਜੇ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਇੱਕ ਜੱਜ ਵਿਰੁੱਧ ਸ਼ਿਕਾਇਤ ਆਉਂਦੀ ਹੈ ਤਾਂ ਭਾਰਤ ਦਾ ਚੀਫ ਜਸਟਿਸ ਦੋਸ਼ਾਂ ਦੀ ਪੜਤਾਲ ਲਈ ਅੰਦੂਰਨੀ ਕਮੇਟੀ ਬਣਾਉਂਦਾ ਹੈ।

ਪਰ ਜੇ ਦੋਸ਼ ਸਾਬਿਤ ਵੀ ਹੋ ਜਾਣ ਤਾਂ ਵੀ ਭਾਰਤ ਦੇ ਚੀਫ ਜਸਟਿਸ ਜਾਂ ਰਾਸ਼ਟਰਪਤੀ ਕੋਲ ਸਬੰਧਿਤ ਜੱਜ ਨੂੰ ਚਿਤਾਵਨੀ ਦੇਣ, ਨਿੰਦਾ ਕਰਨ, ਉਸ ਦੀਆਂ ਇੰਕਰੀਮੈਂਟਾਂ ਰੋਕਣ ਜਾਂ ਮੁਅੱਤਲ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਵੱਧ ਤੋਂ ਵੱਧ ਉਹ ਉਸ ਜੱਜ ਤੋਂ ਨਿਆਂਇਕ ਕੰਮਕਾਜ ਵਾਪਸ ਲੈ ਸਕਦੇ ਹਨ। ਅੰਦਰੂਨੀ ਜਾਂਚ ਦੀ ਪ੍ਰਕਿਰਿਆ ਚੀਫ ਜਸਟਿਸ ਵੱਲੋਂ ਹੀ ਸ਼ੁਰੂ ਕੀਤੀ ਜਾ ਸਕਦੀ ਹੈ। ਜੇ ਦੋਸ਼ ਖ਼ੁਦ ਚੀਫ ਜਸਟਿਸ ਖ਼ਿਲਾਫ਼ ਲੱਗੇ ਹੋਣ ਤਾਂ ਉਸ ਸੂਰਤ ਵਿੱਚ ਕਾਨੂੰਨ ਪੂਰੀ ਤਰ੍ਹਾਂ ਖਾਮੋਸ਼ ਹੈ। ਇਨ੍ਹਾਂ ਛੋਟੇ-ਮੋਟੇ ਉਪਾਵਾਂ ਦੀ ਸਮੱਸਿਆ ਇਹ ਹੈ ਕਿ ਇਸ ਕਿਸਮ ਦੀ ਚਿਤਾਵਨੀ ਜਾਂ ਨਿੰਦਾ ਦਾ ਪਾਤਰ ਬਣੇ ਜੱਜ ਲਈ ਕਿਸੇ ਮਾਮਲੇ ’ਤੇ ਸੁਣਵਾਈ ਕਰਨੀ ਔਖੀ ਹੋ ਜਾਵੇਗੀ। ਲਿਹਾਜ਼ਾ ਬਿਹਤਰ ਇਹੀ ਹੈ ਕਿ ਗ਼ਲਤੀ ਨਾਲੋਂ ਸਾਵਧਾਨੀ ਵਰਤ ਲਈ ਜਾਵੇ।


SANDEEP NANGAL
AMBIAN KABADDI CLUB
BAY AREA, CALIFORNIA 2025
LEGENDS NEVER DIE
SANDEEP NANGAL AMBIAN KABADDI CLUB
BAY AREA, CA
GAKHAL
GROUP
GAKHAL GROUP
DIAMOND SPONSORS
OF OUR SANDEEP NANGAL AMBIAN KABADDI CLUB
DIAMOND
SPONSOR
SANDEEP NANGAL
AMBIAN KABADDI CLUB
BAY AREA, CALIFORNIA 2025
DESIGN BY BALJIT RURKA